11ਵੇਂ ਸਾਲ 'ਚ ਪ੍ਰਵੇਸ਼

ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -7
May 25, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


## ਟੈਕਸਾਸ ਗੋਲੀਬਾਰੀ 'ਤੇ ਬਾਇਡਨ ਨੇ ਕਿਹਾ, ਐਲਾਨ ਨਹੀਂ, ਹੁਣ ਐਕਸ਼ਨ ਦਾ ਸਮਾਂ





**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਟੈਕਸਾਸ ਵਿੱਚ ਇੱਕ ਸਕੂਲ ਵਿੱਚ ਹੋਈ ਗੋਲੀਬਾਰੀ ਵਿੱਚ 19 ਬੱਚਿਆਂ ਸਮੇਤ 21 ਦੀ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਅਮਰੀਕੀ ਸੁਰੱਖਿਆ ਵਿਭਾਗ ਦਹਿਸ਼ਤ ਵਿੱਚ ਹੈ। ਜਾਣਕਾਰੀ ਮੁਤਾਬਕ ਪੁਲਿਸ ਦੀ ਜਵਾਬੀ ਕਾਰਵਾਈ ਦੌਰਾਨ ਸ਼ੂਟਰ ਮਾਰਿਆ ਗਿਆ ਹੈ। ਇਹ ਜਾਣਕਾਰੀ ਟੈਕਸਾਸ ਦੇ ਗਵਰਨਰ ਗ੍ਰੇਗ ਐਬਾਟ ਨੇ ਦਿੱਤੀ ਹੈ। ਗਵਰਨਰ ਨੇ ਇਸ ਘਟਨਾ ਨੂੰ ਟੈਕਸਾਸ ਦੇ ਇਤਿਹਾਸ ਦੀ ਸਭ ਤੋਂ ਵੱਡੀ ਗੋਲੀਬਾਰੀ ਦੱਸਿਆ। ਇਸ ਦੇ ਨਾਲ ਹੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਖੁੱਲ੍ਹਾ ਸੱਦਾ ਦਿੱਤਾ ਹੈ ਕਿ ਕਿਸੇ ਵੀ ਹਮਲਾਵਰ ਨੂੰ ਛੱਡਿਆ ਨਹੀਂ ਜਾਵੇਗਾ ਅਤੇ ਹੁਣ ਕੋਈ ਗੱਲਬਾਤ ਨਹੀਂ ਹੋਵੇਗੀ, ਸਿਰਫ਼ ਕਾਰਵਾਈ ਹੋਵੇਗੀ। ਰਾਸ਼ਟਰਪਤੀ ਨੇ ਮੰਗਲਵਾਰ ਨੂੰ ਬੰਦੂਕ ਰੱਖਣ 'ਤੇ ਨਵੀਆਂ ਪਾਬੰਦੀਆਂ ਦਾ ਐਲਾਨ

(ਬਾਕੀ ਸਫਾ 4 'ਤੇ)




**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ :**
**"ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ"**
(ਸਬੰਧਤ ਲੇਖ ਦੇਖੋ ਸਫਾ 6 'ਤੇ)

## ਭਗਵੰਤ ਮਾਨ ਨੇ ਸਿਹਤ ਮੰਤਰੀ ਵਿਜੈ ਸਿੰਗਲਾ ਗ੍ਰਿਫ਼ਤਾਰ ਕਰਾਇਆ



**ਚੰਡੀਗੜ੍ਹ (ਬਿਊਰੋ)–** ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਪੰਜਾਬ ਕੈਬਨਿਟ ਵਿੱਚੋਂ ਬਾਹਰ ਕਰ ਦਿੱਤਾ ਹੈ। ਵਿਜੈ ਸਿੰਗਲਾ ਨੂੰ ਸਿਹਤ ਵਿਭਾਗ ਵੱਲੋਂ ਕੀਤੀ ਜਾਣ ਵਾਲੀ ਖ਼ਰੀਦੋ-ਫਰੋਖ਼ਤ ਲਈ ਇਕ ਫ਼ੀਸਦ ਕਮਿਸ਼ਨ ਮੰਗਣ ਦੇ ਦੋਸ਼ਾਂ ਹੇਠ ਬਰਖਾਸਤ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਵਿਜੈ ਸਿੰਗਲਾ ਦੀ ਭ੍ਰਿਸ਼ਟਾਚਾਰ 'ਚ ਸ਼ਮੂਲੀਅਤ ਬਾਰੇ ਸਾਰੇ ਸਬੂਤ ਮੌਜੂਦ ਹਨ। ਮੁੱਖ ਮੰਤਰੀ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਾ ਕਰਨ ਦੀ ਆਪਣੀ ਨੀਤੀ 'ਤੇ ਦ੍ਰਿੜ੍ਹ ਹੈ। ਪੰਜਾਬ ਪੁਲੀਸ ਦੇ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਨੇ ਡਾ। ਵਿਜੈ ਸਿੰਗਲਾ ਤੇ ਉਸ ਦੇ ਓਐੱਸਡੀ ਪ੍ਰਦੀਪ ਖ਼ਿਲਾਫ਼ ਮੁਹਾਲੀ ਦੇ ਥਾਣਾ ਫੇਜ਼ 8 ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ 8 ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਮੁਲਜ਼ਮਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਡਾ. ਵਿਜੈ ਸਿੰਗਲਾ ਖਿਲਾਫ਼ ਕੇਸ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਨਿਗਰਾਨ ਇੰਜਨੀਅਰ ਰਾਜਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਸ਼ਿਕਾਇਤ ਮੁਤਾਬਕ ਸਿਹਤ ਵਿਭਾਗ ਵੱਲੋਂ 41 ਕਰੋੜ ਰੁਪਏ ਦੇ ਟੈਂਡਰ ਅਲਾਟ ਕੀਤੇ ਜਾਣੇ ਹਨ ਅਤੇ ਮਾਰਚ ਮਹੀਨੇ ਵਿੱਚ 17 ਕਰੋੜ ਰੁਪਏ ਦੇ ਟੈਂਡਰ ਅਲਾਟ ਕੀਤੇ ਗਏ ਸਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਵਿਜੈ ਸਿੰਗਲਾ ਨੇ ਕੁੱਲ 58 ਕਰੋੜ ਰੁਪਏ ਦੇ ਟੈਂਡਰਾਂ ਦਾ 2 ਫ਼ੀਸਦ ਕਮਿਸ਼ਨ 1.16 ਕਰੋੜ ਰੁਪਏ ਦੀ ਮੰਗ ਕੀਤੀ ਸੀ। ਕਮਿਸ਼ਨ ਦੇਣ ਤੋਂ ਇਨਕਾਰ ਕਰਨ 'ਤੇ 10 ਲੱਖ

(ਬਾਕੀ ਸਫਾ 4 'ਤੇ)



**'ਅਮਰੀਕਾ ਦੇ ਮੈਮੋਰੀਅਲ ਡੇਅ ਦਾ ਇਤਿਹਾਸ'**
(ਪ੍ਰੋ. ਐਚ. ਐਸ. ਦਾ ਸਬੰਧਤ ਲੇਖ ਦੇਖੋ ਸਫਾ 17 'ਤੇ)


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਅਮਰੀਕਾ ਦੇ ਸਕੂਲ ਵਿਚ ਅੰਧਾਧੁੰਦ ਗੋਲੀਬਾਰੀ ਵਿੱਚ 19 ਵਿਦਿਆਰਥੀਆਂ ਤੇ ਇਕ ਅਧਿਆਪਕ ਦੀ ਮੌਤ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ 21 ਹੋਈ

## ਰਾਸ਼ਟਰਪਤੀ ਬਾਈਡਨ ਨੇ ਕੀਤੀ ਪੈਰਵਾਈ, ਸ਼ਨੀਵਾਰ ਨੂੰ ਰਾਸ਼ਟਰੀ ਝੰਡਾ ਅੱਧਾ ਝੁਕਿਆ ਰਹੇਗਾ





18 ਸਾਲਾ ਸਾਲਾਵਾਡੋਰ ਰੋਲਾਂਡੋ ਰਾਮੋਸ ਵਜਸਨੇ ਟੈਕਸਸ, ਉਵਾਲਡੇ ਦੇ ਰੌਬ ਐਲੀਮੈਂਟਰੀ ਸਕੂਲ 'ਚ ਕਥਿਤ ਤੌਰ 'ਤੇ ਆਪਣੀ ਦਾਦੀ, 19 ਵਿਦਿਆਰਥੀਆਂ ਅਤੇ 1 ਅਧਿਆਪਕ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

**ਸੈਕਰਾਮੈਂਟੋ 25 ਮਈ (ਹੁਸਨ ਲੜੋਆ ਬੰਗਾ)–** ਟੈਕਸਸ ਦੇ ਇਕ ਐਲਮੈਂਟਰੀ ਸਕੂਲ ਵਿਚ ਇਕ ਸਿਰਫਿਰੇ ਨੌਜਵਾਨ ਨੇ ਅੰਧਾਧੁੰਦ ਗੋਲੀਆਂ ਚਲਾ ਕੇ 19 ਵਿਦਿਆਰਥੀਆਂ ਤੇ ਇਕ ਅਧਿਆਪਕ ਦੀ ਹੱਤਿਆ ਕਰ ਦਿੱਤੀ ਤੇ ਕਈ ਹੋਰ ਜ਼ਖਮੀਆਂ ਵਿਚੋਂ ਮਰਨ ਵਾਲਿਆਂ ਦੀ ਗਿਣਤੀ 21 ਹੋ ਗਈ। ਜਖਮੀਆਂ ਵਿਚੋਂ ਕੁਝ ਦੀ ਹਾਲਤ ਅਜੇ ਵੀ ਗੰਭੀਰ ਦੱਸੀ ਜਾ ਰਹੀ ਹੈ। ਰਾਜ ਦੇ ਇਤਿਹਾਸ ਵਿਚ ਕਿਸੇ ਸਕੂਲ ਵਿਚ ਗੋਲੀਬਾਰੀ ਦੀ ਵਾਪਰੀ ਇਹ ਸਭ ਤੋਂ ਵੱਡੀ ਘਟਨਾ ਹੈ। ਗੋਲੀਬਾਰੀ ਕਾਰਨ ਸਕੂਲ ਵਿਚ ਅਫਰਾ ਤਫਰੀ ਮਚ ਗਈ ਤੇ ਵਿਦਿਆਰਥੀ ਅਤੇ ਅਧਿਆਪਕ ਆਪਣੀ ਜਾਨ ਬਚਾਉਣ ਲਈ ਇਧਰ- ਉਧਰ ਭੱਜਣ ਲੱਗੇ। ਪ੍ਰਾਪਤ ਜਾਣਕਾਰੀ ਅਨੁਸਾਰ ਇਕ 18 ਸਾਲਾਂ ਦਾ ਹਮਲਵਾਰ ਉਵੇਲਡ ਦੇ ਰੌਬ ਐਲੀਮੈਂਟਰੀ ਸਕੂਲ ਵਿਚ ਮੰਗਲਵਾਰ ਨੂੰ ਦੁਪਹਿਰ ਵੇਲੇ ਦਾਖਲ ਹੋਇਆ ਤੇ ਉਸ ਨੇ ਗੋਲੀਆਂ ਚਲਾਉਣ-ੀਆਂ ਸ਼ੁਰੂ ਕਰ ਦਿੱਤੀਆਂ। ਹਮਲਾਵਰ ਓਦੋਂ ਤੱਕ ਗੋਲੀਆਂ ਚਲਾਉਂਦਾ ਰਿਹਾ ਜਦੋਂ ਉਹ ਖੁਦ ਮੌਕੇ 'ਤੇ ਪੁੱਜੀ ਪੁਲਿਸ ਦੀ ਗੋਲੀ ਦਾ ਸ਼ਿਕਾਰ ਨਹੀਂ ਬਣਿਆ।

ਦੋ ਪੁਲਿਸ ਅਫਸਰਾਂ ਦੇ ਵੀ ਗੋਲੀਆਂ ਲੱਗੀਆਂ ਹਨ ਪਰੰਤੂ ਉਨਾਂ ਦੇ ਜ਼ਖਮ ਜਿਆਦਾ ਗੰਭੀਰ ਨਹੀਂ ਹੋਏ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਹਮਲਾਵਰ ਨੇ ਸਕੂਲ ਨੂੰ ਕਿਉਂ ਨਿਸ਼ਾਨਾ ਬਣਾਇਆ ਤੇ ਉਸ ਦੀ ਵਿਦਿਆਰਥੀਆਂ ਤੇ ਅਧਿਆਪਕ ਦੀ ਹੱਤਿਆ ਕਰਨ ਪਿੱਛੇ ਮਕਸਦ ਕੀ ਸੀ। ਇਸ ਬਾਰੇ ਲਾਅ ਇਨਫੋਰਸਮੈਂਟ ਏਜੰਸੀਆਂ ਜਾਂਚ ਕਰਨਗੀਆਂ। ਪੁਲਿਸ ਅਧਿਕਾਰੀਆਂ ਅਨੁਸਾਰ ਹਮਲਾਵਰ ਦੀ ਪਛਾਣ ਸਲਵਾਡੋਰ ਰਾਮੋਸ ਵਜੋਂ ਹੋਈ ਹੈ।

### ਰਾਸ਼ਟਰਪਤੀ ਵਲੋਂ ਘਟਨਾਂ ਦੀ ਪੈਰਵਾਈ

ਟੈਕਸਾਸ ਦੇ ਸਕੂਲ ਵਿਚ ਵਾਪਰੇ ਦੁਖਾਂਤ ਬਾਰੇ ਰਾਸ਼ਟਰਪਤੀ ਜੋ ਬਾਈਡਨ ਨੂੰ ਜਾਣਕਾਰੀ ਦਿੱਤੀ ਗਈ ਹੈ ਤੇ ਜੋ ਬਾਈਡਨ ਇਸ ਘਟਨਾ ਦੀ ਗੰਭੀਰਤਾ ਨਾਲ ਪੈਰਵਾਈ ਕਰ ਰਹੇ ਹਨ। ਵਾਈਟ ਹਾਊਸ ਦੇ ਬੁਲਾਰੇ ਕਾਰੀਨ ਜੀਨ ਪੀਰ ਨੇ ਇਹ ਜਾਣਕਾਰੀ ਆਪਣੇ ਟਵਿਟਰ ਉਪਰ ਦਿੱਤੀ ਹੈ। ਰਾਸ਼ਟਰਪਤੀ ਨੇ ਇਕ ਆਦੇਸ਼ ਵਿਚ ਕਿਹਾ ਹੈ ਕਿ ਮ੍ਰਿਤਕਾਂ ਦੇ ਸਨਮਾਨ ਵਿਚ ਸ਼ਨੀਵਾਰ ਨੂੰ ਰਾਸ਼ਟਰੀ ਝੰਡਾ ਅੱਧਾ ਝੁਕਿਆ ਰਹੇਗਾ। ਇਥੇ ਜਿਕਰਯੋਗ ਹੈ ਕਿ 4 ਸਾਲ ਪਹਿਲਾਂ ਰਾਜ ਦੇ ਹੋਸਟਨ ਖੇਤਰ ਵਿਚ ਸਾਂਟਾ ਹਾਈ ਸਕੂਲ ਵਿਚ ਗੋਲੀਬਾਰੀ ਦੀ ਵੱਡੀ ਘਟਨਾ ਵਾਪਰੀ ਸੀ ਜਿਸ ਵਿਚ 10 ਜਾਨਾਂ ਗਈਆਂ ਸਨ। ਉਂਝ 2012 ਵਿਚ ਕੋਨੈਕਟੀਕਟ ਦੇ ਸੈਂਡੀ ਹੁਕ ਸਕੂਲ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ 20 ਵਿਦਿਆਰਥੀਆਂ ਸਮੇਤ 26 ਲੋਕ ਮਾਰੇ ਗਏ ਸਨ ਜੋ ਅਮਰੀਕਾ ਦੇ ਇਤਿਹਾਸ ਵਿਚ ਕਿਸੇ ਸਕੂਲ ਵਿਚ ਗੋਲੀਬਾਰੀ ਦੀ ਵਾਪਰੀ ਸਭ ਤੋਂ ਵੱਡੀ ਘਟਨਾ ਹੈ। ਉਵੇਲਡ ਸ਼ਹਿਰ ਜਿਥੇ ਇਹ ਗੋਲੀਬਾਰੀ ਦੀ ਘਟਨਾ ਵਾਪਰੀ ਸੈਨ ਐਨਟੋਨੀਓ ਦੇ ਪੱਛਮ ਵਿਚ ਤਕਰੀਬਨ 85 ਮੀਲ ਦੂਰ ਸਥਿੱਤ ਹੈ ਤੇ ਸ਼ਹਿਰ ਦੀ ਆਬਾਦੀ 16000 ਦੇ ਆਸ ਪਾਸ ਹੈ। ਘਟਨਾ ਤੋਂ ਬਾਅਦ ਮਾਪਿਆਂ ਵਿਚ ਵਿਆਪਕ ਰੋਸ ਤੇ ਡਰ ਪਾਇਆ ਜਾ ਰਿਹਾ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਕੁਆਡ ਵੱਲੋਂ ਚੀਨ ਦੀ ਇਕਤਰਫ਼ਾ ਕਾਰਵਾਈ ਦਾ ਵਿਰੋਧ

**ਟੋਕੀਓ–** ਚਾਰ ਮੁਲਕਾਂ ਦੇ ਸਮੂਹ 'ਕੁਆਡ' ਵਿੱਚ ਸ਼ਾਮਲ ਭਾਰਤ, ਆਸਟਰੇਲੀਆ, ਜਾਪਾਨ ਤੇ ਅਮਰੀਕਾ ਦੇ ਆਗੂਆਂ ਨੇ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਤਾਕਤ ਦੇ ਜ਼ੋਰ, ਭੜਕਾਹਟ ਜਾਂ ਫਿਰ ਇਕਤਰਫ਼ਾ ਕਾਰਵਾਈ ਨਾਲ ਮੌਜੂਦਾ ਸਥਿਤੀ ਨੂੰ ਬਦਲਣ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਆਗੂਆਂ ਨੇ ਖਿੱਤੇ ਵਿੱਚ ਚੀਨ ਦੇ ਵਧਦੇ ਹਮਲਾਵਰ ਰੁਖ਼ ਦਰਮਿਆਨ ਕੌਮਾਂਤਰੀ ਨੇਮ ਅਧਾਰਿਤ ਪ੍ਰਬੰਧ ਕਾਇਮ ਰੱਖਣ ਦਾ ਸੰਕਲਪ ਦੁਹਰਾਇਆ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਕੁਆਡ 'ਕੁਝ ਚਿਰ ਲਈ ਸ਼ੁਰੂ ਕੀਤੀ ਗਈ ਪਹਿਲ ਨਹੀਂ ਹੈ, ਬਲਕਿ ਇਸ ਦਾ ਮਕਸਦ ਕਈ ਅਹਿਮ ਕੰਮ ਕਰਨਾ ਹੈ ਤੇ ਸਮੂਹ ਆਪਣੇ ਮਕਸਦ ਨੂੰ ਲੈ ਕੇ ਗੰਭੀਰ ਹੈ। ਕੁਆਡ ਮੁਲਕਾਂ ਨੇ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਉਤਪਾਦਕਤਾ ਤੇ ਖ਼ੁਸ਼ਹਾਲੀ ਵਧਾਉਣ ਲਈ ਬੁਨਿਆਦੀ ਢਾਂਚੇ 'ਤੇ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਸਹਿਮਤੀ ਜਤਾਈ। ਆਗੂਆਂ ਨੇ ਕਿਹਾ ਕਿ ਇਸ ਟੀਚੇ ਦੀ ਪੂਰਤੀ ਲਈ 'ਕੁਆਡ' ਅਗਲੇ ਪੰਜ ਸਾਲਾਂ ਵਿੱਚ ਹਿੰਦ-ਪ੍ਰਸ਼ਾਂਤ ਵਿੱਚ 50 ਅਰਬ ਅਮਰੀਕੀ ਡਾਲਰ ਤੋਂ ਵਧ ਦੀ ਬੁਨਿਆਦੀ ਢਾਂਚਾ ਸਹਾਇਤਾ ਤੇ ਨਿਵੇਸ਼ ਦਾ ਵਿਸਥਾਰ ਕਰਨ ਦੀ ਕੋਸ਼ਿਸ਼ ਕਰੇਗਾ।

ਕੁਆਡ ਸਮੂਹ ਦੇ ਆਗੂਆਂ ਦੀ ਦੂਜੀ ਪ੍ਰਤੱਖ ਬੈਠਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਸਦਰ ਜੋਅ ਬਾਇਡਨ, ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਤੇ ਆਸਟਰੇਲੀਆ ਦੇ ਨਵੇਂ ਚੁਣੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਹਿੰਦ-ਪ੍ਰਸ਼ਾਂਤ ਖਿੱਤੇ ਦੇ ਘਟਨਾਕ੍ਰਮ ਅਤੇ ਸਾਂਝੇ ਹਿੱਤਾਂ ਨਾਲ ਜੁੜੇ ਆਲਮੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ। ਸ੍ਰੀ ਮੋਦੀ ਨੇ ਕੁਆਡ ਆਗੂਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਸਮੂਹ ਦੇ ਮੈਂਬਰ ਮੁਲਕਾਂ ਦਰਮਿਆਨ ਆਪਸੀ ਵਿਸ਼ਵਾਸ ਤੇ ਦ੍ਰਿੜ ਸੰਕਲਪ ਨਾ ਸਿਰਫ਼ ਜਮਹੂਰੀ ਤਾਕਤਾਂ ਨੂੰ ਨਵੀਂ ਊਰਜਾ ਦੇ ਰਿਹਾ ਹੈ, ਬਲਕਿ ਆਜ਼ਾਦ, ਖੁੱਲ੍ਹੇ ਤੇ ਸੰਮਲਿਤ ਹਿੰਦ-ਪ੍ਰਸ਼ਾਂਤ ਖਿੱਤੇ ਦੀ ਸਥਾਪਨਾ ਨੂੰ ਵੀ ਹੱਲਾਸ਼ੇਰੀ ਦੇ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਆਡ ਹਿੰਦ-ਪ੍ਰਸ਼ਾਂਤ ਖਿੱਤੇ ਲਈ ਰਚਨਾਤਮਕ ਏਜੰਡੇ ਨਾਲ ਅੱਗੇ ਵੱਧ ਰਿਹਾ ਹੈ, ਜਿਸ ਨਾਲ 'ਕੁੱਲ ਆਲਮ ਦੇ ਭਲੇ ਦੀ ਦਿਸ਼ਾ ਵਿੱਚ ਕੰਮ ਕਰਨ ਵਾਲੀ ਤਾਕਤ' ਦੇ ਰੂਪ ਵਿੱਚ ਇਸ ਦੀ ਦਿੱਖ ਹੋਰ ਮਜ਼ਬੂਤ



ਹੋਵੇਗੀ। ਅਮਰੀਕੀ ਸਦਰ ਬਾਇਡਨ ਨੇ ਕਿਹਾ ਕਿ ਕੁਆਡ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ ਤੇ ਚਾਰ ਮੁਲਕੀ ਸਮੂਹ ਦਾ ਮਤਲਬ 'ਕਾਰੋਬਾਰ' ਹੈ। ਉਨ੍ਹਾਂ ਕਿਹਾ ਕਿ ਕੁਆਡ ਮੈਂਬਰ ਮੁਲਕਾਂ ਦੇ ਚਾਰ ਆਗੂ ਰਣਨੀਤਕ ਪੱਖੋਂ ਅਹਿਮ ਹਿੰਦ-ਪ੍ਰਸ਼ਾਂਤ ਖਿੱਤੇ ਲਈ ਚੀਜ਼ਾਂ ਦਰੁਸਤ ਕਰਨ ਦੇ ਇਰਾਦੇ ਨਾਲ ਇਥੇ ਆਏ ਹਨ। ਬਾਇਡਨ ਨੇ ਆਪਣੇ ਸੰਬੋਧਨ ਵਿੱਚ ਯੂਕਰੇਨ 'ਤੇ ਕੀਤੇ ਹਮਲੇ ਲਈ ਰੂਸ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਮਾਸਕੋ ਸਭਿਆਚਾਰ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਬਾਇਡਨ ਨੇ ਸਿਖਰ ਵਾਰਤਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦਿਆਂ ਕਿਹਾ ਕਿ 'ਤੁਹਾਨੂੰ ਮੁੜ ਵੇਖਣਾ ਸ਼ਾਨਦਾਰ ਹੈ।' ਬਾਇਡਨ ਨੇ ਕਿਹਾ ਕਿ ਰੂਸ ਜਿੰਨਾ ਚਿਰ ਯੂਕਰੇਨ ਖਿਲਾਫ਼ ਜੰਗ ਜਾਰੀ ਰੱਖੇਗਾ, ਅਮਰੀਕਾ ਆਪਣੇ ਭਾਈਵਾਲਾਂ ਨਾਲ ਕੰਮ ਕਰਦਾ ਰਹੇਗਾ। ਆਸਟਰੇਲੀਆ ਦੇ ਨਵੇਂ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੁਆਡ ਮੁਲਕਾਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ, ''ਮੇਰੀ ਸਰਕਾਰ ਆਰਥਿਕ, ਸਾਈਬਰ, ਊਰਜਾ, ਸਿਹਤ ਤੇ ਵਾਤਾਵਰਨ ਸੁਰੱਖਿਆ ਜਿਹੇ ਮੁੱਦਿਆਂ ਰਾਹੀਂ ਹਿੰਦ-ਪ੍ਰਸ਼ਾਂਤ ਖਿੱਤੇ ਨੂੰ ਵਧੇਰੇ ਮਜ਼ਬੂਤ ਬਣਾਉਣ ਨੂੰ ਤਰਜੀਹ ਦੇਵੇਗੀ।'' ਉਨ੍ਹਾਂ ਕਿਹਾ ਕਿ ਆਸਟਰੇਲੀਆ ਅਗਲੇ ਸਾਲ ਕੁਆਡ ਸਿਖਰ ਵਾਰਤਾ ਦੀ ਮੇਜ਼ਬਾਨੀ ਗਰੇਗਾ। ਜਪਾਨ ਦੇ ਪ੍ਰਧਾਨ ਮੰਤਰੀ ਕਿਸ਼ਿਦਾ ਨੇ ਕਿਹਾ ਕਿ ਰੂਸ ਵੱਲੋਂ ਯੂਕਰੇਨ 'ਤੇ ਕੀਤੀ ਚੜ੍ਹਾਈ ਯੂਐੱਨ ਚਾਰਟਰ ਦੇ ਸਿਧਾਂਤਾਂ ਦੀ ਖਿਲਾਫ਼ਵਰਜ਼ੀ ਹੈ। ਉਨ੍ਹਾਂ ਕਿਹਾ, ''ਅਸੀਂ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਅਜਿਹੀਆਂ ਘਟਨਾਵਾਂ ਦੀ ਇਜਾਜ਼ਤ ਨਹੀਂ ਦੇ ਸਕਦੇ।'' ਮੀਟਿੰਗ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਕੁਆਡ ਆਗੂਆਂ ਨੇ ਕਿਹਾ, ''ਅਸੀਂ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਮੌਜੂਦ ਸਥਿਤੀ ਨੂੰ ਬਦਲਣ ਲਈ ਤਾਕਤ ਦੇ ਜ਼ੋਰ 'ਤੇ, ਭੜਕਾਊ ਜਾਂ ਫਿਰ ਇਕਤਰਫ਼ਾ ਕਾਰਵਾਈ ਦਾ ਜ਼ੋਰਦਾਰ ਵਿਰੋਧ ਕਰਦੇ ਹਾਂ। ਇਸ ਵਿੱਚ ਵਿਵਾਦਿਤ ਚੀਜ਼ਾਂ ਦਾ ਫੌਜੀਕਰਨ, ਸਾਹਿਲਾਂ ਦੀ ਰੱਖਿਆ ਲਈ ਬੇੜਿਆਂ ਤੇ ਸਾਗਰੀ ਮਿਲੀਸ਼ੀਆ ਦੀ ਖ਼ਤਰਨਾਕ ਵਰਤੋਂ, ਦੂਜੇ ਮੁਲਕਾਂ ਦੇ ਸਾਹਿਲੀ ਸਰੋਤਾਂ ਦੀ ਵਰਤੋਂ ਜਿਹੀਆਂ ਸਰਗਰਮੀਆਂ 'ਚ ਅੜਿੱਕਾ ਪਾਉਣਾ ਸ਼ਾਮਲ ਹਨ।'' ਕੁਆਡ ਆਗੂਆਂ ਨੇ ਕਿਹਾ ਕਿ ਉਹ ਕੌਮਾਂਤਰੀ ਕਾਨੂੰਨਾਂ ਦੀ ਪਾਲਣਾ ਕਰਨ ਦੇ ਹਮਾਇਤੀ ਹਨ, ਜਿਵੇਂ ਕਿ ਸਾਗਰੀ ਕਾਨੂੰਨ ਨੂੰ ਲੈ ਕੇ ਸਾਂਝੇ ਕਰਾਰ (ਯੂਐੱਨਸੀਐੱਲਓਐੱਸ) ਵਿੱਚ ਦਰਸਾਇਆ ਗਿਆ ਹੈ। ਕਾਬਿਲੇਗੌਰ ਹੈ ਕਿ ਇਹ ਸਿਖਰ ਵਾਰਤਾ ਅਜਿਹੇ ਮੌਕੇ ਹੋ ਰਹੀ ਹੈ ਜਦੋਂ ਚੀਨ ਅਤੇ ਕੁਆਡ ਮੈਂਬਰ ਮੁਲਕਾਂ ਦਰਮਿਆਨ ਰਿਸ਼ਤਿਆਂ 'ਚ ਕਸ਼ੀਦਗੀ ਸਿਖਰ 'ਤੇ ਹੈ। ਆਗੂਆਂ ਨੇ ਅਤਿਵਾਦ ਤੇ ਇਸ ਦੇ ਵੱਖ ਵੱਖ ਰੂਪਾਂ ਦੀ ਸਾਫ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ 26/11 ਮੁੰਬਈ ਤੇ ਪਠਾਨਕੋਟ ਹਮਲੇ ਸਣੇ ਦਹਿਸ਼ਤੀ ਹਮਲਿਆਂ ਨੂੰ ਜੰਮ ਕੇ ਭੰਡਿਆ, ਜਿਨ੍ਹਾਂ ਪਿੱਛੇ ਪਾਕਿਸਤਾਨ ਆਧਾਰਿਤ ਦਹਿਸ਼ਤੀ ਸਮੂਹਾਂ ਦਾ ਹੱਥ ਸੀ। ਕੁਆਡ ਆਗੂਆਂ ਨੇ ਜ਼ੋਰ ਦੇ ਕੇ ਆਖਿਆ ਕਿ ਦਹਿਸ਼ਤੀ ਕਾਰਵਾਈ ਨੂੰ ਕਿਸੇ ਵੀ ਆਧਾਰ 'ਤੇ ਨਿਆਂਸੰਗਤ ਨਹੀਂ ਠਹਿਰਾਇਆ ਜਾ ਸਕਦਾ। ਇਕ ਸਾਂਝੇ ਬਿਆਨ ਵਿੱਚ ਕੁਆਡ ਆਗੂਆਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮਤਾ ਨੰਬਰ 2593 (2021) ਦੀ ਤਾਈਦ ਕੀਤੀ, ਜੋ ਇਹ ਮੰਗ ਕਰਦਾ ਹੈ ਕਿ ਅਫ਼ਗਾਨ ਸਰਜ਼ਮੀਨ ਨੂੰ ਕਿਸੇ ਹੋਰ ਮੁਲਕ ਖਿਲਾਫ਼ ਹਮਲੇ ਜਾਂ ਦਹਿਸ਼ਗਰਦਾਂ ਨੂੰ ਸਿਖਲਾਈ ਜਾਂ ਪਨਾਹ ਦੇਣ ਜਾਂ ਦਹਿਸ਼ਤੀ ਹਮਲਿਆਂ ਲਈ ਵਿੱਤ ਜੁਟਾਉਣ ਵਜੋਂ ਨਹੀਂ ਵਰਤਿਆ ਜਾ ਸਕਦਾ।

# ਤਿੰਨ ਮਹੀਨੇ ਬਾਅਦ ਖਲੀ ਨੇ ਦੱਸਿਆ, ਉਹ ਭਾਜਪਾ 'ਚ ਕਿਉਂ ਹੋਏ ਸ਼ਾਮਲ

**ਨਵੀਂ ਦਿੱਲੀ –** ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣ ਤੋਂ ਲਗਭਗ ਤਿੰਨ ਮਹੀਨੇ ਬਾਅਦ 'ਦਿ ਗ੍ਰੇਟ ਖਲੀ' ਦੇ ਨਾਂ ਨਾਲ ਮਸ਼ਹੂਰ ਪਹਿਲਵਾਨ ਦਲੀਪ ਸਿੰਘ ਰਾਣਾ ਨੇ ਪੀਐੱਮ ਮੋਦੀ ਦੀ ਤਾਰੀਫ ਕੀਤੀ ਹੈ। ਖਲੀ ਨੇ ਸੋਮਵਾਰ ਨੂੰ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਹੀ ਪਾਰਟੀ 'ਚ ਸ਼ਾਮਲ ਹੋਏ ਹਨ। ਨਿਊਜ਼ ਏਜੰਸੀ ਨਾਲ ਗੱਲਬਾਤ ਕਰਦਿਆਂ ਖਲੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਹੋਣ 'ਤੇ ਮਾਣ ਹੈ। ਖਲੀ ਦੀ ਇਹ ਟਿੱਪਣੀ ਕੇਂਦਰੀ ਮੰਤਰੀ ਜਤਿੰਦਰ ਸਿੰਘ ਨਾਲ ਉਨ੍ਹਾਂ ਦੇ ਦਫਤਰ 'ਚ ਮੁਲਾਕਾਤ ਤੋਂ ਬਾਅਦ ਆਈ ਹੈ।

ਖਲੀ ਨੇ ਕਿਹਾ ਕਿ ਮੈਂ ਡਾਕਟਰ ਜਤਿੰਦਰ ਸਿੰਘ ਨੂੰ ਮਿਲਣ ਆਇਆ ਸੀ। ਹੁਣ ਮੈਂ ਵਾਪਸ ਜਾ ਰਿਹਾ ਹਾਂ। ਮੈਂ ਉਸ ਨੂੰ ਮਿਲਣ ਆਇਆ ਸੀ ਕਿਉਂਕਿ ਉਹ ਪਹਾੜੀ ਖੇਤਰ ਦਾ ਹੈ ਅਤੇ ਮੈਂ ਵੀ। ਇਹ ਸਿਰਫ਼ ਇੱਕ ਨਿਯਮਤ ਮੀਟਿੰਗ ਸੀ। ਭਾਜਪਾ 'ਚ ਸ਼ਾਮਲ ਹੋਣ ਬਾਰੇ ਪੁੱਛੇ ਜਾਣ 'ਤੇ ਖਲੀ ਨੇ ਕਿਹਾ ਕਿ ਮੈਨੂੰ ਭਾਜਪਾ 'ਚ ਸ਼ਾਮਲ ਹੋਣ 'ਤੇ ਬਹੁਤ ਮਾਣ ਹੈ। ਮੈਂ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿਚ ਸ਼ਾਮਲ ਹੋਇਆ ਹਾਂ।

ਜਤਿੰਦਰ ਸਿੰਘ ਨਾਲ ਖਲੀ ਦੀ ਮੁਲਾਕਾਤ ਰਸਮੀ ਤੌਰ 'ਤੇ ਭਾਜਪਾ 'ਚ ਸ਼ਾਮਲ ਹੋਣ ਤੋਂ ਲਗਭਗ ਤਿੰਨ ਮਹੀਨੇ ਬਾਅਦ ਹੋਈ ਸੀ। ਉਹ ਫਰਵਰੀ ਦੇ ਦੂਜੇ ਹਫ਼ਤੇ ਜਤਿੰਦਰ ਸਿੰਘ, ਰਾਜ ਸਭਾ ਮੈਂਬਰ ਅਰੁਣ ਸਿੰਘ ਅਤੇ ਲੋਕ ਸਭਾ ਮੈਂਬਰ ਸੁਨੀਤਾ ਦੁੱਗਲ ਦੀ ਮੌਜੂਦਗੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ। ਜ਼ਿਕਰਯੋਗ ਹੈ ਕਿ ਦ ਗ੍ਰੇਟ ਖਲੀ ਨੇ ਡਬਲਯੂਡਬਲਯੂਈ ਯੂਨੀਵਰਸ ਵਿੱਚ ਕਾਫੀ ਪ੍ਰਸਿੱਧੀ ਹਾਸਲ ਕੀਤੀ ਹੈ। ਡਬਲਯੂ ਡਬਲਯੂ ਈ ਵਿੱਚ, ਖਲੀ ਨੇ ਬਤਿਸਤਾ, ਸ਼ੌਨ ਮਾਈਕਲਜ਼ ਅਤੇ ਇੱਥੋਂ ਤੱਕ ਕਿ ਜੌਨ ਸੀਨਾ ਅਤੇ ਕੇਨ ਵਰਗੇ ਪੇਸ਼ੇਵਰ ਪਹਿਲਵਾਨਾਂ ਨਾਲ ਲੜਿਆ। ਉਸਨੂੰ 2021 ਦੇ ੱਓ ਹਾਲ ਆਫ ਫੇਮ ਕਲਾਸ ਵਿੱਚ ਸ਼ਾਮਲ ਕੀਤਾ ਗਿਆ ਸੀ। 7 ਫੁੱਟ 1 ਇੰਚ ਲੰਬਾ ਪਹਿਲਵਾਨ ਖਲੀ ਮੈਕਗ੍ਰਬਰ, ਗੇਟ ਸਮਾਰਟ ਅਤੇ ਦ ਲੌਂਗੈਸਟ ਯਾਰਡ ਵਰਗੀਆਂ ਫਿਲਮਾਂ ਵਿੱਚ ਵੀ ਨਜ਼ਰ ਆ ਚੁੱਕਾ ਹੈ। ਖਲੀ ਨੇ ਇੱਕ ਰੈਸਲਿੰਗ ਸਕੂਲ ਵੀ ਖੋਲ੍ਹਿਆ ਹੈ, ਜਿਸ ਨਾਲ ਭਾਰਤੀ ਸੁਪਰਸਟਾਰਾਂ ਦੀ ਅਗਲੀ ਪੀੜ੍ਹੀ ਨੂੰ ਰਿੰਗ ਲਈ ਤਿਆਰ ਹੋਣ ਵਿੱਚ ਮਦਦ ਮਿਲਦੀ ਹੈ।

ਧਿਆਨ ਯੋਗ ਹੈ ਕਿ ਖਲੀ ਦਾ ਭਾਜਪਾ 'ਚ ਸ਼ਾਮਲ ਹੋਣਾ ਉੱਤਰ ਪ੍ਰਦੇਸ਼ 'ਚ ਪਹਿਲੇ ਪੜਾਅ ਦੀ ਵੋਟਿੰਗ ਵਾਲੇ ਦਿਨ ਹੋਇਆ ਸੀ। ਉਸ ਸਮੇਂ ਭਾਜਪਾ ਚਾਰ ਹੋਰ ਰਾਜਾਂ ਮਣੀਪੁਰ, ਗੋਆ, ਪੰਜਾਬ ਅਤੇ ਉੱਤਰਾਖੰਡ ਵਿੱਚ ਫਰਵਰੀ ਅਤੇ ਮਾਰਚ ਵਿੱਚ ਚੋਣਾਂ ਦੀ ਤਿਆਰੀ ਕਰ ਰਹੀ ਸੀ।

# ਟੈਕਸਾਸ ਗੋਲੀਬਾਰੀ 'ਤੇ ਬਾਇਡਨ ਨੇ ਕਿਹਾ, ਐਲਾਨ ਨਹੀਂ, ਹੁਣ ਐਕਸ਼ਨ ਦਾ ਸਮਾਂ

**(ਸਫਾ 1 ਦੀ ਬਾਕੀ)**

ਵੀ ਕੀਤਾ। ਉਨ੍ਹਾਂ ਨੇ ਭਾਵੁਕ ਭਰੀ ਅਪੀਲ ਨਾਲ ਗੰਨ ਲਾਬੀ ਵਿਰੁੱਧ ਮੁਹਿੰਮ ਸ਼ੁਰੂ ਕਰਨ ਦੀ ਗੱਲ ਵੀ ਕਹੀ। ਤੁਹਾਨੂੰ ਦੱਸ ਦੇਈਏ ਕਿ ਬਾਇਡਨ ਹਾਲ ਹੀ ਵਿੱਚ ਏਸ਼ੀਆ ਦੀ ਪੰਜ ਦਿਨਾਂ ਯਾਤਰਾ ਤੋਂ ਪਰਤੇ ਹਨ, ਜਿਸ ਤੋਂ ਬਾਅਦ ਉਹ ਇਸ ਘਟਨਾ ਤੋਂ ਬਹੁਤ ਦੁਖੀ ਹਨ। ਰੂਜ਼ਵੈਲਟ ਰੂਮ 'ਚ ਪਤਨੀ ਜਿਲ ਬਾਇਡਨ ਨਾਲ ਖੜ੍ਹੇ ਜੋਅ ਬਾਇਡਨ ਨੇ ਕਿਹਾ, 'ਮੈਂ ਹੁਣ ਅਮਰੀਕਾ 'ਚ ਇਹ ਸਾਰੀਆਂ ਘਟਨਾਵਾਂ ਦੇਖ ਕੇ ਥੱਕ ਗਿਆ ਹਾਂ, ਸਾਨੂੰ ਹੁਣ ਕੁਝ ਕਦਮ ਚੁੱਕਣੇ ਪੈਣਗੇ। ਰਾਜ ਦੇ ਇੱਕ ਸੈਨੇਟਰ ਅਨੁਸਾਰ ਗੋਲੀਬਾਰੀ ਵਿੱਚ ਘੱਟੋ-ਘੱਟ 19 ਵਿਦਿਆਰਥੀ ਮਾਰੇ ਗਏ ਹਨ, ਜਦੋਂ ਕਿ ਗੋਲੀਬਾਰੀ ਕਰਨ ਵਾਲਾ ਪੁਲਿਸ ਦੀ ਜਵਾਬੀ ਕਾਰਵਾਈ ਦੌਰਾਨ ਮਾਰਿਆ ਗਿਆ ਹੈ।

ਦੂਜੇ ਪਾਸੇ, ਬਾਇਡਨ ਨੇ ਆਪਣੀ ਯਾਤਰਾ ਤੋਂ ਦੋ ਦਿਨ ਪਹਿਲਾਂ, ਬਫੇਲੋ, ਨਿਊਯਾਰਕ ਵਿੱਚ ਇੱਕ ਕਰਿਆਨੇ ਦੀ ਦੁਕਾਨ ਵਿੱਚ ਗੋਲੀਬਾਰੀ ਵਿੱਚ ਮਾਰੇ ਗਏ 10 ਕਾਲੇ ਲੋਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਕਾਰਵਾਈ ਦੀ ਮੰਗ ਕੀਤੀ। ਪਰ ਪਿੱਛੇ-ਪਿੱਛੇ ਹੋਈ ਗੋਲੀਬਾਰੀ ਨੇ ਅਮਰੀਕਾ ਦੀ ਸੁਰੱਖਿਆ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਰਾਸ਼ਟਰਪਤੀ ਜੋਅ ਬਾਇਡਨ ਨੇ ਘਟਨਾ ਤੋਂ ਬਾਅਦ ਰਾਸ਼ਟਰ ਨੂੰ ਸੰਬੋਧਿਤ ਕੀਤਾ, ਅਮਰੀਕੀਆਂ ਨੂੰ ਬੰਦੂਕ ਕਾਨੂੰਨ ਪਾਸ ਕਰਨ ਲਈ ਬੰਦੂਕ ਲਾਬੀ ਅਤੇ ਕਾਂਗਰਸ ਦੇ ਮੈਂਬਰਾਂ ਲਈ ਇਕੱਠੇ ਖੜ੍ਹੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਮੈਨੂੰ ਉਮੀਦ ਸੀ ਕਿ ਜਦੋਂ ਮੈਂ ਰਾਸ਼ਟਰਪਤੀ ਬਣਿਆ ਤਾਂ ਮੈਨੂੰ ਅਜਿਹਾ ਕਤਲੇਆਮ ਨਹੀਂ ਦੇਖਣਾ ਪਵੇਗਾ।

# ਭਗਵੰਤ ਮਾਨ ਨੇ ਸਿਹਤ ਮੰਤਰੀ ਵਿਜੈ ਸਿੰਗਲਾ ਗ੍ਰਿਫ਼ਤਾਰ ਕਰਾਇਆ

**(ਸਫਾ 1 ਦੀ ਬਾਕੀ)**

ਰੁਪਏ ਦੀ ਮੰਗ ਕੀਤੀ ਤਾਂ ਸੌਦਾ 5 ਲੱਖ ਵਿੱਚ ਤੈਅ ਹੋ ਗਿਆ। ਡਾ. ਸਿੰਗਲਾ ਨੇ ਭਵਿੱਖ ਵਿੱਚ ਵਿਭਾਗ ਵੱਲੋਂ ਅਲਾਟ ਕੀਤੇ ਜਾਣ ਵਾਲੇ ਕੰਮਾਂ ਦਾ ਕਥਿਤ ਇਕ ਫ਼ੀਸਦ ਕਮਿਸ਼ਨ ਦੇਣ ਦੀ ਮੰਗ ਕੀਤੀ। ਸ਼ਿਕਾਇਤਕਰਤਾ ਮੁਤਾਬਕ ਸਿਹਤ ਮੰਤਰੀ ਨੇ ਪਿਛਲੇ ਦਿਨੀਂ ਪੰਜਾਬ ਭਵਨ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਗੱਲਬਾਤ ਲਈ ਸੱਦਿਆ ਸੀ। ਹਾਲਾਂਕਿ ਡਾ। ਵਿਜੈ ਸਿੰਗਲਾ ਜਲਦੀ ਹੀ ਮੀਟਿੰਗ 'ਚੋਂ ਇਹ ਕਹਿ ਕੇ ਚਲੇ ਗਏ ਕਿ ਉਨ੍ਹਾਂ ਕਿਸੇ ਜ਼ਰੂਰੀ ਕੰਮ ਜਾਣਾ ਹੈ ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਸਾਰੀ ਗੱਲਬਾਤ ਉਨ੍ਹਾਂ ਦੇ ਓਐੱਸਡੀ ਪਰਦੀਪ ਕੁਮਾਰ ਕਰਨਗੇ।

ਇਸ ਮਗਰੋਂ ਓਐੱਸਡੀ ਲਗਾਤਾਰ ਵਟਸਐਪ ਕਾਲ ਕਰਕੇ ਅਫ਼ਸਰਾਂ ਨੂੰ ਕਮਿਸ਼ਨ ਪੁੱਜਦੀ ਕਰਨ ਲਈ ਧਮਕਾ ਰਿਹਾ ਸੀ। ਸਿਹਤ ਵਿਭਾਗ ਦੇ ਅਧਿਕਾਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਤੱਕ ਪਹੁੰਚ ਕਰਕੇ ਸਾਰੀ ਜਾਣਕਾਰੀ ਦਿੱਤੀ। ਮੁੱਖ ਮੰਤਰੀ ਨੇ ਉਕਤ ਅਧਿਕਾਰੀ ਨੂੰ ਭਰੋਸੇ ਵਿੱਚ ਲੈਂਦਿਆਂ ਉਕਤ ਮਾਮਲੇ ਸਬੰਧੀ ਪੁਖਤਾ ਸਬੂਤ ਲਿਆਉਣ ਲਈ ਕਿਹਾ। ਉਕਤ ਅਧਿਕਾਰੀ ਨੇ ਸਿਹਤ ਮੰਤਰੀ ਨਾਲ ਗੱਲਬਾਤ ਦੇ ਪੁਖਤਾ ਸਬੂਤ ਮੁੱਖ ਮੰਤਰੀ ਨੂੰ ਦਿੱਤੇ। ਮੁੱਖ ਮੰਤਰੀ ਨੇ ਉਕਤ ਸਬੂਤਾਂ ਦੇ ਆਧਾਰ 'ਤੇ ਜਾਂਚ ਕਰਵਾ ਕੇ ਅੱਜ ਸਿਹਤ ਮੰਤਰੀ ਡਾ ਵਿਜੈ ਸਿੰਗਲਾ ਨੂੰ ਅਹੁਦੇ ਤੋਂ ਹਟਾ ਦਿੱਤਾ। ਡਾ ਵਿਜੈ ਸਿੰਗਲਾ ਖਿਲਾਫ਼ ਐਫ਼ਆਈਆਰ ਅੱਜ ਸਵੇਰੇ ਸਾਢੇ 11 ਵਜੇ ਦਰਜ ਕੀਤੀ ਗਈ ਸੀ ਜਦੋਂਕਿ ਮੁੱਖ ਮੰਤਰੀ ਨੇ ਦੁਪਹਿਰ ਪੌਣੇ ਇਕ ਵਜੇ ਮੰਤਰੀ ਖ਼ਿਲਾਫ਼ ਕਾਰਵਾਈ ਦਾ ਖੁਲਾਸਾ ਕੀਤਾ।


ਪੰਜਾਬ ਵਿਜੀਲੈਂਸ ਬਿਊਰੋ, ਸਟੇਟ ਕਰਾਈਮ ਵਿੰਗ, ਖ਼ੁਫ਼ੀਆ ਵਿੰਗ ਅਤੇ ਸੀਆਈਏ ਸਟਾਫ਼ ਵੀ ਆਪਣੇ ਪੱਧਰ 'ਤੇ ਪੜਤਾਲ ਵਿੱਚ ਜੁੱਟ ਗਏ ਹਨ। ਜਾਂਚ ਅਧਿਕਾਰੀ ਇਸ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਡੂੰਘਾਈ ਨਾਲ ਪੜਤਾਲ ਕਰ ਰਹੇ ਹਨ। ਇਹ ਜਾਂਚ ਮੰਤਰੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਉੱਚ ਅਧਿਕਾਰੀਆਂ ਦੇ ਘਰਾਂ ਤੱਕ ਪਹੁੰਚ ਸਕਦੀ ਹੈ। ਸਿਹਤ ਵਿਭਾਗ ਵੱਲੋਂ ਪੰਜਾਬ ਭਰ ਵਿੱਚ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ, ਕਮਿਊਨਿਟੀ ਹੈਲਥ ਸੈਂਟਰਾਂ ਦੀ ਉਸਾਰੀ ਸਮੇਤ ਹੋਰ ਕੰਮ ਜੰਗੀ ਪੱਧਰ 'ਤੇ ਚਲ ਰਹੇ ਹਨ। ਇਨ੍ਹਾਂ ਸਾਰੇ ਕੰਮਾਂ ਦੇ ਵਰਕ ਆਰਡਰ ਹੁਣ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ। ਇਹ ਕੰਮ ਵੱਖ-ਵੱਖ ਠੇਕੇਦਾਰਾਂ ਨੂੰ ਸੌਂਪੇ ਗਏ ਹਨ ਅਤੇ ਮਾਰਚ ਮਹੀਨੇ ਤਕਰੀਬਨ 17 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਹੈ।

ਉਂਜ ਸਿਹਤ ਵਿਭਾਗ ਵੱਲੋਂ ਕਰੀਬ 58 ਕਰੋੜ ਦੇ ਕੰਮ ਕਰਵਾਏ ਜਾ ਰਹੇ ਹਨ। ਮੰਤਰੀ ਦੇ ਓਐਸਡੀ ਵੱਲੋਂ ਕਮਿਸ਼ਨ ਦੇ ਰੂਪ ਵਿੱਚ 1.16 ਕਰੋੜ ਰੁਪਏ ਦੀ ਮੰਗ ਕੀਤੀ ਜਾ ਰਹੀ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਡੀਓ ਜਾਰੀ ਕਰਦਿਆਂ ਡਾ. ਸਿੰਗਲਾ ਨੂੰ ਕੈਬਨਿਟ ਵਿੱਚੋਂ ਬਾਹਰ ਕਰਨ ਦੀ ਪੁਸ਼ਟੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਇਹ ਮਸਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਤੇ ਮੁਕੰਮਲ ਪੜਤਾਲ ਤੋਂ ਬਾਅਦ ਹੀ ਇਹ ਫ਼ੈਸਲਾ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ, ''ਮੇਰੀ ਸਰਕਾਰ ਰਿਸ਼ਵਤ ਨੂੰ ਬਰਦਾਸ਼ਤ ਨਾ ਕਰਨ ਦੇ ਰਾਹ 'ਤੇ ਚੱਲਦੀ ਰਹੇਗੀ ਅਤੇ ਕਿਸੇ ਨੂੰ ਵੀ, ਚਾਹੇ ਉਹ ਕਿੰਨਾ ਵੀ ਰਸੂਖਦਾਰ ਕਿਉਂ ਨਾ ਹੋਵੇ, ਉਸ ਨੂੰ ਅਜਿਹੀਆਂ ਬੇਨਿਯਮੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।''

ਮਾਨ ਨੇ ਕਿਹਾ ਕਿ ਹੁਣ ਪੰਜਾਬ ਵਿੱਚ ਅਜਿਹੀਆਂ ਕਾਰਵਾਈਆਂ ਬਿਲਕੁਲ ਬਰਦਾਸ਼ਤ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਡਾ. ਸਿੰਗਲਾ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ ਅਤੇ ਹੁਣ ਕਾਨੂੰਨ ਆਪਣਾ ਕੰਮ ਕਰੇਗਾ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਪਹਿਲੀ ਵੱਡੀ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਲ 2015 ਵਿੱਚ ਅਜਿਹੀ ਕਾਰਵਾਈ ਕੀਤੀ ਸੀ, ਜਦੋਂ ਉਨ੍ਹਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਆਪਣੇ ਖੁਰਾਕ ਤੇ ਸਪਲਾਈ ਮੰਤਰੀ ਨੂੰ ਬਰਖਾਸਤ ਕੀਤਾ ਸੀ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਦਾ ਇਰਾਦਾ ਤੇ ਨੀਅਤ ਸਾਫ਼ ਹੈ ਕਿ ਭ੍ਰਿਸ਼ਟ ਕਾਰਵਾਈਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਜੋ ਵੀ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਵੇਗਾ, ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

# ਸਵਰਗੀ ਤਰਸੇਮ ਸਿੰਘ ਟੋਨੀ ਦੀ ਆਤਮਕ ਸ਼ਾਂਤੀ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ




**ਪਿਟਸਬਰਗ (ਬਿਊਰੋ)–** ਤਰਸੇਮ ਸਿੰਘ ਟੋਨੀ ਸਪੁੱਤਰ ਸਾਧੂ ਸਿੰਘ ਸਾਬਕਾ ਸਰਪੰਚ, ਜਿਸ ਦਾ ਜੱਦੀ ਪਿੰਡ ਤੰਦਾਊਰਾਂ (ਜਲੰਧਰ) ਸੀ ਅਤੇ ਲੰਮੇ ਸਮੇਂ ਤੋਂ ਪਿਟਸਬਰਗ (ਕੈਲੇਫੋਰਨੀਆ) ਰਹਿ ਰਿਹਾ ਸੀ। ਤਰਸੇਮ ਸਿੰਘ ਟੋਨੀ ਪਿਛਲੇ ਦਿਨੀ ਇੰਡੀਆ ਗਏ ਸੀ ਜਿੱਥੇ ਉਹ ਅਕਾਲ ਚਲਾਣਾ ਕਰ ਗਏ, ਜੋ ਬੜੀ ਦੁਖਦਾਈ ਘੜੀ ਸੀ, ਪਰਿਵਾਰ ਅਤੇ ਭਾਈਚਾਰੇ ਲਈ। ਉਹ ਆਪਣੇ ਪਿੱਛੇ ਸੁਪਤਨੀ, ਦੋ ਲੜਕੇ ਅਤੇ ਇਕ ਲੜਕੀ ਛੱਡ ਗਏ।

ਦੱਸਿਆ ਜਾਂਦਾ ਹੈ ਕਿ ਤਰਸੇਮ ਸਿੰਘ ਟੋਨੀ ਬਹੁਤ ਹੀ ਚੰਗੇ ਸੁਭਾਅ ਦਾ ਸੀ ਤੇ ਹਮੇਸ਼ਾ ਗੁਰੂ ਘਰ ਦੀ ਰਸੋਈ ਲੰਗਰ ਸੇਵਾ ਵਿਚ ਆਪਣੀਆਂ ਸੇਵਾਵਾਂ ਨਿਭਾਉਂਦਾ ਰਿਹਾ। ਗੁਰੂ ਘਰ ਦੇ ਜਨਰਲ ਸਕੱਤਰ ਅਭਿਸ਼ੇਕ ਨਾਰੇਬਟ ਅਨੁਸਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ 5 ਜੂਨ ਦਿਨ ਐਤਵਾਰ ਨੂੰ ਗੁਰੂ ਘਰ ਵੱਲੋਂ ਸਵਰਗੀ ਤਰਸੇਮ ਸਿੰਘ ਟੋਨੀ ਦੀ ਆਤਮਕ ਸ਼ਾਂਤੀ ਤੇ ਮਗਰ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਤੇ ਪਰਿਵਾਰ ਦੀ ਚੜ੍ਹਦੀਕਲਾ ਲਈ ਸੁਖਮਨੀ ਸਾਹਿਬ ਜੀ ਦਾ ਸਵੇਰੇ 10 ਵਜੇ ਪਾਠ ਰੱਖਿਆ ਜਾਵੇਗਾ ਤੇ ਭੋਗ ਉਪਰੰਤ ਸਵਰਗੀ ਟੋਨੀ ਦੀ ਵਿਛੜੀ ਰੂਹ ਲਈ ਆਤਮਕ ਸ਼ਾਂਤੀ ਲਈ ਭਾਈ ਭੁਪਿੰਦਰ ਸਿੰਘ ਜੀ ਤੇ ਉਹਨਾਂ ਦਾ ਜਥਾ ਸ਼ਬਦ ਗਾਇਨ ਕਰੇਗਾ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਜਾਵੇਗੀ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਕਮੇਟੀ ਵੱਲੋਂ ਸਨਿਮਰ ਬੇਨਤੀ ਹੈ ਕਿ ਇਸ ਦਿਨ ਜ਼ਰੂਰ ਹਾਜਰੀਆਂ ਭਰ ਕੇ ਅਰਦਾਸ ’ਚ ਸ਼ਾਮਲ ਹੋਵੋ ਜੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



ਦੇਸ਼ ਦੁਆਬਾ

## Bahujana Hitaya Bahujana Sukhaya

**Prem K. Chumber Editor-In-Chief:**
**Ambedkar Times & Desh Doaba Weeklies Newspapers**

The history and the contemporary texture and structure of Hindu society are caste ridden. It is basically an exploitative society. What further distinguishes it from rest of the varied forms of exploitations and exploitative social systems is its birth-based-purity-pollution principle of graded caste hierarchy that perpetuates hereditary occupation laced discrimination. Traditionally it draws its sustenance from the Varna system social stratification having its roots in the Hindu Dharmasastras. The most horrible aspect of this India-specific system of social exclusion and exploitation is that it has been able to inculcate in the minds of its victims that the latter are supposed to undergo such discrimination rather willingly as a penance of their bad deeds they have had accumulated in their earlier enumerable low births.

Religion of the Hindus is nothing but a sacred reinforcement of the above obnoxious system of social exclusion of their -inhabitants cursed as ex-Untouchables. However, as far as the hard labour of these lesser human beings and its expropriation is concerned that is welcomed! For centuries no one objected to this inhuman social practice. On the contrary, this inhuman social practice was considered as a normal practice and an integral part of the Hindu social andpolitical order. So much so that the Hindu religious texts were designed to justify such a horrible social muck meticulously.

Tathagat Buddha was the first rational and forceful voice against the Hindu caste system and its consequent system of untouchability. He contested the Hindu system of birth-based social stratification with his new and innovative slogan of Bahujana HitayaBahujanaSukhaya. He took on the Hindu socio-religious system head-on and turned it upside down while coming out with a scientific interpretation of the maladies of the society and its rational ground-based practical solutions. He categorically discarded the supernatural/ extra-worldly/ mythological God/Avatar based Hindu world view. He very politely but equally firmly emphasized on the equality of all Human beings and very strongly rejected the rotten institution of caste. He very strongly advocated that looking after the interests of all would definitely give way to the much desired goal of the welfare of the all.

Tathagat Buddha came out with four noble truths: (a) suffering is an inherent part of existence, (b) the origin of suffering is ignorance and the main symptoms of which are attachment and craving, (c) the cause of suffering can be removed, (d) the way fir its removal is AshtangikaMarga (the eight-fold path). The eight-fold path includes: (1) right understanding, (2) right thought, (3) right speech, (4) right action, (5) right livelihood, (6) right efforts, (7) right mindfulness, and (8) right concentration.

Let us follow Tathagat Buddha's Ashtangika-Marga in properly understanding the real problem of the community and finding its practical solution by bringing everyone on a common platform for furthering the cause of Dalit liberation and empowerment without accusing each other.

Read more www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

### ਗੁਰਗੱਦੀ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ : "ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ"

ਸ਼ਮਸ਼ੇਰ ਸਿੰਘ ਜੇਠੂਵਾਲ



ਅੰਮ੍ਰਿਤਸਰ ਦੀ ਪਵਿੱਤਰ ਧਰਤੀ, ਜਿਸ ਨੂੰ ਗੁਰੂ ਨਗਰੀ ਹੋਣ ਦਾ ਮਾਣ ਪ੍ਰਾਪਤ ਹੈ। ਅੰਮ੍ਰਿਤਸਰ ਤੋਂ ਥੋੜੀ ਹੀ ਦੂਰ ਪਿੰਡ ਹੈ ਗੁਰੂ ਕੀ ਵਡਾਲੀ। ਇਸ ਪਿੰਡ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਪ੍ਰਕਾਸ਼ ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਮੁਤਾਬਕ 19 ਜੂਨ 1595 ਈ ਨੂੰ ਜਨਮ ਲਿਆ। ਇਸੇ ਕਰਕੇ ਉਸ ਨਗਰ ਨੂੰ ਅੱਜ 'ਗੁਰੂ ਕੀ ਵਡਾਲੀ' ਕਿਹਾ ਜਾਂਦਾ ਹੈ।

ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਬਚਪਨ ਤੋਂ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਬਾਣੀ ਪੜ੍ਹਨ ਅਤੇ ਵਿਦਿਆ ਸਿੱਖਣ ਲਈ ਬਾਬਾ ਬੁੱਢਾ ਸਾਹਿਬ ਜੀ ਦੇ ਲੜ ਲਗਾ ਦਿੱਤਾ। ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ। ਸੰਨ 1603 ਵਿਚ (ਗੁਰੂ) ਹਰਗੋਬਿੰਦ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਲਈ ਬਾਬਾ ਬੁੱਢਾ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। ਸ਼ਸਤਰ ਵਿਦਿਆ ਦਾ ਆਪ ਜੀ ਨੂੰ ਬਹੁਤ ਸ਼ੌਕ ਸੀ ਅਤੇ ਜਲਦੀ ਹੀ ਇਸ ਕਲਾ ਵਿਚ ਨਿਪੁੰਨ ਹੋ ਗਏ। ਬਾਬਾ ਬੁੱਢਾ ਜੀ ਆਪ ਜੀ ਨੂੰ ਦੇਖ ਕੇ ਮਹਾਂਬਲੀ ਯੋਧਾ ਨਾਂ ਨਾਲ ਪੁਕਾਰਦੇ ਸਨ।

ਆਪ ਦਾ ਵਿਆਹ ਗੁਰੂ ਮਹਿਲ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂ ਦੇਵੀ (ਮਰਵਾਹੀ) ਨਾਲ ਹੋਇਆ। ਆਪ ਜੀ ਦੇ ਘਰ ਪੰਜ ਪੁੱਤਰਾਂ- ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤੇਗ ਮੱਲ ਜੀ (ਗੁਰੂ ਤੇਗ ਬਹਾਦਰ ਜੀ) ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਨੇ ਜਨਮ ਲਿਆ।

ਜੋ ਸਿੱਖ ਸ਼ਸਤਰ ਜਾਂ ਘੋੜਾ ਗੁਰੂ ਸਾਹਿਬ ਨੂੰ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਮੰਨੇ ਹੋਏ ਪੰਜ ਤਖ਼ਤਾਂ ਵਿਚੋਂ ਪਹਿਲਾ ਸਰਵ-ਉੱਚ ਤਖ਼ਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਉਸਾਰਿਆ। 6 ਸਾਵਣ ਸੰਮਤ 1663, 5 ਜੁਲਾਈ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ, ਜਿਨ੍ਹਾਂ ਵਿਚੋਂ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ :

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੁਰਮਾਇਆ ਕਿ ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-(ਪੀਰੀ) ਤੇ ਸਿਪਾਹੀ (ਰਾਜਸੀ ਤਾਕਤ- ਮੀਰੀ) ਇਕੱਠੇ ਕੰਮ ਕਰਨਗੇ; ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ।

ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਹੋਵੇਗਾ ਬਲਕਿ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ।

1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਕੇ ਆਗਰੇ ਤੋਂ ਪੰਜਾਬ ਆ ਗਿਆ। ਤਿੰਨ ਕੁ ਹਫ਼ਤਿਆਂ ਬਾਅਦ ਉਹ ਦਰਿਆ ਝਨਾਂ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹਿੰਦੀ ਤੇ ਹੋਰ ਕੱਟੜਵਾਦੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

15 ਮਈ 1606 ਦੇ ਆਖ਼ਰੀ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਚਰਚਾ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ 11 ਕੁ ਸਾਲ ਦੀ ਸੀ। ਛੇਵੇਂ ਪਾਤਸ਼ਾਹ ਜੀ ਨੇ ਸੱਤਾ ਦੇ ਅਤਿਆਚਾਰਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਤੇ ਸ਼ਸਤਰ ਗੁਰੂ ਘਰ 'ਚ ਭੇਟ ਕਰਨ ਦੇ ਹੁਕਮਨਾਮੇ ਜਾਰੀ ਕੀਤੇ। ਸਿਖਾਂ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਸੱਤਾ ਦੇ ਮੁਕਾਬਲੇ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਸਿੱਖਾਂ ਨੂੰ ਸ਼ਿਕਾਰ ਅਤੇ ਸ਼ਸਤਰ ਵਿਦਿਆ ਸਿਖਾਉਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਵਰਗੇ ਚੋਣਵੇਂ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ। ਗੁਰੂ ਸਾਹਿਬ ਜੀ ਦੀ ਇਹ ਰੁਚੀ ਦੇਖ ਕੇ ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਕੋਈ ਪੰਜ ਸੌ ਨੌਜਵਾਨ ਆਪ ਦੀ ਸ਼ਰਨ ਵਿਚ ਇਕੱਠੇ ਹੋ ਗਏ। ਕਾਲ ਦੇ ਸਮੇਂ ਮੁਸਲਮਾਨ ਹਕੂਮਤ ਨੇ ਗਰੀਬਾਂ ਦੀ ਬਿਲਕੁਲ ਕੋਈ ਸਾਰ ਨਹੀਂ ਲਈ ਸੀ ਇਸ ਕਰਕੇ ਕਈ ਮੁਸਲਮਾਨ ਭੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫੌਜ ਵਿਚ ਭਰਤੀ ਹੋ ਗਏ।

ਗੁਰੂ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿੱਚ ਜਿੱਤ ਪ੍ਰਾਪਤ ਕੀਤੀ। ਪਹਿਲੀ ਜੰਗ 27 ਸਤੰਬਰ 1621 ਈ: ਨੂੰ ਰੁਹੇਲਾ 'ਤੇ ਹੋਈ, ਜਿਸ ਦਾ ਕਾਰਨ ਉਸ ਇਲਾਕੇ ਦੇ ਚੌਧਰੀ ਭਗਵਾਨ ਦਾਸ ਘੇਰੜ (ਚੰਦੂ ਦਾ ਕੁੜਮ) ਦਾ ਹੰਕਾਰ ਸੀ, ਜੋ ਗੁਰੂ ਜੀ ਦੇ ਜੇਲ੍ਹ ਜਾਣ ਉਪਰੰਤ ਗੁਰੂ ਘਰ ਦੀ ਜ਼ਮੀਨ ਦਾ ਮਾਲਕ ਬਣ ਬੈਠਾ ਸੀ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਦੀ ਚੁੱਕਣਾ 'ਤੇ ਜਲੰਧਰ ਦਾ ਫੌਜਦਾਰ ਅਬਦੁੱਲਾ ਖ਼ਾਨ ਫੌਜ ਸਮੇਤ ਗੁਰੂ ਜੀ 'ਤੇ ਚੜ੍ਹਾਈ ਕਰਕੇ ਆਇਆ ਤੇ ਗੁਰੂ ਜੀ ਨੂੰ ਇਲਾਕਾ ਛੱਡ ਜਾਣ ਲਈ ਕਿਹਾ, ਇਸ ਲੜਾਈ ਵਿੱਚ ਭਗਵਾਨ ਦਾਸ, ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਮਾਰੇ ਗਏ ।

28 ਅਕਤੂਬਰ 1627 ਨੂੰ ਜਹਾਂਗੀਰ ਦੀ ਮੌਤ ਹੋ ਗਈ। ਜਹਾਂਗੀਰ ਦਾ ਪੁੱਤਰ ਬਾਦਸ਼ਾਹ ਸ਼ਾਹਜਹਾਨ ਵੀ ਹੌਲ਼ੀ ਹੌਲ਼ੀ ਮੁਤੱਸਬੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਆ ਗਿਆ।

ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ।

ਗੁਰੂ ਸਾਹਿਬ ਜੀ ਨੇ ਹਰ ਪਾਸੇ ਸਿੱਖੀ ਦਾ ਪਰਚਾਰ ਕੀਤਾ ਅਤੇ ਆਮ ਜਨਤਾ ਨੂੰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਕਢਿਆ। 1635 ਵਿਚ ਦਾਰਾ ਸ਼ਿਕੋਹ ਪੰਜਾਬ ਦਾ ਗਵਰਨਰ ਬਣਿਆ ਅਤੇ ਜੋ ਧਾਰਮਿਕ ਪੱਖ ਤੋਂ ਤੰਗ ਦਿਲ ਨਹੀਂ ਸੀ। ਸੋ 1644 ਤੱਕ ਅਮਨ ਸ਼ਾਂਤੀ ਦੇ ਸਮੇਂ ਸਿੱਖ ਧਰਮ ਦਾ ਪਰਚਾਰ ਜਾਰੀ ਰਿਹਾ। ਅੰਤ ਵੇਲਾ ਨੇੜੇ ਜਾਣਕੇ ਗੁਰੂ ਸਾਹਿਬ ਜੀ ਨੇ ਗੁਰਗੱਦੀ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਸੌਂਪੀ ਅਤੇ 3 ਮਾਰਚ 1644 ਨੂੰ 49 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕੀ ਸੈਨੇਟ ਵੱਲੋਂ ਯੁਕਰੇਨ ਵਾਸਤੇ 40 ਬਿਲੀਅਨ ਡਾਲਰ ਦਾ ਸਹਾਇਤਾ ਪੈਕੇਜ਼ ਪ੍ਰਵਾਨ

**ਸੈਕਰਾਮੈਂਟੋ 20 ਮਈ–**25 ਅਮਰੀਕੀ ਸੈਨੇਟ ਨੇ ਯੁਕਰੇਨ ਲਈ 40 ਬਿਲੀਅਨ ਡਾਲਰ ਤੋਂ ਵਧ ਦੇ ਸਹਾਇਤਾ ਪੈਕੇਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪੈਕੇਜ਼ ਵਿਚ ਮਾਨਵੀ ਸਹਾਇਤਾ ਤੋਂ ਇਲਾਵਾ ਫੌਜੀ ਮੱਦਦ ਸ਼ਾਮਿਲ ਹੈ। ਰਿਪਬਲੀਕਨ ਸੈਨੇਟਰ ਰੈਂਡ ਪਾਲ ਦੇ ਵਿਰੋਧ ਕਾਰਨ ਸਹਾਇਤਾ ਪੈਕੇਜ਼ ਨੂੰ ਹਰੀ ਝੰਡੀ ਦੇਣ ਵਿੱਚ ਕਈ ਦਿਨਾਂ ਦੀ ਦੇਰੀ ਹੋਈ ਹੈ। ਪਾਲ ਨੇ ਇਸ ਪੈਕੇਜ਼ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਅਸੀਂ ਅਜਿਹੇ ਪਾਗਲਾਂ ਵਾਲੇ ਸਹਾਇਤਾ ਪੈਕੇਜ਼ ਬੰਦ ਨਹੀਂ ਕਰਦੇ ਤਾਂ ਇਕ ਦਿਨ ਸਾਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਪਾਲ ਨੂੰ ਛੱਡ ਕੇ ਜਿਆਦਾਤਰ ਰਿਪਬਲੀਕਨਾਂ ਨੇ ਸਹਾਇਤਾ ਪੈਕੇਜ਼ ਪ੍ਰਵਾਨ ਕਰਨ ਵਿੱਚ ਡੈਮੋਕਰੈਟਿਕ ਮੈਂਬਰਾਂ ਦਾ ਸਾਥ ਦਿੱਤਾ। ਰਾਸ਼ਟਰਪਤੀ ਜੋਇ ਬਾਈਡਨ ਦੇ ਦਸਤਖਤਾਂ ਉਪਰੰਤ ਯੁਕਰੇਨ ਨੂੰ ਸਹਾਇਤਾ ਦੇਣ ਲਈ ਰਾਹ ਪੱਧਰਾ ਹੋ ਜਾਵੇਗਾ। ਬਾਈਡਨ ਵੱਲੋਂ ਸ਼ੁਰੂ ਵਿਚ ਕੀਤੀ ਗਈ ਬੇਨਤੀ ਦੀ ਤੁਲਨਾ ਵਿੱਚ ਇਹ ਪੈਕੇਜ਼ 7 ਬਿਲੀਅਨ ਡਾਲਰ ਜਿਆਦਾ ਹੈ। ਪੈਕੇਜ਼ ਤਹਿਤ 20 ਬਿਲੀਅਨ ਡਾਲਰ ਦੇ ਹਥਿਆਰ, ਖੁਫੀਆ ਜਾਣਕਾਰੀ ਤੇ ਸਿਖਲਾਈ ਦਿੱਤੀ ਜਾਵੇਗੀ ਜਦ ਕਿ 14 ਬਿਲੀਅਨ ਡਾਲਰ ਅਨਾਜ਼ ਸਹਾਇਤਾ, ਰਫਿਊਜ਼ੀ ਸਹਾਇਤਾ ਤੇ ਹੋਰ ਕੂਟਨੀਤਿਕ ਪ੍ਰੋਗਰਾਮਾਂ ਉਪਰ ਖਰਚ ਹੋਣਗੇ। ਇਸ ਤੋਂ ਪਹਿਲਾਂ ਮਾਰਚ ਵਿਚ ਸੈਨੇਟ ਨੇ ਯੁਕਰੇਨ ਦੀ ਮੱਦਦ ਲਈ 13।6 ਬਿਲੀਅਨ ਡਾਲਰ ਦੇ ਸਹਾਇਤਾ ਪੈਕੇਜ਼ ਨੂੰ ਪ੍ਰਵਾਨਗੀ ਦਿੱਤੀ ਸੀ। ਪੈਕੇਜ਼ ਉਪਰ ਵੋਟਾਂ ਪੈਣ ਤੋਂ ਪਹਿਲਾਂ ਸੈਨੇਟ ਦੇ ਬਹੁਗਿਣਤੀ ਆਗੂ ਚੁੱਕ ਸ਼ੂਮਰ (ਡੈਮੋਕਰੈਟਿਕ) ਨੇ ਕਿਹਾ ਕਿ ਇਹ ਪੈਕੇਜ਼ ਯੁਕਰੇਨੀ ਲੋਕਾਂ ਲਈ ਵੱਡੀ ਪੱਧਰ ਉਪਰ ਮੱਦਦਗਾਰ ਸਾਬਤ ਹੋਵੇਗਾ ਜੋ ਆਪਣੇ ਆਪ ਨੂੰ ਜਿੰਦਾ ਰਖਣ ਵਾਸਤੇ ਜਦੋਜਹਿਦ ਕਰ ਰਹੇ ਹਨ।

ਉਨਾਂ ਕਿਹਾ ਇਹ ਜੰਗ ਹੈ ਜਿਸ ਤੋਂ ਅਸੀਂ ਮੂੰਹ ਨਹੀਂ ਮੋੜ ਸਕਦੇ। ਡੈਮੋਕਰੈਟਿਕ ਆਗੂ ਸ਼ੂਮਰ ਤੇ ਜੀ ਓ ਪੀ ਲੀਡਰ (ਰਿਪਬਲੀਕਨ) ਮਿਚ ਮੈਕੋਨੈਲ ਨੇ ਇਕ ਅਨੂਠੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸੈਨੇਟ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਹਾਇਤਾ ਪੈਕੇਜ਼ ਦੇ ਹੱਕ ਵਿਚ ਵੋਟ ਪਾਉਣ ਕਿਉਂਕਿ ਪਸ਼ਾਸਨਿਕ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪਹਿਲੀ ਸਹਾਇਤਾ ਇਸ ਹਫਤੇ ਖਤਮ ਹੋ ਜਾਵੇਗੀ। ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਐਨਥਨੀ ਬਲਿੰਕਨ ਤੇ ਰਖਿਆ ਮੰਤਰੀ ਲਾਇਡ ਆਸਟਿਨ ਨੇ ਸਾਂਝੇ ਤੌਰ 'ਤੇ ਪੱਤਰ ਲਿਖ ਕੇ ਸੈਨੇਟ ਨੂੰ ਸਹਾਇਤਾ ਪੈਕੇਜ਼ ਉਪਰ ਤੁਰੰਤ ਕਾਰਵਾਈ ਕਰਨ ਲਈ ਬੇਨਤੀ ਕੀਤੀ ਸੀ।


# ਕੈਲੀਫੋਰਨੀਆ ਦੇ ਜੰਗਲ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਦੋਸ਼ੀ ਨੂੰ 24 ਸਾਲਾਂ ਦੀ ਸਜ਼ਾ



**ਸੈਕਰਾਮੈਂਟੋ 21 ਮਈ–** ਕੈਲੀਫੋਰਨੀਆ ਦੇ ਡੋਲਨ ਖੇਤਰ ਵਿਚ ਜੰਗਲ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਅਦਾਲਤ ਨੇ ਇਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੰਦਿਆਂ 24 ਸਾਲ ਜੇਲ ਦੀ ਸਜ਼ਾ ਸੁਣਾਈ ਹੈ। ਡੋਲਨ ਖੇਤਰ ਵਿਚ ਪਿਛਲੇ ਸਾਲ ਸਤੰਬਰ ਵਿਚ ਲੱਗੀ ਅੱਗ ਵਿਚ ਅਨੇਕਾਂ ਘਰ ਸੜ ਕੇ ਸਵਾਹ ਹੋ ਗਏ ਸਨ , ਕਈ ਜਾਨਵਰ ਮਾਰੇ ਗਏ ਸਨ ਤੇ ਅੱਗ ਬੁਝਾਊ ਅਮਲੇ ਦਾ ਇਕ ਮੈਂਬਰ ਗੰਭੀਰ ਰੂਪ ਵਿਚ ਜਖਮੀ ਹੋ ਗਿਆ ਸੀ। ਮੋਨਟਰੇ ਕਾਊਂਟੀ ਦੇ ਜਿਲਾ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 31 ਸਾਲਾ ਈਵਾਨ ਗੋਮਜ਼ ਨਾਮੀ ਵਿਅਕਤੀ ਨੂੰ ਅੱਗ ਲਾਉਣ ਤੇ ਭੰਗ ਦੀ ਖੇਤੀ ਕਰਨ ਸਮੇਤ 16 ਦੋਸ਼ਾਂ ਤਹਿਤ ਦੋਸ਼ੀ ਪਾਇਆ ਗਿਆ।

ਪੁੱਛਗਿੱਛ ਦੌਰਾਨ ਗੋਮਜ਼ ਨੇ ਮੰਨਿਆ ਸੀ ਕਿ ਉਸ ਨੇ ਗੈਰਕਾਨੂੰਨੀ ਤੌਰ 'ਤੇ ਭੰਗ ਬੀਜੀ ਹੈ ਜਿਸ ਨੂੰ ਨਸ਼ਟ ਕਰਨ ਲਈ ਉਸ ਨੇ ਅੱਗ ਲਾਈ ਸੀ। ਬਾਅਦ ਵਿਚ ਪੁਲਿਸ ਨੇ ਘਟਨਾ ਸਥਾਨ 'ਤੇ ਕੀਤੀ ਜਾਂਚ ਵਿਚ ਦੋਸ਼ੀ ਦੇ ਬਿਆਨ ਨੂੰ ਸਹੀ ਪਾਇਆ ਸੀ। ਗੋਮਜ਼ ਦੇ ਵਕੀਲ ਮੀਸ਼ੈਲ ਬਲੈਟਰ ਨੇ ਕਿਹਾ ਹੈ ਕਿ ਉਹ ਸਜ਼ਾ ਵਿਰੁੱਧ ਅਪੀਲ ਕਰਨਗੇ ਤੇ ਇਸ ਸਬੰਧੀ ਨੋਟਿਸ ਦੇ ਦਿੱਤਾ ਗਿਆ ਹੈ।

# ਅਮਰੀਕੀ ਸਾਈਕਲਿਸਟ ਵਿਲਸਨ ਦੀ ਹੱਤਿਆ ਦਾ ਮਾਮਲਾ ਪਿਆਰ ਕਹਾਣੀ ਨਾਲ ਜੁੜਿਆ



**ਸੈਕਰਾਮੈਂਟੋ 23 ਮਈ–**25 ਸਾਲਾ ਪੇਸ਼ਾਵਰ ਸਾਇਕਲਿਸਟ ਅਨਾ ਮੋਰੀਆਹ ਵਿਲਸਨ ਦੀ ਹੱਤਿਆ ਦਾ ਮਾਮਲਾ ਤਿਕੋਨੀ ਪਿਆਰ ਕਹਾਣੀ ਨਾਲ ਜੁੜ ਗਿਆ ਹੈ ਜਿਸ ਵਿਚ ਵਿਲਸਨ ਤੋਂ ਇਲਾਵਾ ਇਕ ਹੋਰ ਔਰਤ ਤੇ ਇਕ ਮਰਦ ਸ਼ਾਮਿਲ ਹੈ। ਇਹ ਖੁਲਾਸਾ ਆਸਟਿਨ ਪੁਲਿਸ ਨੇ ਕਰਦਿਆਂ ਕਿਹਾ ਹੈ ਕਿ ਆਸਟਿਨ ਨਿਵਾਸੀ ਸਾਇਕਲਿਸਟ 34 ਸਾਲਾ ਔਰਤ ਕੈਟਲਿਨ ਮੈਰੀ ਆਰਮਜਸਟਰਾਂਗ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। 25 ਸਾਲਾ ਵਿਲਸਨ 11 ਮਈ ਨੂੰ ਆਸਟਿਨ (ਟੈਕਸਾਸ) ਵਿਚ ਮੈਪਲ ਐਵਨਿਊ ਵਿਚ ਸਥਿੱਤ ਆਪਣੇ ਘਰ ਵਿਚ ਮ੍ਰਿਤਕ ਮਿਲੀ ਸੀ। ਉਸ ਦਿਨ ਉਹ ਸਨਫਰਾਂਸਿਸਕੋ ਤੋਂ ਉਤਰ ਪੱਛਮੀ ਵਾਕੋ ਵਿਚ ਹਿਕੋ ਵਿਖੇ ਹੋ ਰਹੀ ਸਾਈਕਲ ਦੌੜ ਵਿਚ ਸ਼ਾਮਲ ਹੋਣ ਲਈ ਆਸਟਿਨ ਆਈ ਸੀ। ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਨੂੰ ਇਕ ਵੀਡੀਓ ਮਿਲੀ ਹੈ ਜਿਸ ਵਿਚ ਆਰਮਜਸਟਰਾਂਗ ਇਕ ਵਾਹਣ ਵਿਚ ਸਵਾਰ ਹੋ ਕੇ ਵਿਲਸਨ ਦੇ ਘਰ ਵੱਲ ਜਾ ਰਹੀ ਨਜਰ ਆ ਰਹੀ ਹੈ। ਵਿਲਸਨ ਇਕ ਮਿੰਟ ਪਹਿਲਾਂ ਹੀ ਆਰਮਜਸਟਰਾਂਗ ਦੇ ਦੋਸਤ ਮਰਦ ਸਾਇਕਲਿਸਟ ਕੋਲਿਨ ਸਟਰਿਕਲੈਂਡ ਨਾਲ ਤੈਰਾਕੀ ਕਰਕੇ ਮੁੜੀ ਸੀ। ਪੁਲਿਸ ਅਨੁਸਾਰ ਇਹ ਪਿਆਰ ਕਹਾਣੀ ਪਿਛਲੇ ਸਾਲ ਅਕਤੂਬਰ ਤੋਂ ਸ਼ੁਰੂ ਹੋਈ ਜਦੋਂ ਆਰਮਜਸਟਰਾਂਗ ਤੇ ਸਟਰਿਕਲੈਂਡ ਵਿਚਾਲੇ ਹੋਏ ਮੰਨਮਟਾਵ ਦੌਰਾਨ ਸਟਰਿਕਲੈਂਡ , ਵਿਲਸਨ ਦੇ ਨੇੜੇ ਆ ਗਿਆ ਸੀ ਜਿਸ ਤੋਂ ਆਰਮਜਸਟਰਾਂਗ ਖਿੱਝ ਗਈ ਸੀ। ਇਕ ਮੁਖਬਰ ਨੇ ਪੁਲਿਸ ਨੂੰ ਦੱਸਿਆ ਕਿ ਆਰਮਜਸਟਰਾਂਗ ਨੂੰ ਸਟਰਿਕਲੈਂਡ ਤੇ ਵਿਲਸਨ ਵਿਚਾਲੇ ਸਬੰਧਾਂ ਦਾ ਇਸ ਸਾਲ ਜਨਵਰੀ ਵਿਚ ਪਤਾ ਲੱਗਾ ਸੀ।

ਮੁੱਖਬਰ ਅਨੁਸਾਰ ਆਰਮਜਸਟਰਾਂਗ ਨੇ ਉਸ ਨੂੰ ਦੱਸਿਆ ਸੀ ਕਿ ਉਹ ਵਿਲਸਨ ਨੂੰ ਮਾਰ ਦੇਵੇਗੀ। ਪੁਲਿਸ ਨੇ ਆਰਮਜਸਟਰਾਂਗ ਦੀ 9 ਐਮ ਐਮ ਹੈਂਡਗੰਨ ਬਰਾਮਦ ਕਰ ਲਈ ਹੈ ਜਿਸ ਨੂੰ ਵਿਲਸਨ ਦੀ ਹੱਤਿਆ ਲਈ ਵਰਤਿਆ ਗਿਆ ਸੀ। ਪੁਲਿਸ ਅਨੁਸਾਰ ਇਹ ਇਕ ਵੱਡਾ ਸਬੂਤ ਹੈ। ਫਿਲਹਾਲ ਆਰਮਜਸਟਰਾਂਗ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ ਤੇ ਪੁਲਿਸ ਉਸ ਦੀ ਤਲਾਸ਼ ਕਰ ਰਹੀ ਹੈ। ਯੂ ਐਸ ਮਾਰਸ਼ਲ ਲੋਨ ਸਟਾਰ ਨੇ ਆਰਮਜਸਟਰਾਂਗ ਦੀ ਗ੍ਰਿਫਤਾਰੀ ਲਈ ਆਮ ਲੋਕਾਂ ਨੂੰ ਮੱਦਦ ਕਰਨ ਦੀ ਅਪੀਲੀ ਕੀਤੀ ਹੈ।

# 48 ਸਾਲਾ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਦੀਆਂ ਤਸਵੀਰਾਂ ਜਾਰੀ



**ਸੈਕਰਾਮੈਂਟੋ 20 ਮਈ–** ਨਿਊਯਾਰਕ ਸ਼ਹਿਰ ਦੇ ਪੁਲਿਸ ਵਿਭਾਗ ਨੇ ਲੰਘੇ ਐਤਵਾਰ ਸਬ ਵੇਅ 'ਤੇ ਬਿਨਾਂ ਕਿਸੇ ਕਾਰਨ ਗੋਲੀ ਮਾਰ ਕੇ ਇਕ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਦੀਆਂ ਦੋ ਤਸਵੀਰਾਂ ਜਾਰੀ ਕੀਤੀਆਂ ਹਨ ਤੇ ਦੋਸ਼ੀ ਦੀ ਗ੍ਰਿਫਤਾਰੀ ਲਈ ਆਮ ਲੋਕਾਂ ਕੋਲੋਂ ਮੱਦਦ ਮੰਗੀ ਹੈ। ਪੁਲਿਸ ਕਮਿਸ਼ਨਰ ਕੀਚਾਂਟ ਸੈਵਲ ਨੇ ਇਕ ਟਵੀਟ ਵਿਚ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਸ਼ੱਕੀ ਦੋਸ਼ੀ ਦੀ ਪਛਾਣ ਕਰਨ ਤੇ ਇਸ ਨੂੰ ਕਾਬੂ ਕਰਵਾਉਣ ਵਿੱਚ ਮੱਦਦ ਕਰਨ ਜਿਸ ਨੇ ਇਕ ਦੁੱਖਦਾਈ ਘਟਨਾ ਨੂੰ ਅੰਜਾਮ ਦਿੱਤਾ ਹੈ। ਜਾਰੀ ਤਸਵੀਰਾਂ ਵਿਚ ਦੋਸ਼ੀ ਨੇ ਸਰਜੀਕਲ ਮਾਸਕ, ਚਿੱਟੇ ਬੂਟ ਪਾਏ ਹੋਏ ਹਨ ਤੇ ਉਸ ਦਾ ਰੰਗ ਕਾਲਾ ਹੈ। ਪੁਲਿਸ ਅਨੁਸਾਰ 48 ਸਾਲਾ ਮ੍ਰਿਤਕ ਡੈਨੀਅਲ ਬਰੁੱਕਲਿਨ ਦਾ ਰਹਿਣ ਵਾਲਾ ਸੀ ਤੇ ਜਿਸ ਵੇਲੇ ਉਸ ਦੀ ਛਾਤੀ ਵਿਚ ਗੋਲੀ ਮਾਰੀ ਗਈ ਉਹ ਮੈਨਹਟਨ ਨੂੰ ਜਾਣ ਵਾਲੀ ਰੇਲ ਗੱਡੀ ਦੇ ਆਖਰੀ ਡੱਬੇ ਵਿਚ ਬੈਠਾ ਸੀ। ਇਥੇ ਜਿਕਰਯੋਗ ਹੈ ਕਿ ਹਾਲ ਹੀ ਦੇ ਮਹੀਨਿਆਂ ਦੌਰਾਨ ਨਿਊਯਾਰਕ ਦੇ ਸਬ ਵੇਅ 'ਤੇ ਕਈ ਹੱਤਿਆਵਾਂ ਹੋਈਆਂ ਹਨ ਜਿਸ ਕਾਰਨ ਲੋਕਾਂ ਦੇ ਵਿਸ਼ਵਾਸ਼ ਨੂੰ ਸੱਟ ਵੱਜੀ ਹੈ ਤੇ ਉਹ ਰੇਲ ਗੱਡੀ ਵਿਚ ਸਫਰ ਕਰਨ ਤੋਂ ਝਿਝਕਦੇ ਹਨ।


# ਅਮਰੀਕਾ ਵਿਚ ਪਾਕਿਸਤਾਨੀ ਮੂਲ ਦੇ ਵਿਅਕਤੀ ਨੇ ਪਰਿਵਾਰ ਦੇ 3 ਜੀਆਂ ਦੀ ਹੱਤਿਆ ਕਰਕੇ ਖੁਦ ਕੀਤੀ ਆਤਮਹੱਤਿਆ

**ਸੈਕਰਾਮੈਂਟੋ 21 ਮਈ–** ਸਪਰਿੰਗ, ਟੈਕਸਾਸ ਵਿਚ ਇਕ ਪਾਕਿਸਤਾਨੀ ਮੂਲ ਦੇ ਅਮਰੀਕੀ ਵਿਅਕਤੀ ਨੇ ਆਪਣੀ 4 ਸਾਲਾਂ ਦੀ ਧੀ, ਵੱਖ ਰਹਿੰਦੀ ਪਤਨੀ ਤੇ ਸੱਸ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਉਪਰੰਤ ਖੁਦ ਖੁਦਕੁੱਸ਼ੀ ਕਰ ਲਈ। ਇਹ ਜਾਣਕਾਰੀ ਪੁਲਿਸ ਅਧਿਕਾਰੀ ਐਡ ਗੋਂਜ਼ਾਲੇਜ਼ ਨੇ ਦਿੱਤੀ ਹੈ। ਇਹ ਘਟਨਾ ਸਪਰਿੰਗ ਦੇ ਨੀਮ ਸ਼ਹਿਰੀ ਖੇਤਰ ਹੋਸਟਨ ਵਿਚ ਵਾਪਰੀ। ਹਾਲਾਂ ਕਿ ਪੁਲਿਸ ਨੇ ਇਸ ਮਾਮਲੇ ਦੀ ਜਿਆਦਾ ਜਾਣਕਾਰੀ ਨਹੀਂ ਦਿੱਤੀ ਹੈ ਪਰੰਤੂ ਮਿਲੇ ਵੇਰਵੇ ਅਨੁਸਾਰ ਇਹ ਮੂਲ ਰੂਪ ਵਿਚ ਪਾਕਿਸਤਾਨੀ ਪਰਿਵਾਰ ਸੀ। ਪਤੀ-ਪਤਨੀ ਵਿਚਾਲੇ ਕਿਸੇ ਗਲ ਨੂੰ ਲੈ ਕੇ ਖਿਚੋਤਾਣ ਚੱਲ ਰਹੀ ਸੀ ਤੇ ਮਾਮਲਾ ਹੱਲ ਹੋਣ ਦੀ ਬਜਾਏ ਹੋਰ ਵਿਗੜ ਗਿਆ। ਅਪ੍ਰੈਲ ਵਿਚ ਪੁਲਿਸ ਕੋਲ ਰਿਪਰੋਟ ਦਰਜ ਕਰਵਾਈ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਧੀ ਨੇ ਆਪਣੀ ਮਾਂ ਨੂੰ ਦੱਸਿਆ ਸੀ ਕਿ ਪਾਪਾ ਨੇ ਉਸ ਨੂੰ ਕਿਹਾ ਸੀ ਕਿ ਉਹ ਟੱਬ ਵਿਚ ਵੜ ਕੇ ਆਪਣਾ ਸਿਰ ਪਾਣੀ ਵਿਚ ਡਬੋ ਲਵੇ। ਮ੍ਰਿਤਕ ਪਤਨੀ ਘਰ ਦੇ ਨੇੜੇ ਇਕ ਇਸਲਾਮਿਕ ਸਕੂਲ ਵਿਚ ਨੌਕਰੀ ਕਰਦੀ ਸੀ। ਪੁਲਿਸ ਨੇ ਅਜੇ ਤੱਕ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ। ਮਾਮਲਾ ਅਜੇ ਪੁਲਿਸ ਦੀ ਜਾਂਚ ਅਧੀਨ ਹੈ।

# ਇੰਡਿਆਨਾ ਵਿਚ ਦੋ ਦੀ ਹੱਤਿਆ 3 ਹੋਰ ਜ਼ਖਮੀ

**ਸੈਕਰਾਮੈਂਟੋ 23 ਮਈ–** ਗੋਸ਼ਨ, ਇੰਡਿਆਨਾ ਵਿਚ ਗੋਲੀਆਂ ਮਾਰ ਕੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਤੇ 3 ਔਰਤਾਂ ਨੂੰ ਜ਼ਖਮੀ ਕਰ ਦਿੱਤਾ। ਗੋਸ਼ਨ ਪੁਲਿਸ ਨੇ ਜਾਰੀ ਪ੍ਰੈਸ ਰਲੀਜ ਵਿਚ ਕਿਹਾ ਹੈ ਕਿ ਇਕ ਘਰ ਵਿਚ ਹੋਈ ਗੋਲੀਬਾਰੀ ਦੀ ਘਟਨਾ ਅਚਾਨਕ ਨਹੀਂ ਵਾਪਰੀ ਬਲਕਿ ਇਸ ਘਟਨਾ ਨੂੰ ਗਿਣਮਿਥ ਕੇ ਅੰਜਾਮ ਦਿੱਤਾ ਗਿਆ ਹੈ। ਪੁਲਿਸ ਅਨੁਸਾਰ ਗੋਲੀਬਾਰੀ ਵਿਚ 3 ਔਰਤਾਂ ਸਮੇਤ 5 ਜਣੇ ਗੰਭੀਰ ਜ਼ਖਮੀ ਹੋਏ ਸਨ ਜਿਨਾਂ ਵਿਚੋਂ ਦੋ ਮਰਦ ਦਮ ਤੋੜ ਗਏ ਜਦ ਕਿ ਔਰਤਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਹੈ ਤੇ ਇਸ ਮਾਮਲੇ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ਸ਼ਿਕਾਗੋ ਦੇ ਡਾਊਨਟਾਊਨ ਵਿੱਚ ਇੱਕ ਸਮੂਹਿਕ ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਅਤੇ ਅੱਠ ਹੋਰ ਜ਼ਖਮੀ



**ਸੈਕਰਾਮੈਂਟੋ 23 ਮਈ–** ਵੀਰਵਾਰ ਦੇਰ ਰਾਤ ਸ਼ਿਕਾਗੋ ਦੇ ਡਾਊਨਟਾਊਨ ਵਿੱਚ ਇੱਕ ਸਮੂਹਿਕ ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਅਤੇ ਅੱਠ ਹੋਰ ਜ਼ਖਮੀ ਹੋਣ ਤੋਂ ਬਾਅਦ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਰਾਤ 10:40 ਵਜੇ ਤੋਂ ਬਾਅਦ ਵਾਪਰੀ। ਸ਼ਹਿਰ ਦੇ ਮੈਗਨੀਫਿਸੈਂਟ ਮਾਈਲ ਸ਼ਾਪਿੰਗ ਡਿਸਟ੍ਰਿਕਟ ਤੋਂ ਮੈਕਡੋਨਲਡ ਦੇ ਕੁਝ ਬਲਾਕਾਂ ਦੇ ਬਾਹਰ। ਗੋਲੀਬਾਰੀ ਦੌਰਾਨ ਖਾਣਾ ਦੇਣ ਵਾਲੀ ਇਕ ਖਿੜਕੀ ਦੇ ਸ਼ੀਸ਼ੇ ਟੁੱਟ ਗਏ।

ਸ਼ਿਕਾਗੋ ਪੁਲਿਸ ਨੇ ਪੁਸ਼ਟੀ ਕੀਤੀ ਕਿ ਇੱਕ ਸ਼ੱਕੀ ਹਿਰਾਸਤ ਵਿੱਚ ਹੈ ਅਤੇ ਘਟਨਾ ਵਾਲੀ ਥਾਂ ਤੋਂ ਇੱਕ ਹੈਂਡਗਨ ਬਰਾਮਦ ਕੀਤੀ ਗਈ ਹੈ। ਅਧਿਕਾਰੀਆਂ ਨੇ ਤੁਰੰਤ ਪੀੜਤਾਂ ਦੇ ਨਾਮ ਅਤੇ ਉਮਰ ਜਾਂ ਜ਼ਖਮੀਆਂ ਦੀ ਸਥਿਤੀ, ਜਾਂ ਗੋਲੀਬਾਰੀ ਬਾਰੇ ਵੇਰਵੇ ਜਾਰੀ ਨਹੀਂ ਕੀਤੇ। ਮਾਮਲੇ ਦੀ ਜਾਂਚ ਚੱਲ ਰਹੀ ਹੈ। ਇਹ ਗੋਲੀਬਾਰੀ ਹਾਲ ਹੀ ਦੇ ਸਾਲਾਂ ਵਿੱਚ ਸ਼ਿਕਾਗੋ ਵਿੱਚ ਘਾਤਕ ਹਿੰਸਾ ਵਿੱਚ ਵਾਧਾ ਹੋਇਆ ਹੈ ਇਸ ਤੋਂ ਇਲਾਵਾ ਸ਼ਿਕਾਗੋ ਦੇ ਮਿਲੇਨੀਅਮ ਪਾਰਕ ਦੇ ਡਾਊਨਟਾਊਨ ਵਿੱਚ ਪਿਛਲੇ ਹਫਤੇ ਦੇ ਅਖਿਰ ਵਿੱਚ ਇੱਕ ਘਾਤਕ ਗੋਲੀਬਾਰੀ ਦੇ ਬਾਅਦ ਇੱਕ ਨੌਜਵਾਨ ਦੀ ਮੌਤ ਹੋ ਗਈ ਸੀ ਅਤੇ ਸ਼ਹਿਰ ਚ ਕਰਫਿਊ ਨੂੰ ਸਖ਼ਤ ਕੀਤਾ ਗਿਆ ਸੀ।

# ਰਿੱਛ ਖਿੜਕੀ ਤੋੜ ਕੇ ਘਰ ਵਿਚ ਵੜਿਆ, ਪਤੀ-ਪਤਨੀ ਨੂੰ ਕੀਤਾ ਜ਼ਖਮੀ

**ਸੈਕਰਾਮੈਂਟੋ 24 ਮਈ–** ਵਿਸਕਾਨਸਨ (ਟੇਲਰ ਕਾਊਂਟੀ) ਵਿਚ ਇਕ ਰਿੱਛ ਨੇ ਖਿੜਕੀ ਤੋੜ ਕੇ ਘਰ ਵਿਚ ਵੜ ਕੇ ਪਤੀ-ਪਤਨੀ ਨੂੰ ਜ਼ਖਮੀ ਕਰ ਦਿੱਤਾ। ਟੇਲਰ ਕਾਊਂਟੀ ਦੇ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਤੀ ਨੇ ਪਹਿਲਾਂ ਰਸੋਈ ਵਿਚ ਪਈ ਛੁਰੀ ਨਾਲ ਰਿੱਛ ਦਾ ਮੁਕਾਬਲਾ ਕੀਤਾ ਤੇ ਉਸ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਕਾਮਯਾਬ ਨਾ ਹੋ ਸਕਿਆ। ਬਾਅਦ ਵਿਚ ਉਹ ਕਿਸੇ ਤਰਾਂ ਆਪਣੀ ਗੰਨ ਤੱਕ ਪਹੁੰਚਣ ਵਿਚ ਸਫਲ ਰਿਹਾ ਤੇ ਉਸ ਨੇ ਰਿੱਛ ਨੂੰ ਗੋਲੀ ਮਾਰ ਦਿੱਤੀ ਜੋ ਥੋੜੀ ਦੇਰ ਬਾਅਦ ਉਹ ਦਮ ਤੋੜ ਗਿਆ। ਪਤੀ-ਪਤਨੀ ਨੇ ਰਿੱਛ ਘਰ ਦੇ ਬਾਹਰ ਵੇਖਿਆ ਤੇ ਖਿੜਕੀ ਖੋਲ ਕੇ ਰਿੱਛ ਦੇ ਜਾਣ ਦਾ ਇੰਤਜਾਰ ਕਰਨ ਲੱਗੇ ਪਰੰਤੂ ਰਿੱਛ ਨੇ ਇਕ ਦਮ ਹਮਲਾ ਕਰਕੇ ਖਿੜਕੀ ਤੋੜ ਦਿੱਤੀ ਤੇ ਪਤੀ-ਪਤਨੀ ਉਪਰ ਹਮਲਾ ਕਰ ਦਿੱਤਾ। ਹਮਲੇ ਵਿਚ ਦੋਨਾਂ ਦੇ ਕਈ ਜ਼ਖਮ ਆਏ ਹਨ। ਦੋਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੱਚੇ ਦੂਸਰੇ ਕਮਰੇ ਵਿਚ ਸੁੱਤੇ ਪਏ ਹੋਣ ਕਾਰਨ ਉਨਾਂ ਦਾ ਬਚਾਅ ਹੋ ਗਿਆ।

# 'ਸ਼ੁਕਰਾਨਾ ਮਿਸ਼ਨ' ਦਾ ਭੇਤ ਖੁੱਲ੍ਹਿਆ ਤਾਂ ਸਿਹਤ ਮੰਤਰੀ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ

ਸਿਹਤ ਮੰਤਰੀ ਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ ਕਿ ਸਰਕਾਰੀ ਟੈਂਡਰਾਂ 'ਚੋਂ ਕਮਿਸ਼ਨ ਦਾ ਬੁਣਿਆ ਤਾਣਾ ਇੰਜ ਉਧੜ ਜਾਵੇਗਾ। ਜਦੋਂ ਦਸ ਦਿਨ ਪਹਿਲਾਂ ਮੁੱਖ ਮੰਤਰੀ ਕੋਲ 'ਸ਼ੁਕਰਾਨਾ ਮਿਸ਼ਨ' ਦਾ ਭੇਤ ਖੁੱਲ੍ਹਿਆ ਤਾਂ ਸਿਹਤ ਮੰਤਰੀ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਸੀ। ਮੁੱਖ ਮੰਤਰੀ ਨੇ ਵੱਢੀਖੋਰੀ ਨੂੰ ਬੇਪਰਦ ਕਰਨ ਲਈ ਪੂਰੀ ਵਿਉਂਤਬੰਦੀ ਕੀਤੀ ਤਾਂ ਜੋ ਪੰਜਾਬ ਨੂੰ ਰਿਸ਼ਵਤਖੋਰੀ ਦੇ ਸੇਕ ਤੋਂ ਮੁਕਤ ਕੀਤਾ ਜਾ ਸਕੇ। 'ਸ਼ੁਕਰਾਨਾ ਮਿਸ਼ਨ' ਦਾ ਮੁੱਢ ਉਦੋਂ ਬੱਝਦਾ ਹੈ, ਜਦੋਂ ਸਿਹਤ ਮੰਤਰੀ ਟੈਂਡਰਾਂ 'ਚੋਂ ਇੱਕ ਫ਼ੀਸਦੀ ਕਮਿਸ਼ਨ ਨੂੰ ਆਫ਼ ਰਿਕਾਰਡ 'ਸ਼ੁਕਰਾਨਾ' ਦਾ ਨਾਮ ਦਿੰਦੇ ਹਨ। ਗੱਲ ਸ਼ੁਰੂ ਹੁੰਦੀ ਹੈ ਨਿਗਰਾਨ ਇੰਜਨੀਅਰ ਰਜਿੰਦਰ ਸਿੰਘ ਤੋਂ, ਜਿਸ ਦੀ ਜਾਣ ਪਛਾਣ ਸਿਹਤ ਮੰਤਰੀ ਆਪਣੇ ਭਤੀਜੇ ਪ੍ਰਦੀਪ ਕੁਮਾਰ (ਓਐੱਸਡੀ) ਨਾਲ ਕਰਾਉਂਦੇ ਹਨ। ਇੱਕ ਦਿਨ ਪ੍ਰਦੀਪ ਕੁਮਾਰ ਮਹਿਕਮੇ ਦੇ ਨਿਗਰਾਨ ਇੰਜ-ਨੀਅਰ ਨੂੰ ਪੰਜਾਬ ਭਵਨ ਦੀ ਪਾਰਕਿੰਗ ਵਿਚ ਬੁਲਾਉਂਦਾ ਹੈ ਅਤੇ ਕਾਰ 'ਚ ਬੈਠ ਕੇ ਗੱਲ ਤੈਅ ਕਰਦਾ ਹੈ। ਸੂਤਰਾਂ ਅਨੁਸਾਰ ਚੰਨੀ ਸਰਕਾਰ ਸਮੇਂ ਹੋਏ 41 ਕਰੋੜ ਅਤੇ ਮੌਜੂਦਾ ਸਰਕਾਰ ਸਮੇਂ ਹੋਏ 17 ਕਰੋੜ ਦੇ ਕੰਮਾਂ 'ਚੋਂ ਦੋ ਫ਼ੀਸਦੀ ਕਮਿਸ਼ਨ ਦੀ ਮੰਗ ਕੀਤੀ ਜਾਂਦੀ ਹੈ। ਰਾਜਿੰਦਰ ਸਿੰਘ ਬੇਵਸੀ ਜ਼ਾਹਿਰ ਕਰਦਾ ਹੈ ਤਾਂ ਪ੍ਰਦੀਪ ਕੁਮਾਰ ਉਸ ਨੂੰ ਚਿਤਾਵਨੀ ਵੀ ਦਿੰਦਾ ਹੈ। ਬੇਵੱਸ ਨਿਗਰਾਨ ਇੰਜਨੀਅਰ ਆਪਣੇ ਸੀਨੀਅਰ ਅਧਿਕਾਰੀ ਨੂੰ ਕਹਾਣੀ ਦੱਸਦਾ ਹੈ ਤਾਂ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਮੁੱਖ ਮੰਤਰੀ ਕੋਲ ਸਿਹਤ ਮੰਤਰੀ ਦੇ 'ਸ਼ੁਕਰਾਨਾ ਮਿਸ਼ਨ' ਦਾ ਖ਼ੁਲਾਸਾ ਕਰਦੇ ਹਨ। ਇਸ ਮਗਰੋਂ ਮੁੱਖ ਮੰਤਰੀ ਨੇ ਸਬੂਤਾਂ ਦੀ ਮੰਗ ਕੀਤੀ।

ਆਖ਼ਰ ਕੁੱਝ ਦਿਨਾਂ ਪਿੱਛੋਂ ਹੀ ਨਿਗਰਾਨ ਇੰਜਨੀਅਰ ਦੀ ਸਿਹਤ ਮੰਤਰੀ ਅਤੇ ਉਸ ਦੇ ਓਐੱਸਡੀ ਪ੍ਰਦੀਪ ਕੁਮਾਰ ਨਾਲ ਹੋਈ ਗੱਲਬਾਤ ਦੀ ਕਰੀਬ ਤਿੰਨ ਘੰਟੇ ਦੀ ਆਡੀਓ ਤਿਆਰ ਹੋ ਜਾਂਦੀ ਹੈ। ਆਡੀਓ 'ਚ ਜਦੋਂ ਸਭ ਕੁੱਝ ਸਾਬਤ ਹੋ ਜਾਂਦਾ ਹੈ ਤਾਂ ਮੁੱਖ ਮੰਤਰੀ ਅਗਲੀ ਕਾਰਵਾਈ ਲਈ ਹਰੀ ਝੰਡੀ ਦਿੰਦੇ ਹਨ।

ਇਸ ਦੌਰਾਨ ਸਿਹਤ ਮੰਤਰੀ ਮੁਹਾਲੀ ਵਿਚ ਬਣਨ ਵਾਲੇ ਮੈਡੀਕਲ ਕਾਲਜ ਦੀ ਜਗ੍ਹਾ ਤਬਦੀਲ ਕਰਕੇ ਏਅਰਪੋਰਟ ਰੋਡ 'ਤੇ ਬਣਾਏ ਜਾਣ ਦੀ ਤਜਵੀਜ਼ ਲੈ ਕੇ ਆਉਂਦੇ ਹਨ ਜਿਸ ਤੋਂ ਸਿਹਤ ਮੰਤਰੀ ਦੇ ਅੰਦਰੂਨੀ ਮਨਸ਼ੇ ਨੂੰ ਮੁੱਖ ਮੰਤਰੀ ਭਾਪ ਜਾਂਦੇ ਹਨ।

ਆਡੀਓ ਵਿਚ ਮਾਨਸਾ ਦੇ ਪਿੰਡ ਖ਼ਿਆਲਾ ਵਿਚ ਬਣਨ ਵਾਲੇ ਮੁਹੱਲਾ ਕਲੀਨਿਕ ਦੀ ਉਸਾਰੀ 'ਚੋਂ ਵੀ ਦੋ ਫ਼ੀਸਦੀ ਕਮਿਸ਼ਨ ਮੰਗਿਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਅੱਜ ਮੁਹਾਲੀ ਦੇ ਇੱਕ ਪ੍ਰਾਈਵੇਟ ਘਰ ਵਿਚ ਵਿਜੈ ਸਿੰਗਲਾ ਨੂੰ ਮੈਡੀਕਲ ਕਾਲਜ ਦੀ ਗੱਲਬਾਤ ਕਰਨ ਦੇ ਬਹਾਨੇ ਬੁਲਾਇਆ ਗਿਆ ਜਿੱਥੇ ਪਹਿਲਾਂ ਹੀ ਆਧੁਨਿਕ ਕੈਮਰੇ ਲਗਾਏ ਹੋਏ ਸਨ। ਆਪਣੀ ਹੋਣੀ ਤੋਂ ਅਣਜਾਣ ਸਿਹਤ ਮੰਤਰੀ ਨੂੰ ਜਦੋਂ ਗੁਪਤ ਕੈਮਰਿਆਂ 'ਚ ਆਡੀਓ ਸੁਣਾਈ ਜਾਂਦੀ ਹੈ ਤਾਂ ਉਸ ਦੇ ਹੋਸ਼ ਉੱਡ ਜਾਂਦੇ ਹਨ। ਕੈਮਰੇ ਅੱਗੇ ਸਿਹਤ ਮੰਤਰੀ ਸਭ ਕੁੱਝ ਕਬੂਲ ਕਰਦੇ ਹਨ।

ਸੂਤਰ ਦੱਸਦੇ ਹਨ ਕਿ ਵਿਜੈ ਸਿੰਗਲਾ ਅਤੇ ਪ੍ਰਦੀਪ ਕੁਮਾਰ ਨੇ ਭੇਤ ਖੁੱਲ੍ਹਣ ਮਗਰੋਂ ਬਹੁਤ ਮਿੰਨਤਾਂ-ਤਰਲੇ ਕੀਤੇ ਪਰ ਕੋਈ ਪੈਂਤੜਾ ਕਾਮਯਾਬ ਨਾ ਹੋ ਸਕਿਆ। ਉਨ੍ਹਾਂ ਆਪਣੀ ਗ਼ਲਤੀ ਦੀ ਮੁਆਫ਼ੀ ਵੀ ਮੰਗੀ ਸੀ। ਪ੍ਰਾਈਵੇਟ ਕੋਠੀ ਤੋਂ ਬਾਹਰ ਜਿਉਂ ਹੀ ਸਿਹਤ ਮੰਤਰੀ ਨਿਕਲਦੇ ਹਨ ਤਾਂ ਪਹਿਲਾਂ ਤੋਂ ਹੀ ਮੌਜੂਦ ਪੁਲੀਸ ਉਨ੍ਹਾਂ ਨੂੰ ਫ਼ੌਰੀ ਗ੍ਰਿਫ਼ਤਾਰ ਕਰ ਲੈਂਦੀ ਹੈ।

ਸੂਤਰਾਂ ਮੁਤਾਬਕ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਸੋਚਿਆ ਤੱਕ ਨਹੀਂ ਸੀ ਕਿ ਉਸ ਵੱਲੋਂ ਦਿੱਤੀ ਸੂਚਨਾ 'ਤੇ ਮੁੱਖ ਮੰਤਰੀ ਇੰਨਾ ਸਖ਼ਤ ਐਕਸ਼ਨ ਲੈਣਗੇ। ਸਿਹਤ ਮੰਤਰੀ ਵਿਜੈ ਸਿੰਗਲਾ ਨੇ ਹੀ ਕੁੱਝ ਸਮਾਂ ਪਹਿਲਾਂ ਸਰਕਾਰੀ ਸਮਾਗਮਾਂ ਵਿਚ ਗੁਲਦਸਤੇ ਦੇਣ 'ਤੇ ਰੋਕ ਲਗਾਈ ਸੀ। ਉਹ ਅੱਜ ਆਏ ਸਰਕਾਰੀ ਗੱਡੀ 'ਤੇ ਸਨ ਪਰ ਗਏ ਪੁਲਿਸ ਹਿਰਾਸਤ ਵਿਚ।

# ਵਧਦੀ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਲਈ ਬਸਪਾ ਸੁਪਰੀਮੋ ਮਾਇਆਵਤੀ ਨੇ ਆਵਾਜ਼ ਕੀਤੀ ਬੁਲੰਦ



**ਲਖਨਊ-** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਸਣੇ ਹੋਰਨਾਂ ਰਾਜਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਫੌਰੀ ਈਂਧਣ 'ਤੇ ਲੱਗਦੇ ਵੈਟ ਵਿੱਚ ਕਟੌਤੀ ਦਾ ਐਲਾਨ ਕਰਨ। ਮਾਇਆਵਤੀ ਨੇ ਕਿਹਾ, "ਲੰਮੇ ਸਮੇਂ ਬਾਅਦ ਕੇਂਦਰ ਸਰਕਾਰ ਨੇ ਪੈਟਰੋਲ-ਡੀਜ਼ਲ 'ਤੇ ਲੱਗਦੀ ਐਕਸਾਈਜ਼ ਡਿਊਟੀ ਘਟਾ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ, ਜੋ ਵਧਦੀ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਤੇ ਤਣਾਅ ਕਰਕੇ ਦਰਦਮੰਦ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਲਿਹਾਜ਼ਾ ਯੂਪੀ ਤੇ ਹੋਰਨਾਂ ਰਾਜਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੇਂਦਰ ਦੀ ਸਲਾਹ ਮੰਨਦਿਆਂ ਫੌਰੀ (ਪੈਟਰੋਲ ਤੇ ਡੀਜ਼ਲ) ਉੱਤੇ ਵੈਟ ਘਟਾਉਣ।" ਯੂਪੀ ਦੀ ਸਾਬਕਾ ਮੁੱਖ ਮੰਤਰੀ ਨੇ ਇਕ ਹੋਰ ਟਵੀਟ ਵਿੱਚ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਆਪਣੇ ਸਿਆਸੀ ਹਿੱਤਾਂ ਨੂੰ ਭੁੱਲ ਕੇ ਕੌਮੀ ਮੁਸ਼ਕਲਾਂ ਵੱਲ ਧਿਆਨ ਦੇਣ, ਜੋ ਦਿਨ-ਬ-ਦਿਨ ਗੰਭੀਰ ਹੁੰਦੀਆਂ ਜਾ ਰਹੀਆਂ ਹਨ।

# ਮਰੀਅਮ ਨਵਾਜ਼ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਤੋਂ ਬਾਅਦ ਫਸੇ ਇਮਰਾਨ ਖਾਨ

**ਇਸਲਾਮਾਬਾਦ –** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਧੀ ਮਰੀਅਮ ਨਵਾਜ਼ 'ਤੇ ਟਿੱਪਣੀ ਕਰਨ 'ਤੇ ਇਮਰਾਨ ਖ਼ਾਨ ਸਖ਼ਤ ਆ ਗਏ। ਮੁਲਤਾਨ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਇਮਰਾਨ ਨੇ ਇੱਜ਼ਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਮਰੀਅਮ ਦੀ ਇਕ ਰੈਲੀ ਦਾ ਜ਼ਿਕਰ ਕਰਦੇ ਹੋਏ ਖ਼ਾਨ ਨੇ ਕਿਹਾ, "ਸਰਗੋਧਾ ਰੈਲੀ 'ਚ ਮਰੀਅਮ ਨੇ ਜਿਸ ਜਜ਼ਬੇ ਨਾਲ ਮੇਰਾ ਨਾਂ ਲਿਆ, ਮੈਂ ਉਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਮਰੀਅਮ ਥੋੜ੍ਹੀ ਜਿਹੀ ਸਾਵਧਾਨ ਰਹੋ, ਜਿਸ ਤਰ੍ਹਾਂ ਤੁਸੀਂ ਮੇਰਾ ਨਾਂ ਲੈ ਰਹੇ ਹੋ, ਇਹ ਹੋਵੇਗਾ। ਤੁਹਾਡੇ 'ਤੇ ਕੋਈ ਅਸਰ ਨਹੀਂ ਪੈਂਦਾ।" ਪਤੀ ਪਰੇਸ਼ਾਨ ਹੋ ਸਕਦਾ ਹੈ'।



ਹੁਣ ਉਨ੍ਹਾਂ ਦੇ ਇਸ ਬਿਆਨ ਦੀ ਪਾਕਿਸਤਾਨ ਵਿੱਚ ਕਾਫੀ ਆਲੋਚਨਾ ਹੋ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਚਾਚਾ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਟਵਿੱਟਰ 'ਤੇ ਕਿਹਾ ਕਿ ਦੇਸ਼ ਦੀ ਬੇਟੀ ਮਰੀਅਮ ਦੇ ਖਿਲਾਫ਼ ਅਪਮਾਨਜਨਕ ਭਾਸ਼ਾ ਦੀ ਵਰਤੋਂ ਲਈ ਪੂਰੇ ਦੇਸ਼ ਨੂੰ ਖਾਸ ਕਰਕੇ ਔਰਤਾਂ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਪੀਐਮਐਲ-ਐਨ ਦੇ ਸਾਬਕਾ ਪ੍ਰਧਾਨ ਨੇ ਖਾਨ ਦੇ ਬਿਆਨ ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਤੋਂ ਇਲਾਵਾ ਪੀ.ਪੀ. ਪੀ ਦੇ ਸਹਿ-ਪ੍ਰਧਾਨ ਨੇ ਕਿਹਾ ਕਿ ਰਾਜਨੀਤੀ ਦੇ ਨਾਂ 'ਤੇ ਇੰਨਾ ਨੀਵਾਂ ਨਾ ਝੁੱਕੋ। ਇਸ ਦੇ ਨਾਲ ਹੀ ਪਾਕਿਸਤਾਨੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਮਰਾਨ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਉਹ ਨਾ ਸਿਰਫ ਮਰੀਅਮ ਤੋਂ ਸਗੋਂ ਸਮਾਜ ਦੀ ਹਰ ਔਰਤ ਤੋਂ ਮੁਆਫ਼ੀ ਮੰਗੇ।

ਇਮਰਾਨ ਖਾਨ ਦੀ ਸਾਬਕਾ ਪਤਨੀ ਅਤੇ ਪੱਤਰਕਾਰ ਰੇਹਮ ਖਾਨ ਨੇ ਟਵਿੱਟਰ 'ਤੇ ਲਿਖਿਆ ਕਿ ਮੈਂ ਬਹੁਤ ਸ਼ਰਮਿੰਦਾ ਹਾਂ ਕਿ ਮੈਂ ਕਦੇ ਅਜਿਹੇ ਮਾੜੇ ਆਦਮੀ ਨਾਲ ਜੁੜੀ ਸੀ। ਉਸਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਦੀ ਨਿਮਰਤਾ ਦੀ ਪ੍ਰਸ਼ੰਸਾ ਕੀਤੀ ਅਤੇ "70 ਸਾਲ ਦੇ ਵਿਅਕਤੀ ਦੀ ਅਸ਼ਲੀਲਤਾ" ਦੀ ਨਿੰਦਾ ਕੀਤੀ। ਰੇਹਮ ਖਾਨ ਨੇ ਕਿਹਾ ਕਿ ਉਹ ਨਾ ਤਾਂ ਆਪਣੇ ਘਰ ਦੀਆਂ ਔਰਤਾਂ ਦੀ ਇੱਜ਼ਤ ਕਰਦੀ ਹੈ ਅਤੇ ਨਾ ਹੀ ਕਿਸੇ ਹੋਰ ਦੇ ਘਰ ਦੀ। ਪਾਕਿਸਤਾਨੀ ਪੱਤਰਕਾਰ ਆਦਿਲ ਸ਼ਾਹਜ਼ੇਬ ਨੇ ਲਿਖਿਆ ਕਿ ਇਮਰਾਨ ਖ਼ਾਨ ਲਈ ਇੱਕ ਮਹਿਲਾ ਰਾਜਨੇਤਾ ਲਈ ਅਜਿਹੇ ਸ਼ਬਦ ਬੋਲਣਾ ਸ਼ਰਮ ਦੀ ਗੱਲ ਹੈ।






# ਮਾਮਲਾ ਅਮਰੀਕਾ 'ਚ ਭਾਰਤੀ ਵਿਦਿਆਰਥੀ ਦੀ ਕੁੱਟਮਾਰ ਦਾ ਭਾਰਤੀ ਮੂਲ ਦੇ ਚਾਰੇ ਸੰਸਦ ਮੈਂਬਰਾਂ ਨੇ ਚਿੰਤਾ ਪ੍ਰਗਟਾਈ

**ਵਾਸ਼ਿੰਗਟਨ–**ਮੌਜੂਦਾ ਅਮਰੀਕੀ ਸੰਸਦ ਦੇ ਚਾਰੋਂ ਭਾਰਤੀ–ਅਮਰੀਕੀ ਮੈਂਬਰਾਂ ਨੇ ਟੈਕਸਾਸ ਦੇ ਸਕੂਲ ਵਿਚ ਭਾਰਤੀ ਮੂਲ ਦੇ ਵਿਦਿਆਰਥੀ ਨਾਲ ਦੁਰਵਿਵਹਾਰ ਦੀ ਤਾਜ਼ਾ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਭਾਰਤੀ ਅਮਰੀਕੀ ਸੰਸਦ ਮੈਂਬਰ ਅਮੀ ਬੇਰਾ, ਰੋ ਖੰਨਾ, ਰਾਜਾ ਕ੍ਰਿਸ਼ਨਮੂਰਤੀ ਅਤੇ ਪ੍ਰਮਿਲਾ ਜੈਪਾਲ ਨੇ ਸਾਂਝੇ ਬਿਆਨ 'ਚ ਕਿਹਾ, 'ਅਸੀਂ 'ਕੋਪੇਲ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ' (ਸੀਆਈਐੱਸਡੀ) ਦੇ 'ਕੋਪੇਲ ਮਿਡਲ ਸਕੂਲ ਨਾਰਥ' 'ਚ ਹਾਲ ਹੀ ਦੀ ਘਟਨਾ ਨੂੰ ਗੰਭੀਰਤਾ ਨਾਲ



ਲੈਂਦੇ ਹਾਂ। ਅਸੀਂ ਆਪਣੀ ਚਿੰਤਾ ਪ੍ਰਗਟ ਕਰਨ ਲਈ ਇਹ ਪੱਤਰ ਲਿਖ ਰਹੇ ਹਾਂ।

ਜਿਵੇਂ ਕਿ ਤੁਸੀਂ ਜਾਣਦੇ ਹੋ ਘਟਨਾ ਦੀ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤੀ ਗਈ ਵੀਡੀਓ ਵਿੱਚ 14 ਸਾਲਾ ਬੱਚੇ ਨੂੰ ਕੁੱਟਿਆ ਜਾ ਰਿਹਾ ਹੈ ਤੇ ਕੁਸ਼ਤੀ ਦੇ ਕਥਿਤ ਦਾਅ ਕਾਰਨ ਉਸ ਦਾ ਦਮ ਘੁੱਟਿਆ ਨਜ਼ਰ ਆ ਰਿਹਾ ਹੈ।' ਇਹ ਪਹਿਲੀ ਵਾਰ ਹੈ ਜਦੋਂ ਚਾਰ ਭਾਰਤੀ–ਅਮਰੀਕੀ ਸੰਸਦ ਮੈਂਬਰਾਂ ਨੇ ਸਾਂਝੇ ਤੌਰ 'ਤੇ ਇੱਕ ਪੱਤਰ ਲਿਖਿਆ ਹੈ।

# ਖ਼ਤਰੇ ਨਾਲ ਖੇਡ ਰਿਹਾ ਚੀਨ, ਤਾਈਵਾਨ 'ਤੇ ਹਮਲਾ ਹੋਇਆ ਤਾਂ ਚੁੱਪ ਨਹੀਂ ਬੈਠਾਂਗੇ- ਬਾਇਡਨ

**ਟੋਕੀਓ –** ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਕਵਾਡ ਸਮਿਟ ਤੋਂ ਪਹਿਲਾਂ ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਨਾਲ ਦੁਵੱਲੀ ਮੀਟਿੰਗ ਕੀਤੀ। ਇਸ ਦੌਰਾਨ ਬਿਡੇਨ ਨੇ ਸਪੱਸ਼ਟ ਕੀਤਾ ਹੈ ਕਿ ਅਮਰੀਕਾ ਤਾਈਵਾਨ ਨੂੰ ਚੀਨੀ ਹਮਲੇ ਤੋਂ ਬਚਾਉਣ ਵਿੱਚ ਮਦਦ ਕਰੇਗਾ। ਬਾਇਡਨ ਨੇ ਤਾਇਵਾਨ ਨੂੰ ਲੈ ਕੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਚੀਨ ਖ਼ਤਰੇ ਨਾਲ ਖੇਡ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਹੈ ਕਿ ਅਸੀਂ ਤਾਈਵਾਨ ਵਿੱਚ ਸ਼ਾਂਤੀ ਅਤੇ ਸਥਿਰਤਾ ਦਾ ਸਮਰਥਨ ਕਰਨ ਲਈ ਵਚਨਬੱਧ ਹਾਂ। ਅਮਰੀਕਾ ਜਾਪਾਨ



ਅਤੇ ਹੋਰ ਦੇਸ਼ਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।

ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ ਜੇਕਰ ਬੀਜਿੰਗ ਹਮਲਾ ਕਰਦਾ ਹੈ ਤਾਂ ਅਮਰੀਕਾ ਤਾਈਵਾਨ ਦੀ ਫ਼ੌਜੀ ਤੌਰ 'ਤੇ ਰੱਖਿਆ ਕਰੇਗਾ। ਉਨ੍ਹਾਂ ਕਿਹਾ ਕਿ ਅਸੀਂ ਇਕ ਚੀਨ ਨੀਤੀ 'ਤੇ ਸਹਿਮਤ ਹਾਂ। ਅਸੀਂ ਇਸ 'ਤੇ ਦਸਤਖ਼ਤ ਕੀਤੇ ਹਨ, ਪਰ ਇਹ ਵਿਚਾਰ ਕਿ ਇਹ ਜ਼ਬਰਦਸਤੀ ਲਿਆ ਜਾ ਸਕਦਾ ਹੈ ਜਾਇਜ਼ ਨਹੀਂ ਹੈ। ਬਾਇਡਨ ਨੇ ਚੀਨ ਨੂੰ ਤਾਈਵਾਨ 'ਤੇ 'ਖ਼ਤਰਨਾਕ ਫਲਰਟਿੰਗ' ਕਿਹਾ। ਉਸ ਦਾ ਕਹਿਣਾ ਹੈ ਕਿ ਅਮਰੀਕਾ ਤਾਈਵਾਨ ਨੂੰ ਚੀਨੀ ਹਮਲੇ ਤੋਂ ਬਚਾਉਣ ਵਿੱਚ ਮਦਦ ਕਰੇਗਾ।

# ਵਿਦੇਸ਼ੀ ਫਿਲਮਾਂ ਦੀ ਸ਼ੂਟਿੰਗ ਭਾਰਤ 'ਚ ਹੋਣ 'ਤੇ ਮਿਲੇਗਾ ਬੋਨਸ, ਕਾਨਸ ਫਿਲਮ ਫੈਸਟੀਵਲ 'ਚ ਅਨੁਰਾਗ ਠਾਕੁਰ ਦਾ ਐਲਾਨ

**ਨਵੀਂ ਦਿੱਲੀ–** ਲੰਘੇ ਦਿਨੀਂ 75ਵੇਂ ਕਾਨਸ ਫਿਲਮ ਫੈਸਟੀਵਲ 'ਚ ਸ਼ਾਮਲ ਹੋਏ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਭਾਰਤ ਦਾ ਸਿਨੇਮਾ ਉੱਡਣਾ ਚਾਹੁੰਦਾ ਹੈ, ਚੱਲਣਾ ਚਾਹੁੰਦਾ ਹੈ, ਬੱਸ ਰੁਕਣਾ ਨਹੀਂ ਚਾਹੁੰਦਾ। ਇਸ ਸਾਲ, ਭਾਰਤ ਮਹਾਨ ਸਿਨੇਮਾ, ਤਕਨੀਕੀ ਤਰੱਕੀ, ਸੱਭਿਆਚਾਰ ਅਤੇ ਕਹਾਣੀ ਸੁਣਾਉਣ ਦੀ ਦੇਸ਼ ਦੀ ਸ਼ਾਨਦਾਰ ਵਿਰਾਸਤ ਨੂੰ ਦੁਨੀਆ ਭਰ ਦੇ ਦਰਸ਼ਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਅਨੁਰਾਗ ਨੇ ਕਿਹਾ ਕਿ ਅਸੀਂ ਨੈਸ਼ਨਲ ਫਿਲਮ ਹੈਰੀਟੇਜ ਮਿਸ਼ਨ ਦੇ ਤਹਿਤ ਸਭ ਤੋਂ ਵੱਡੀ ਫਿਲਮ ਰੀਸਟੋਰੇਸ਼ਨ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਤਹਿਤ ਵੱਖ–ਵੱਖ ਭਾਸ਼ਾਵਾਂ ਵਿੱਚ ਬਣੀਆਂ 2200 ਫ਼ਿਲਮਾਂ ਆਪਣੀ ਪੁਰਾਣੀ ਸ਼ਾਨ



ਨੂੰ ਬਹਾਲ ਕਰਨਗੀਆਂ। ਮੈਨੂੰ ਕਾਨਸ ਵਿਖੇ ਭਾਰਤ ਵਿੱਚ ਵਿਦੇਸ਼ੀ ਫਿਲਮਾਂ ਦੀ ਆਡੀਓ–ਵਿਜ਼ੂਅਲ ਤਾਲਮੇਲ ਅਤੇ ਸ਼ੂਟਿੰਗ ਲਈ ਇੱਕ ਪ੍ਰੋਤਸਾਹਨ ਸਕੀਮ ਦਾ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ, ਜਿਸ ਵਿੱਚ 260,000 ਡਾਲਰ ਦੀ ਸੀਮਾ ਦੇ ਨਾਲ 30% ਤੱਕ ਨਕਦ ਪ੍ਰੋਤਸਾਹਨ ਹੈ। ਅਨੁਰਾਗ ਨੇ ਕਿਹਾ ਕਿ ਭਾਰਤ ਵਿੱਚ ਸ਼ੂਟ ਕੀਤੀਆਂ ਜਾਣ ਵਾਲੀਆਂ ਵਿਦੇਸ਼ੀ ਫਿਲਮਾਂ ਨੂੰ 15% ਜਾਂ ਇਸ ਤੋਂ ਵੱਧ ਮੈਨਪਾਵਰ ਲਗਾਉਣ ਲਈ UÈ$65,000 ਦੀ ਸੀਮਾ ਤੋਂ ਇਲਾਵਾ ਵਾਧੂ ਬੋਨਸ ਦਿੱਤਾ ਜਾਵੇਗਾ। ਦੱਸ ਦੇਈਏ ਕਿ ਅਨੁਰਾਗ ਠਾਕੁਰ ਤੋਂ ਇਲਾਵਾ ਅਦਾਕਾਰਾ ਦੀਪਿਕਾ ਪਾਦੁਕੋਣ, ਤਮੰਨਾ ਭਾਟੀਆ, ਅਦਾਕਾਰਾ ਆਰ। ਮਾਧਵਨ, ਨਵਾਜ਼ੁਦੀਨ ਸਿੱਦੀਕੀ, ਫਿਲਮ ਨਿਰਦੇਸ਼ਕ ਸ਼ੇਖਰ ਕਪੂਰ, ਸੰਗੀਤਕਾਰ ਏ ਆਰ ਰਹਿਮਾਨ ਵੀ ਸ਼ਾਮਲ ਹੋਏ।


SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





1003 Moffat Blvd, Manteca CA 95336


209-239-1551


# ਹੰਝੂਆਂ ਨਾਲ ਭਿੱਜੀਆਂ ਸੈਂਕੜੇ ਅੱਖਾਂ ਨੇ ਸ੍ਰ. ਗੁਰਦੀਪ ਸਿੰਘ ਅਣਖੀ ਨੂੰ ਦਿੱਤੀ ਅੰਤਿਮ ਵਿਦਾਇਗੀ

## ਸ਼ਰਧਾਂਜਲੀ ਸਮਾਰੋਹ ’ਚ ਬੁਲਾਰਿਆਂ ਨੇ ਸ੍ਰ. ਗੁਰਦੀਪ ਸਿੰਘ ਅਣਖੀ ਦੇ ਜੀਵਨ ’ਤੇ ਸੰਘਰਸ਼ ’ਤੇ ਕੀਤੀਆਂ ਵਿਚਾਰਾਂ

















**ਫਰਿਜਨੋ (ਕੁਲਵੀਰ ਹੇਅਰ) –** ਬੀਤੇ ਦਿਨੀਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਬਾਨੀ ਸਰਪ੍ਰਸਤ ਸ੍ਰ. ਗੁਰਦੀਪ ਸਿੰਘ ਅਣਖੀ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ, ਉਨਾਂ ਦੀਆਂ ਅੰਤਿਮ ਰਸਮਾ ਮੌਕੇ ਸੈਂਕੜੇ ਨਮ ਅੱਖਾਂ ਨੂੰ ਉਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਉਨਾਂ ਦੀ ਯਾਦ ’ਚ ਸ਼ਾਂਤ ਭਵਨ ਫਰਿਜ਼ਨੋਂ ’ਚ ਅੰਤਿਮ ਸਸਕਾਰ ਸਮੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਨੇ ਸ੍ਰ. ਗੁਰ-ਦੀਪ ਸਿੰਘ ਅਣਖੀ ਜੀ ਦੀ ਸਖਸ਼ੀਅਤ ਨੂੰ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕਰਦਿਆਂ ਕਿਹਾ ਕਿ ਅੱਜ ਦੀ ਪੀੜੀ ਨੂੰ ਉਨਾਂ ਦੀ ਜ਼ਿੰਦਗੀ ਤੋਂ ਸਿੱਖਿਆ ਲੈਣ ਦੀ ਲੋੜ ਹੈ। ਬਲਾਰਿਆਂ ਨੇ ਕਿਹਾ ਕਿ ਸ੍ਰ. ਗੁਰਦੀਪ ਸਿੰਘ ਅਣਖੀ ਨੇ ਆਪਣੇ ਜੀਵਨ ਦੀ ਸ਼ੁਰੂਆਤ ਵਿਚ ਆਪਣੇ ਆਰਥਿਕ ਹਾਲਾਤਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਦੇਸ਼ ਕੌਮ ਅਤੇ ਸਮਾਜ ਲਈ ਕੰਮ ਕਰਨਾ ਸ਼ੁਰੂ ਕੀਤਾ, ਜ਼ੁਲਮ ਦਾ ਵਿਰੋਧ ਕੀਤਾ ਅਤੇ ਲੋੜਵੰਦਾਂ ਦੇ ਹੱਕ ’ਚ ਝੰਡਾ ਬੁਲੰਦ ਕੀਤਾ ਅਤੇ ਇਹ ਅਹਿਦ ਉਨਾਂ ਆਪਣੇ ਜੀਵਨ ਦੇ ਆਖਰੀ ਸਾਹ ਤੱਕ ਪਹੁੰਚਾਇਆ।

ਬੁਲਾਰਿਆਂ ਨੇ ਦੱਸਿਆ ਕਿ ਸ੍ਰ. ਗੁਰਦੀਪ ਸਿੰਘ ਅਣਖੀ ਜੀ ਨੇ ਪੰਜਾਬੀ ਸੂਬਾ, ਖੁਸ਼ ਹੈਸੀਅਤ ਮੋਰਚਾ ਅਤੇ ਐਮਰਜੈਂਸੀ ਦੇ ਅੰਦੋਲਨਾਂ ਵੇਲੇ ਜੇਲ ਵੀ ਕੱਟੀ ਤੇ ਪੰਜਾਬ ’ਚ ਕਾਲੇ ਦੌਰ ਦੀ ਹਨੇਰੀ ਦਾ ਜ਼ੁਲਮ ਵੀ ਝੱਲਿਆ ਜਿਸਨੇ ਉਨਾਂ ਦੇ ਛੋਟੇ ਭਰਾ ਜਰਨੈਲ ਸਿੰਘ ਅਤੇ ਭਤੀਜੇ ਪੱਪੀ ਨੂੰ ਨਿਗਲ ਲਿਆ ਸੀ ਪਰ ਉਹ ਆਪਣੇ ਸਿਦਕ ਤੋਂ ਇਕ ਕਦਮ ਵੀ ਪਿੱਛੇ ਨਹੀਂ ਹਟੇ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਸ੍ਰ. ਅਣਖੀ ਜੀ ਜਿੱਥੇ ਖੁਦ ਕਿਤਾਬਾਂ ਪੜਨ ਦਾ ਸ਼ੌਕ ਰੱਖਦੇ ਸਨ ਉੱਥੇ ਉਹ ਦੂਜਿਆਂ ਨੂੰ ਵੀ ਪ੍ਰੇਰਿਤ ਕਰਦੇ ਸਨ। ਉਹਨਾਂ ਦਾ ਬੱਚਿਆਂ ਨਾਲ ਖਾਸ ਪਿਆਰ ਸੀ ਅਤੇ ਉਨਾਂ ਨਾਲ ਆਪਣੇ ਜੀਵਨ ਤਜ਼ਰਬੇ ਸਾਂਝੇ ਕਰਦੇ ਰਹਿੰਦੇ ਸਨ।

ਸ਼ਰਧਾਂਜਲੀ ਭੇਟ ਕਰਦਿਆਂ ਸ਼ਰਨ ਧਾਲੀਵਾਲ, ਆਂਚਲ ਹੇਅਰ, ਨਾਨਕ ਸਿੰਘ ਜੁਟਲਾ, ਚਰਨ ਸਿੰਘ ਗਿੱਲ, ਮਹਿੰਦਰ ਦੁਸਾਂਝ, ਗਿਆਨ ਸਿੰਘ ਬਿਲਗਾ, ਸਾਧੂ ਸਿੰਘ ਸੰਘਾ, ਕਰਨਲ ਹਰਦੇਵ ਸਿੰਘ ਗਿੱਲ, ਜੋਤ ਰਣਜੀਤ, ਕੁਲਦੀਪ ਸਿੰਘ ਸੁੱਜੋਂ, ਮਲਕੀਤ ਸਿੰਘ ਕਿੰਗਰਾ, ਇੰਦਰਜੀਤ ਚੁਗਾਵਾਂ ਨੇ ਸਾਂਝੇ ਰੂਪ ਵਿਚ ਕਿਹਾ ਕਿ ਸ੍ਰ. ਗੁਰਦੀਪ ਸਿੰਘ ਅਣਖੀ ਵਰਗੇ ਅੰਤਿਮ ਸਾਹ ਤੱਕ ਅਣਖ ਪੁਗਾਉਣ ਵਾਲੇ ਲੋਕ ਕਦੇ ਕਦੇ ਹੀ ਦੁਨੀਆਂ ’ਤੇ ਪੈਦਾ ਹੁੰਦੇ ਹਨ।

ਉਹਨਾਂ ਦੇ ਤੁਰ ਜਾਣ ਨਾਲ ਜੋ ਖਲਾਅ ਪੈਦਾ ਹੋਇਆ ਹੈ ਉਹ ਸਦਾ ਹੀ ਸਾਡੇ ਭਾਈਚਾਰੇ ਨੂੰ ਰੜਕਦਾ ਰਹੇਗਾ ਪਰ ਉਹ ਆਪਣੀਆਂ ਯਾਦਾਂ ਨਾਲ ਹਮੇਸ਼ਾ ਸਾਡੇ ਦਿਲਾਂ ਵਿਚ ਵਸਦੇ ਰਹਿਣਗੇ।

ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਕੱਤਰ ਸੁਰਿੰਦਰ ਮੰਢਾਲੀ ਨੇ ਫੋਰਮ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਪਰਿਵਾਰ ਵਲੋਂ ਦੁਖ ਦੀ ਘੜੀ ’ਚ ਸ਼ਾਮਿਲ ਹੋਣ ਵਾਲੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਉਸਤਾਦ ਸ਼ਾਇਰ ਹਰਜਿੰਦਰ ਕੰਗ ਨੇ ਨਿਭਾਈ। ਇਸ ਮੌਕੇ ਦੇਸ਼-ਵਿਦੇਸ਼ ’ਚੋਂ ਵੱਖ ਵੱਖ ਸਖਸ਼ੀਅਤਾਂ, ਜਥੇਬੰਦੀਆਂ ਤੇ ਸੰ-ਸਥਾਵਾਂ ਦੇ ਸ਼ੋਕ ਸੁਨੇਹੇ ਵੀ ਪੜ ਕੇ ਸੁਣਾਏ ਗਏ ਜਿਨਾਂ ’ਚ ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਬਲਦੇਵ ਰਹਿਪਾ ਤੇ ਅਵਤਾਰ ਸਿੰਘ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਕੈਨੇਡਾ ਵੱਲੋਂ ਕੁਲਵੰਤ ਸਿੰਘ ਢੇਸੀ, ਪੰਜਾਬ ਤੋਂ ਵੱਖ-ਵੱਖ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਜਿਨਾਂ ਨਾਲ ਅਣਖੀ ਜੀ ਨੇ ਕੰਮ ਕੀਤਾ ਜਿਨਾਂ ’ਚ ਮੰਗਤ ਰਾਮ ਪਾਸਲਾ, ਕੁਲਵੰਤ ਸਿੰਘ ਸੰਧੂ, ਗੁਰਚੇਤਨ ਬਾਸੀ, ਲਹਿੰਬਰ ਸਿੰਘ ਤੱਗੜ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਚਰੰਜੀ ਲਾਲ, ਕਮੇਟੀ ਦੇ ਸਾਬਕਾ ਜਨਰਲ ਸਕੱਤਰ ਰਘਬੀਰ ਕੌਰ, ਉੱਘੇ ਕਹਾਣੀਕਾਰ ਅਜਮੇਰ ਸਿੱਧੂ, ਐੱਸ.ਐੱਫ.ਆਈ. ਦੇ ਸਾਬਕਾ ਪ੍ਰਧਾਨ ਤੇ ਡਾਕਟਰ ਸਵੈਮਾਨ ਸਿੰਘ ਦੇ ਪਿਤਾ ਜਸਵਿੰਦਰ ਪਾਲ ਸਿੰਘ, ਦੁਸਾਂਝ ਵੈਲਫੇਅਰ ਕਮੇਟੀ ਵਲੋਂ ਰਸ਼ਪਾਲ ਦੁਸਾਂਝ ਤੇ ਪਾਕਿ-ਸਤਾਨ ਤੋਂ ਆਸਿਫ ਰਜ਼ਾ ਵਲੋਂ ਭੇਜੇ ਸ਼ੋਕ ਸੁਨੇਹੇ ਸ਼ਾਮਲ ਹਨ।

ਇਸ ਸ਼ਰਧਾਂਜਲੀ ਸਮਾਰੋਹ ’ਚ ਮੱਖਣ ਸਿੰਘ ਬਾਸੀ, ਤਰਲੋਕ ਸਿੰਘ ਜੌਹਲ, ਨਰਿੰਦਰ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ, ਬੇਅ ਏਰੀਏ ਤੋਂ ਸ਼ਾਇਰ ਕੁਲਵਿੰਦਰ ਪਲਾਹੀ, ਮਨਜੀਤ ਕੌਰ ਪਲਾਹੀ, ਪਾਲ ਸਿੰਘ ਸਹੋਤਾ, ਅਮੋਲਕ ਸਿੰਘ ਸਿੱਧੂ, ਸੁਰਿੰਦਰ ਸਿੰਘ ਨਿੱਜਰ, ਅੰਮ੍ਰਿਤਪਾਲਸਿੰਘ ਨਿੱਜਰ, ਅਰਵਿੰਦਰ ਲਾਖਣ, ਰਵਿੰਦਰ ਬੋਇਲ,ਅਮਰੀਕ ਸਿੰਘ ਕਾਨਕਰਡ, ਕੁਲਵੰਤ ਧਾਲੀਆ ਤੋਂ ਇਲਾਵਾ ਅਮਰੀਕਾ ਭਰ ਤੋਂ ਆਈਆਂ ਪ੍ਰਮੁੱਖ ਸਖਸ਼ੀਅਤਾਂ ਨੇ ਸ੍ਰ. ਗੁਰਦੀਪ ਸਿੰਘ ਅਣਖੀ ਨੂੰ ਯਾਦ ਕੀਤਾ। ਪਰਿਵਾਰ ਵਲੋਂ ਸ੍ਰ. ਗੁਰਦੀਪ ਸਿੰਘ ਅਣਖੀ ਜੀ ਦੇ ਬੇਟੇ ਹਰਜਿੰਦਰ ਢੇਸੀ ਅਤੇ ਪੋਤੇ-ਪੋਤੀਆਂ, ਦੋਹਤੇ-ਦੋ-ਹਤੀਆਂ ਨੇ ਭਾਵਪੂਰਤ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਦੁਖ ਦੀ ਘੜੀ ’ਚ ਸ਼ਾਮਿਲ ਹੋਣ ਵਾਲੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ।

# ਜਥੇਦਾਰ ਅਕਾਲ ਤਖ਼ਤ ਵਲੋਂ ਸਿੱਖ ਕੌਮ ਨੂੰ ਲਾਇਸੰਸੀ ਹਥਿਆਰ ਰੱਖਣ ਦੇ ਬਿਆਨ 'ਤੇ ਪੰਜਾਬ ਦੀ ਸਿਆਸਤ ਗਰਮਾਈ

**ਅੰਮ੍ਰਿਤਸਰ**–ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਮਨਾਉਂਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਨੇ ਸਿੱਖਾਂ ਨੂੰ ਹਮੇਸ਼ਾਂ ਹੀ ਜੁਲਮ ਦੀ ਰੱਖਿਆ ਲਈ ਸਮੇਂ ਦੇ ਹਾਣੀ ਬਣਨ ਲਈ ਤਿਆਰ ਬਰ ਤਿਆਰ ਰਹਿਣ ਦੀ ਸਿੱਖਿਆ ਦਿੱਤੀ ਸੀ। ਜਥੇਦਾਰ ਨੇ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਗਲ ਸ਼ਾਸ਼ਕਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦੇਿ ਖ਼ਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਨੇ ਸਿੱਖਾਂ ਨੂੰ ਘੋੜ ਸਵਾਰੀ, ਸ਼ਸਤਰ ਵਿੱਦਿਆ ਆਦਿ ਦੀ ਵੀ ਸਿਖਲਾਈ ਲੈ ਕੇ ਤਿਆਰ ਬਰ ਤਿਆਰ ਰਹਿਣ ਲਈ ਕਿਹਾ। ਜਥੇਦਾਰ ਨੇ ਕਿਹਾ ਕਿ ਹੁਣ ਹਰ ਸਿੱਖ ਨੂੰ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ ਅਤੇ ਜਿੱਥੇ ਤਲਵਾਰਬਾਜ਼ੀ, ਸ਼ਸਤਰ ਵਿੱਦਿਆ ਦੇ ਗੁਰ ਸਿੱਖਣ ਦੀ ਲੋੜ ਹੈ, ਉੱਥੇ ਹੀ ਅੱਜ ਸਮੇਂ ਦੇ ਹਾਣੀ ਹੁੰਦੇ ਹੋਏ ਹਰ ਸਿੱਖ ਲਾਇਸੰਸ ਵਾਲਾ ਹਥਿਆਰ ਕਾਨੂੰਨੀ ਤੌਰ ਤੇ ਆਪਣੇ ਨਾਲ ਰੱਖੇ। ਜਥੇਦਾਰ ਨੇ ਕਿਹਾ ਕਿ ਆਉਣ ਵਾਲਾ ਸਮਾਂ ਬਹੁਤ ਹੀ ਮਾੜਾ ਹੈ, ਉਨ੍ਹਾਂ ਕਿਹਾ ਕਿ ਹਰ ਸਿੱਖ ਤੰਦਰੁਸਤ ਰਹੇ ਅਤੇ ਨਸ਼ਿਆਂ ਤੋਂ ਰਹਿਤ ਰਹੇ ਕਿਉਂਕਿ ਨਸ਼ਿਆਂ ਦੀ ਅਲਾਮਤ ਨਾਲ ਨੌਜਵਾਨੀ ਦਾ ਬਹੁਤ ਘਾਣ ਹੋ ਚੁੱਕਿਆ ਹੈ।

**ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਵਿਰੋਧ**

ਇਸ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਜਥੇਦਾਰ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ। ਉਨ੍ਹਾਂ ਨੇ ਟਵੀਟ ਕੀਤਾ– 'ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ। ਤੁਹਾਡਾ ਹਥਿਆਰਾਂ ਵਾਲਾ ਬਿਆਨ ਸੁਣਿਆਂ... ਜਥੇਦਾਰ ਸਾਹਿਬ ਜੀ ਤੁਸੀਂ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਦਾ ਸੰਦੇਸ਼ ਦਿਓ ਨਾ ਕਿ ਹਥਿਆਰ ਰੱਖਣ ਦਾ। ਜਥੇਦਾਰ ਸਾਹਿਬ ਆਪਾਂ ਪੰਜਾਬ ਵਿੱਚ ਸ਼ਾਂਤੀ, ਭਾਈਚਾਰੇ ਅਤੇ ਮਾਡਰਨ ਤਰੱਕੀ ਦੇ ਸੁਨੇਹੇ ਦੇਣੇ ਨੇ ਨਾ ਕਿ ਮਾਡਰਨ ਹਥਿਆਰਾਂ ਦੇ।

**ਕਾਂਗਰਸ ਵਲੋਂ ਵਿਰੋਧ**



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਨੌਜਵਾਨਾਂ ਨੂੰ ਸਿਰਫ਼ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਦੇ ਦਿੱਤੇ ਸੰਦੇਸ਼ 'ਤੇ ਪ੍ਰਤੀਕਰਮ ਦਿੰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਸੱਦਾ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਦਿੱਤਾ ਹੈ, ਜਿਸ 'ਤੇ ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਵਲੋਂ ਇਕ ਭਾਈਚਾਰੇ ਦੇ ਨੌਜਵਾਨਾਂ ਨੂੰ ਬੁਲਾਇਆ ਗਿਆ ਹੈ, ਅਜਿਹੇ 'ਚ ਸਾਰਿਆਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਕੌਮ ਨੂੰ ਕੋਈ ਖਾਸ ਖਤਰਾ ਹੈ, ਜਿਸ ਕਾਰਨ ਨੌਜਵਾਨਾਂ ਨੂੰ ਆਧੁਨਿਕ ਲਾਇਸੈਂਸੀ ਹਥਿਆਰ ਰੱਖਣ ਦੀ ਲੋੜ ਹੈ।ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜਥੇਦਾਰ ਸਾਹਿਬ ਦਾ ਸਿੱਖ ਕੌਮ ਵਿੱਚ ਅਹਿਮ ਤੇ ਵਿਸ਼ੇਸ਼ ਸਥਾਨ ਹੈ। ਉਹ ਜੋ ਵੀ ਕਹਿੰਦਾ ਹੈ, ਉਸ ਨੂੰ ਸਿੱਖ ਕੌਮ ਨੇ ਹਮੇਸ਼ਾ ਹੀ ਗੰਭੀਰਤਾ ਨਾਲ ਲਿਆ ਹੈ ਅਤੇ ਇਸੇ ਲਈ ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਆਧੁਨਿਕ ਹਥਿਆਰ ਰੱਖਣ ਦੇ ਸੱਦੇ ਦਾ ਕਾਰਨ ਕੀ ਹੈ।

**ਜਥੇਦਾਰ ਦਾ ਬਿਆਨ ਲੋਕ ਹਿੱਤ ਦੇ ਖਿਲਾਫ਼–ਬਿੱਟਾ**

ਮਨਿੰਦਰਜੀਤ ਸਿੰਘ ਬਿੱਟਾ ਨੇ ਸ੍ਰੀ ਅਕਾਲ ਤਖਤ ਸਾਹਿਬ ਜਥੇਦਾਰ ਦੇ ਬਿਆਨ 'ਤੇ ਕਿਹਾ ਕਿ ਜਥੇਦਾਰ ਦਾ ਇਹ ਬਿਆਨ ਲੋਕ ਹਿੱਤ ਦੇ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸਿੰਘ ਸਾਹਿਬ ਇਹ ਜਵਾਬ ਦੇਣ ਕਿ ਦੇਸ਼ ਵਿੱਚ ਸਿੱਖਾਂ ਨੂੰ ਕਿੱਥੇ ਖਤ ਰਾ ਹੈ। ਉਨ੍ਹਾਂ ਨੇ ਕਿਹਾ ਕਿ ਜਥੇਦਾਰ ਦਾ ਇਹ ਬਿਆਨ ਲੋਕ ਹਿੱਤ ਦੇਿ ਖ਼ਲਾ ਫ਼ ਹੈ।

**ਜਥੇਦਾਰ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ–ਭਾਜਪਾ**

ਉਧਰ, ਭਾਜਪਾ ਆਗੂ ਹਰਜੀਤ ਗਰੇਵਾਲ ਨੇ ਕਿਹਾ ਹੈ ਕਿ ਜਥੇਦਾਰ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ।ਗਰੇਵਾਲ ਨੇ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ। ਉਨ੍ਹਾਂ ਨੂੰ ਆਪਣੇ ਬਿਆਨਾਂ ਉਤੇ ਗੌਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਬਾਦਲ ਪਰਿਵਾਰ ਬਾਰੇ ਸੋਚਦੇ ਹਨ ਕਿਉਂਕਿ ਉਹ ਸਿਆਸਤ ਵਿਚੋਂ ਬਾਹਰ ਹੋ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਥੇਦਾਰ ਹਰਪ੍ਰੀਤ ਸਿੰਘ ਦੇ ਬਿਆਨ 'ਤੇ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਨੇ ਸ਼੍ਰੀ ਗੁਰੂ ਸਾਹਿਬ ਜੀ ਦਾ ਹੁਕਮ ਯਾਦ ਕਰਵਾਇਆ ਹੈ ਜਿਸ ਵਿੱਚ ਗੁਰੂ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰ ਪਾਨਾ ਪਹਿਨ ਕੇ ਸਮੁੱਚੀ ਸਿੱਖ ਕੌਮ ਨੂੰ ਇਹ ਉਪਦੇਸ਼ ਦਿੱਤਾ ਕਿ ਹੁਣ ਵਖਤ ਆ ਗਿਆ ਹੈ ਕਿ ਹਰ ਸਿੱਖ ਨੂੰ ਗੁਰਬਾਣੀ ਦੇ ਨਾਲ ਨਾਲ ਸ਼ਸ਼ਤਰ ਵੀ ਧਾਰਨ ਕਰੇ ਤਾਂ ਜੋ ਸਮਾਂ ਆਉਣ 'ਤੇ ਉਹ ਆਪਣੇ ਨਾਲ ਮਜਬੂਰਾਂ ਦੀ ਮਦਦ ਕਰ ਸਕੇ। ਉਨ੍ਹਾਂ ਨੇ ਕਿਹਾ ਕਿ ਗੁਰੂ ਸਹਿਬਾਨ ਨੇ ਇਹ ਹੁਕਮ ਹੈ ਕਿ ਹਰ ਸਿੱਖ ਨੂੰ ਸ਼ਸ਼ਤਰ ਰੱਖਣੇ ਜਰੂਰੀ ਹਨ। ਜਗੀਰ ਕੌਰ ਨੇ ਕਿਹਾ ਜਥੇਦਾਰ ਦੇ ਇਸ ਬਿਆਨ 'ਤੇ ਰਾਜਨੀਤੀ ਨਾਂ ਕੀਤੀ ਜਾਵੇ।

ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰ ਦੇ ਬਿਆਨ ਤੇ ਕਿਹਾ ਕਿ ਸਾਡੇ ਸਿੱਖ ਧਰਮ ਚ ਸ਼ਸਤਰ ਤੇ ਹਥਿਆਰ ਦੀ ਵੱਡੀ ਮਹੱਤਤਾ ਹੈ ਤੇ ਸਾਡੇ ਗੁਰੂਆਂ ਦਾ ਹੁਕਮ ਹੈ ਕਿ ਹਰ ਸਿੱਖ ਨੂੰ ਸ਼ਸ ਤਰ ਧਾਰੀ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਥੇਦਾਰ ਸਿੱਖਾਂ ਦੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੇ ਅਤੇ ਕਿਸੇ ਨੂੰ ਵੀ ਉਨ੍ਹਾਂ ਦੇ ਫੈਸਲੇ ਤੇ ਕਿੰਤੂ-ਪਰੰਤੂ ਕਰਨ ਦਾ ਕੋਈ ਹੱਕ ਨਹੀ।

ਰਾਸ਼ਟਰੀ ਹਿੰਦੂ ਪਰਿਸ਼ਦ ਦੇ ਪ੍ਰਧਾਨ ਵਿਜੈ ਭਾਰਦਵਾਜ ਨੇ ਕਿਹਾ ਕਿ ਜਥੇਦਾਰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਸਰਵਉੱਚ ਸੰਸਥਾ ਦੇ ਮੁਖੀ ਹਨ। ਉਹ ਸਿੱਖ ਕੌਮ ਲਈ ਬਿਆਨ ਦੇ ਸਕਦੇ ਹਨ। ਪਰ ਇਸਦੇ ਨਾਲ ਵਿਜੈ ਭਾਰਤਵਾਜ ਨੇ ਵੀ ਹਿੰਦੂ ਭਾਈਚਾਰੇ ਨੂੰ ਵੀ ਆਪਣੇ ਘਰ ਲਾਇੰਸਸੀ ਹਥਿਆਰ ਰੱਖਣ ਦੀ ਅਪੀਲ ਕੀਤੀ ਹੈ।

# 100 ਫੁੱਟ ਡੂੰਘੇ ਬੋਰਵੈਲ 'ਚੋਂ ਕੱਢਿਆ ਰਿਤਿਕ ਜ਼ਿੰਦਗੀ ਦੀ ਜੰਗ ਹਾਰਿਆ, ਮਾਮਲਾ ਦਰਜ

**ਜਲੰਧਰ (ਜੇ ਸਿੰਘ 'ਭਡਿਆਰ')**– ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜਦੀਵਾਲਾ ਨੇੜਲੇ ਪਿੰਡ ਖਿਆਲਾ ਬੁਲੰਦਾ 'ਚ ਪਰਵਾਸੀ ਪਰਿਵਾਰ ਦੇ ਪਿੰਡ ਖਿਆਲਾ ਦੇ ਕੱਚੇ ਰਸਤੇ 'ਚ 6 ਸਾਲਾ ਬੱਚਾ ਰਿਤਿਕ ਰੋਸ਼ਨ ਐਤਵਾਰ ਸਵੇਰੇ ਕਰੀਬ 100 ਫੁੱਟ ਡੂੰਘੇ ਬੋਰਵੈੱਲ 'ਚੋਂ ਬਾਹਰ ਕੱਢਣ ਤੋਂ ਬਾਅਦ ਉਸ ਨੂੰ ਹਸਪਤਾਲ ਲਈ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦਮ ਘੁੱਟਣ ਕਾਰਨ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ। ਰਿਤਿਕ ਦੀ ਲਾਸ਼ ਪੋਸਟ ਮਾਰਟਮ ਤੋਂ ਬਾਅਦ ਹੀ ਵਾਰਸਾਂ ਨੂੰ ਸੌਂਪੀ ਜਾਵੇਗੀ। ਸਥਾਨਕ ਪੁਲਿਸ ਵਲੋਂ ਖੇਤ ਵਿੱਚ ਖੁੱਲਾ ਬੋਰਬੈਲ ਛੱਡਣ ਤੇ ਖੇਤ ਮਾਲਿਕ ਸਤਵੀਰ ਸਿੰਘ ਤੇ ਮਾਮਲਾ ਦਰਜ ਕੀਤਾ ਗਿਆ ਹੈ।

ਰਿਤਿਕ ਨੂੰ ਵੀ ਉਸੇ ਜਵਾਨ ਗੁਰਿੰਦਰ ਸਿੰਘ ਨੇ ਬੋਰਵੈੱਲ 'ਚੋਂ ਬਾਹਰ ਕੱਢਿਆ ਜਿਸ ਨੇ ਸੰਗਰੂਰ ਦੇ ਫਤਿਹਵੀਰ ਨੂੰ ਬੋਰਵੈੱਲ 'ਚੋਂ ਬਾਹਰ ਕੱਢਿਆ ਸੀ। ਫੌਜ, ਕੌਮੀ ਰਾਹਤ ਬਲ (ਐਨਡੀਆਰਐਫ) ਜ਼ਿਲ੍ਹਾ ਪੁਲੀਸ ਅਤੇ ਸਥਾਨਕ ਵਲੰਟੀਅਰਾਂ ਨੇ ਬੱਚੇ ਨੂੰ ਬੋਰਵੈੱਲ ਵਿੱਚੋਂ ਜਿਊਂਦਾ ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ।ਪਰਿਵਾਰ ਨੇ ਮੰਗ ਕੀਤੀ ਕਿ ਦੇਸ਼ ਅੰਦਰ ਬੋਰਵੈੱਲ ਵਿੱਚ ਬੱਚੇ ਡਿੱਗਣ ਦੀਆਂ ਘਟਨਾਵਾਂ 'ਤੇ ਰੋਕ ਲਗਾਉਣ ਲਈ ਸਖ਼ਤ ਕਦਮ ਚੁੱਕੇ ਜਾਣ।

**ਮੁੱਖ ਮੰਤਰੀ ਵਲੋਂ ਦੁੱਖ ਦਾ ਪ੍ਰਗਟਾਵਾ**

ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਬੱਚੇ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਅਤੇ ਪਰਿਵਾਰ ਨੂੰ 2 ਲੱਖ ਰੁਪਏ ਸਰਕਾਰ ਵੱਲੋਂ ਦੇਣ ਦਾ ਐਲਾਨ ਕੀਤਾ ਹੈ।

**ਕਿਵੇਂ ਵਾਪਰਿਆ ਹਾਦਸਾ**

ਜਾਣਕਾਰੀ ਅਨੁਸਾਰ ਸਵੇਰੇ ਕਰੀਬ 9 ਵਜੇ ਪਰਵਾਸੀ ਮਜ਼ਦੂਰ ਰਾਜਿੰਦਰ ਸਿੰਘ ਦਾ 6 ਸਾਲਾ ਬੇਟਾ ਰਿਤਿਕ ਰੋਸ਼ਨ ਜੋ ਕਿ ਥੋੜਾ ਮੰਦਬੁੱਧੀ ਸੀ, ਖੇਤਾਂ ਵਿੱਚ ਖੇਡ ਰਿਹਾ ਸੀ। ਉਸ ਪਿੱਛੇ ਪਏ ਆਵਾਰਾ ਕੁੱਤਿਆਂ ਤੋਂ ਬਚਣ ਲਈ ਉਹ ਖੇਤਾਂ



ਵਿਚਲੇ ਇੱਕ ਬੋਰਵੈੱਲ ਦੀ ਪਾਈਪ ਉੱਤੇ ਚੜ੍ਹ ਗਿਆ। ਬੋਰਵੈੱਲ ਸਾਦੀ ਬੋਰੀ ਨਾਲ ਢੱਕਿਆ ਹੋਇਆ ਸੀ ਜੋ ਬੱਚੇ ਚੜ੍ਹਨ ਕਾਰਨ ਫਟ ਗਈ ਤੇ ਰਿਤਿਕ ਬੋਰਵੈੱਲ ਵਿੱਚ ਜਾ ਡਿੱਗਿਆ। ਉਸ ਦੀ ਭੈਣ ਵੱਲੋਂ ਰਿਤਿਕ ਨੂੰ ਬੋਰਵੈੱਲ ਵਿੱਚ ਡਿੱਗਦਿਆਂ ਦੇਖ ਕੇ ਪਾਏ ਰੌਲੇ ਕਾਰਨ ਲੋਕ ਇਕੱਠੇ ਹੋ ਗਏ।

**ਹੋਰ ਵੀ ਹੋ ਚੁੱਕੀਆਂ ਹਨ ਇਸੇ ਤਰ੍ਹਾਂ ਘਟਨਾਵਾਂ**

ਮੁਰਾਦਾਬਾਦ (ਉੱਤਰ ਪ੍ਰਦੇਸ਼) ਤੋਂ ਆ ਕੇ ਵੱਸੇ ਪਰਵਾਸੀ ਪਰਿਵਾਰ ਦਾ ਛੇ ਸਾਲਾ ਬੱਚਾ ਤਕਰੀਬਨ 100 ਫੁੱਟ ਡੂੰਘੇ ਬੋਰਵੈੱਲ 'ਚ ਡਿੱਗ ਪਿਆ ਸੀ। ਬੋਰ ਦਾ ਮੂੰਹ ਇਕ ਬੋਰੀ ਨਾਲ ਢਕਿਆ ਹੋਇਆ ਸੀ। ਬੋਰ ਬਾਰੇ ਬਾਕਾਇਦਾ ਕਾਨੂੰਨੀ ਹਦਾਇਤਾਂ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾਂਦਾ। ਇਸੇ ਕਰਕੇ ਅਜਿਹੇ ਦੁਖਦਾਈ ਹਾਦਸੇ ਵਾਪਰਦੇ ਹਨ।

16 ਵਰ੍ਹੇ ਪਹਿਲਾਂ ਵੀ ਜੁਲਾਈ 2006 'ਚ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ 'ਚ ਛੇ ਸਾਲਾ ਪ੍ਰਿੰਸ ਨਾਂ ਦਾ ਬੱਚਾ ਵੀ ਇੰਝ ਹੀ ਬੋਰਵੈੱਲ 'ਚ ਡਿੱਗਿਆ ਸੀ ਪਰ ਉਸ ਨੂੰ ਸਹੀ-ਸਲਾਮਤ ਬਾਹਰ ਕੱਢ ਲਿਆ ਗਿਆ ਸੀ। ਫਿਰ 2019 'ਚ ਸੰਗਰੂਰ ਜ਼ਿਲ੍ਹੇ ਦੇ ਬੱਚੇ ਫ਼ਤਿਹਵੀਰ ਨੂੰ ਵੀ ਬੋਰਵੈੱਲ ਕਰਕੇ ਹੀ ਆਪਣੀ ਜਾਨ ਗੁਆਉਣੀ ਪਈ ਸੀ।

**ਸਰਕਾਰ ਨੂੰ ਸਖ਼ਤ ਕਦਮ ਚੁੱਕਣ ਦੀ ਲੋੜ**

ਅਜਿਹੇ ਹਾਦਸਿਆਂ ਦੇ ਬਾਵਜੂਦ ਨਾ ਤਾਂ ਸਰਕਾਰ ਤੇ ਪ੍ਰਸ਼ਾਸਨ ਨੇ ਹੀ ਇਸ ਦਿਸ਼ਾ 'ਚ ਕੋਈ ਕਦਮ ਚੁੱਕਿਆ ਹੈ ਤੇ ਨਾ ਹੀ ਆਮ ਲੋਕਾਂ ਨੇ ਕੋਈ ਸਬਕ ਸਿੱਖਿਆ ਹੈ। ਰਿਤਿਕ ਨੂੰ ਬਾਹਰ ਕੱਢਣ ਦੀ ਕਾਰਵਾਈ ਜੇ ਥੋੜ੍ਹੀ ਛੇਤੀ ਸ਼ੁਰੂ ਹੋ ਜਾਂਦੀ ਤਾਂ ਸ਼ਾਇਦ ਉਸ ਦੀ ਜਾਨ ਬਚ ਸਕਦੀ ਸੀ। ਦਰਅਸਲ ਅਜਿਹੇ ਹਾਦਸੇ ਵਾਪਰਨ ਤੋਂ ਬਾਅਦ ਪ੍ਰਸ਼ਾਸਨ ਨੂੰ ਮਾਹਿਰ ਟੀਮਾਂ ਦੀ ਉਡੀਕ ਕਰਨੀ ਪੈਂਦੀ ਹੈ। ਉਸ 'ਚ ਕਾਫ਼ੀ ਸਮਾਂ ਖ਼ਰਚ ਹੋ ਜਾਂਦਾ ਹੈ। ਇਸ ਵਾਰ ਵੀ ਰਿਤਿਕ ਨੂੰ ਬੋਰਵੈੱਲ 'ਚੋਂ ਉਸੇ ਮਾਹਿਰ ਨੇ ਬਾਹਰ ਕੱਢਿਆ, ਜਿਸ ਨੇ ਫ਼ਤਿਹਵੀਰ ਨੂੰ ਕੱਢਿਆ ਸੀ। ਹਰੇਕ ਜ਼ਿਲ੍ਹੇ 'ਚ ਸਰਕਾਰੀ ਤੇ ਗ਼ੈਰ-ਸਰਕਾਰੀ ਪੱਧਰ ਉੱਤੇ ਟੀਮਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਆਪਣੇ ਲਾਗਲੇ ਇਲਾਕਿਆਂ 'ਚ ਖੁੱਲ੍ਹੇ ਪਏ ਬੋਰਵੈੱਲ ਬਾਰੇ ਆਮ ਜਨਤਾ ਨੂੰ ਪ੍ਰਸ਼ਾਸਨ ਤਕ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ ਤੇ ਅਜਿਹੇ ਮਾਮਲਿਆਂ ਬਾਰੇ ਨਿੱਕੇ ਬੱਚਿਆਂ ਨੂੰ ਵੀ ਖੇਡ-ਖੇਡ 'ਚ ਹੀ ਸਮਝਾਉਣਾ ਚਾਹੀਦਾ ਹੈ। ਬੋਰਵੈੱਲ ਨੂੰ ਖੁੱਲ੍ਹਾ ਛੱਡਣਾ ਸੰਗੀਨ ਜੁਰਮ ਵੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ਅਜਿਹੀ ਕੋਤਾਹੀ ਕਰਨ ਵਾਲਿਆਂ ਨੂੰ ਬਾਮੁਸ਼ੱਕਤ ਕੈਦ ਤੇ ਭਾਰੀ ਜੁਰਮਾਨਿਆਂ ਦੀ ਕਾਨੂੰਨੀ ਤਜ਼ਵੀਜ ਰੱਖੀ ਜਾਣੀ ਚਾਹੀਦੀ ਹੈ।

**ਵਿਦੇਸ਼ਾਂ ਤੋਂ ਸਿੱਖਣ ਦੀ ਲੋੜ**

ਵਿਦੇਸ਼ਾਂ 'ਚ ਵੀ ਅਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਹਨ ਤੇ ਬੱਚੇ ਅਜਿਹੀਆਂ ਥਾਵਾਂ 'ਤੇ ਫਸ ਜਾਂਦੇ ਹਨ, ਜਿੱਥੋਂ ਕਿਸੇ ਨੂੰ ਕੋਈ ਆਸ ਹੀ ਨਹੀਂ ਹੁੰਦੀ ਪਰ ਉੱਥੇ ਉਨ੍ਹਾਂ ਨੂੰ ਛੇਤੀ ਹੀ ਸਹੀ-ਸਲਾਮਤ ਬਾਹਰ ਕੱਢ ਲਿਆ ਜਾਂਦਾ ਹੈ। ਅਜਿਹੀਆਂ ਤਕਨੀਕਾਂ ਭਾਰਤੀ ਮਾਹਿਰਾਂ ਤੇ ਇੰਜੀਨੀਅਰਾਂ ਨੂੰ ਵੀ ਵਿਕਸਤ ਕਰਨੀਆਂ ਚਾਹੀਦੀਆਂ ਹਨ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਅਜਿਹੇ ਮਾਮਲੇ 'ਚ ਨਿੱਜੀ ਖੋਜਕਾਰਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਕੁਝ ਗ਼ੈਰ-ਸਰਕਾਰੀ ਰਿਪੋਰਟਾਂ ਮੁਤਾਬਕ ਤਾਂ ਪੰਜਾਬ 'ਚ ਹਾਲੇ ਵੀ ਖੁੱਲ੍ਹੇ ਪਏ ਬੋਰਵੈੱਲ ਦੀ ਗਿਣਤੀ ਸੈਂਕੜਿਆਂ 'ਚ ਹੈ। ਉਨ੍ਹਾਂ ਨੂੰ ਬੰਦ ਕਰਨ ਦੇ ਮਾਮਲੇ 'ਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਕਦੇ ਨਹੀਂ ਵਰਤੀ ਜਾਣੀ ਚਾਹੀਦੀ। ਕਾਨੂੰਨ ਅਨੁਸਾਰ ਬੋਰਵੈੱਲ ਕਦੇ ਵੀ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ, ਉਸ ਦਾ ਮੂੰਹ ਹਰ ਹਾਲਤ 'ਚ ਚੰਗੀ ਤਰ੍ਹਾਂ ਬੰਦ ਕਰਨਾ ਜ਼ਰੂਰੀ ਹੈ।

# ਜਗਜੀਤ ਸਿੰਘ ਡੱਤਰਾ ਦੀਆਂ ਕੁਝ ਕਵਿਤਾਵਾਂ



## ਦਰਦਾ ਲਹਿਜੇਂ

ਨਾ ਵਾਤਾਵਰਣ ਬਦਲੇ ਨਾ ਬਦਲੇ ਲਹਿਜੇਂ,
ਬਦਲਿਆ ਕੁੱਝ ਨਾ ਬਦਲੇ ਸਭ ਅਫਲਾਜੇ।
ਇਹੋ ਜਿਹੇ ਦਰਦ ਦੁੱਖ ਕੌਣ ਹੰਢਾਏ,
ਸਿਰਫ ਮਾਰਨ ਦੇ ਹਥਿਆਰ ਬਦਲਾਏ।
ਮੇਰੀਆਂ ਤਰੁੱਟੀਆਂ ਅਨੇਕਾਂ ਦਰਸਾਂਉਦੇ,
ਵਿਰੋਧ ਮੇਰੇ ਮੇਰੇ ਬਾਰੇ ਸੰਗ ਪਾੜ ਗਾਉਂਦੇ।
ਇਹੋ ਜਿਹਾ ਵਕਤ ਚੱਲਦਾ ਜ਼ਿੰਦਗੀ 'ਚ ਮਨਾਂ,
ਸਾਡੇ ਤੇ ਹੀ ਦਿਲਾਂ ਥੋਪਿਆ ਇਹ ਗੁਨਾਂਹ।
ਜਗਜੀਤ ਇਕੱਠੇ ਕਰ ਸਭ ਦਰਦਾਂ,
ਬਸ ਪਿਆਰ ਕਰ ਪਤਾ ਨਹੀਂ ਕਲਦਾ।

## ਮੰਜ਼ਰ

ਵੇਖਿਆ ਮੈਂ ਮੰਜ਼ਰ ਇਕ ਐਸਾ,
ਸ਼ਹਿਦ ਤੋਂ ਵੀ ਮਿੱਠਾ ਦਰਦ ਲੱਗਦਾ।
ਸੁੰਨ ਸ਼ਨਾਟਾ ਗਲੀਂ 'ਚ ਛਾਇਆ,
ਡਿੱਠਾ ਇਸ਼ਕ ਮਹਿਲ ਉਸਰਦਾ।
ਕੰਬਣ ਰਾਤਾਂ ਪੋਹ ਦੇ ਛਾਇਆ,
ਕੁੱਝ ਨਾ ਵੇਖਿਆ ਗਮ ਦੇ ਨਿੱਘ ਦਾ।
ਚਾਨਣ ਲੋਅ ਦਰਦਾਂ ਦਾ ਐਸਾ,
ਵਿਚ ਭੱਠਾ ਦੇ ਸੀਤ ਜਿਹਾ ਲੱਗਦਾ।
ਕੋਰਾ ਵਰਕਾ ਬਹਿਕੇ ਪੜਲੈ ਤੂੰ,
ਮਿਸ਼ਰੀ ਵਰਗੇ ਦਰਦ ਨੂੰ ਜਰਲਾਂ।
ਪੁੱਛ ਵੇਖ ਪੀੜਾਂ ਮਾਰੇ ਨੂੰ,
ਵੇਖਿਆ ਹਾਲ ਨਾ ਅੱਖੀਂ ਜਾਂਦਾ।
ਲਿੱਖਣਾ ਮੇਰੀ ਸੱਚੀ ਕਮਾਈ,
ਜਗਜੀਤ ਸੱਚ ਲਿਖਿਆ ਕਰਦਾ।

## ਮੰਜ਼ਲ

ਕਰਕੇ ਚਤਰਾਈਆਂ,
ਮੰਜ਼ਲ ਨਹੀਂ ਪਾਈ ਜਾਂਦੀ।
ਸਚਾਈ 'ਤੇ ਚੱਲਣਾ,
ਸੱਚੀ ਰੀਤ ਬਣ ਜਾਂਦੀ।
ਔਖੇ ਕੰਮ ਕਰਨੇ ਤੇ,
ਕਹਿਣੀ ਤੇ ਕੱਥਨੀ ਇਕ ਹੋ ਜਾਂਦੀ।
ਮਖੌਲ ਕਰ ਮੌਤ ਨੂੰ,
ਰਿਸ਼ਕ ਦੀ ਖਾਈ ਟੱਪੀ ਜਾਂਦੀ।
ਭਾਂਵੇ ਤਜ਼ਰਬੇ ਸਹੀ ਹੋਣੇ,
ਜਗਜੀਤ ਚਲਦੀ ਗੱਡੀ ਨਾ ਰੋਕੀ ਜਾਂਦੀ।

## ਕਈ ਗੱਲਾਂ

ਕਈ ਗੱਲਾਂ ਨੇ ਮੈਨੂੰ ਨੋਚ ਲਿਆ,
ਕਈ ਗੱਲਾਂ ਨੇ ਮੈਨੂੰ ਬੋਚ ਲਿਆ।
ਕਈ ਗੱਲਾਂ ਨੇ ਮੈਨੂੰ ਜਾਲਿਆ ਏ,
ਕਈ ਗੱਲਾਂ ਨੇ ਮੈਨੂੰ ਠਾਗਿਆ ਏ।
ਕਈ ਗੱਲਾਂ ਅੱਗੇ ਆ ਖੜੀਆਂ,
ਕਈ ਗੱਲਾਂ ਗਮਾਂ 'ਚ ਦੱਬ ਮਰੀਆਂ।
ਕਈ ਗੱਲਾਂ ਨਿੱਸ਼ਚੇ ਨੂੰ ਭੁੱਲਿਆ,
ਕਈ ਗੱਲਾਂ ਐਂਵੇ ਮੱਚ ਮਰੀਆਂ।
ਕਈ ਗੱਲਾਂ ਸੱਚ ਨਾ ਕਹਿ ਸਕੀਆਂ,
ਕਈ ਗੱਲਾਂ ਮਨ 'ਚੋਂ ਬੁੱਝ ਚੁੱਕੀਆਂ।
ਕਈ ਗੱਲਾਂ ਜਗਜੀਤ ਸੱਚ ਕਹੀਆ,
ਕਈ ਗੱਲਾਂ ਜ਼ਹਿਰੀ ਸੱਪ ਜਹੀਆ।

# ਧਰਮਿੰਦਰ ਮਸਾਣੀ ਦੀ ਸਾਹਿਤਕ ਗਾਇਕੀ ਨੇ ਸਰੋਤੇ ਕੀਲੇ, ਸੰਤੋਖ ਸਿੰਘ ਜੱਸੀ ਦੀ ਪੁਸਤਕ "ਸੱਚ ਸਮੁੰਦਰ" ਰੀਲੀਜ਼ ਕੀਤੀ







**ਬੰਗਾ–** ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਵੱਲੋਂ ਪੰਚਾਇਤ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਕਰਵਾਈ ਲੋਕ ਗਾਇਕ ਧਰਮਿੰਦਰ ਮਸਾਣੀ ਦੀ ਸੁਰਮਈ ਸ਼ਾਮ ਯਾਦਗਾਰੀ ਰਹੀ। ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਤੇ ਗੀਤਾਂ ਸੰਗ ਕਰੀਬ ਢਾਈ ਘੰਟੇ ਰੰਗ ਬੰਨੀ ਰੱਖਿਆ। ਜਦੋਂ ਉਨ੍ਹਾਂ ਨੇ ਮੈਂ ਦਿਖਾਇਆ ਸ਼ੀਸ਼ਾ ਤੇ ਉਨ੍ਹਾਂ ਪੱਥਰ ਮਾਰੇ ਨੇ, ਘਟਾਵਾਂ ਨੇ ਜਦੋਂ ਬੁੱਕਲ ਦੇ ਵਿੱਚ ਸੂਰਜ ਲੁਕਾਇਆ ਸੀ, ਸਭ ਨੇ ਉਸਕੋ ਥੋੜ੍ਹਾ ਥੋੜ੍ਹਾ ਦੇਖਾ ਹੈ ਤੇ ਮਾਹੀਆ ਵਰਗੀਆਂ ਰਚਨਾਵਾਂ ਸੁਣਾਈਆਂ ਤਾਂ ਸਰੋਤੇ ਅਸ਼-ਅਸ਼ ਕਰ ਉੱਠੇ। ਇਸ ਮੌਕੇ ਇਕਬਾਲ ਸਿੰਘ ਕਾਹਮਾ ਵੱਲੋਂ ਸ਼ਮਾਂ ਰੌਸ਼ਨ ਕਰ ਕੇ ਮਹਿਫ਼ਲ ਦੀ ਸ਼ੁਰੂਆਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਪ੍ਰੋ ਸ਼ਮਸ਼ਾਦ ਅਲੀ, ਪ੍ਰੋ. ਸੁਰਜੀਤ ਜੱਜ, ਸ੍ਰੀ ਹਰਬੰਸ ਹੀਓਂ ਅਤੇ ਸੰਤੋਖ ਸਿੰਘ ਜੱਸੀ ਸ਼ਾਮਲ ਸਨ। ਆਪ ਆਗੂ ਕੁਲਜੀਤ ਸਿੰਘ ਸਰਹਾਲ ਮੁੱਖ ਮਹਿਮਾਨ ਦੇ ਤੌਰ ਤੇ ਪੁੱਜੇ। ਸਭਾ ਦੇ ਸਰਪ੍ਰਸਤ ਹਰਬੰਸ ਹੀਓਂ ਜੀ ਵੱਲੋਂ ਸ੍ਰੀ ਕੁਲਜੀਤ ਸਿੰਘ ਸਰਹਾਲ ਸਾਹਮਣੇ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਖਟਕੜਕਲਾਂ ਨੂੰ ਲਗਾਤਾਰ ਖੋਲ੍ਹਣ ਸੰਬੰਧੀ ਮੰਗ ਰੱਖੀ ਗਈ । ਇਸ ਮੰਗ ਸੰਬੰਧੀ ਸ੍ਰੀ ਕੁਲਜੀਤ ਸਿੰਘ ਸਰਹਾਲ ਨੇ ਭਰੋਸਾ ਦਿੱਤਾ ਕਿ ਇਸ ਸੰਬੰਧੀ ਜੋ ਵੀ ਕਾਰਵਾਈ ਲੋੜੀਂਦੀ ਹੋਈ ਉਹ ਕੀਤੀ ਜਾਵੇਗੀ । ਉੱਘੇ ਕਾਲਮ ਨਵੀਸ ਸ੍ਰੀ ਐਸ ਅਸ਼ੋਕ ਭੌਰਾ ਨੇ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ।

ਉਨ੍ਹਾਂ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ







ਰੰਗਲਾ ਪੰਜਾਬ ਸਿਰਜਣ ਵਿੱਚ ਸਾਹਿਤਕਾਰਾਂ ਨੂੰ ਵੱਡਾ ਯੋਗਦਾਨ ਪਾਉਣਾ ਪਵੇਗਾ। ਇਸ ਮੌਕੇ ਸੰਤੋਖ ਸਿੰਘ ਜੱਸੀ ਜੀ ਦੀ ਕਿਤਾਬ "ਸੱਚ ਸਮੁੰਦਰ" ਵੀ ਲੋਕ ਅਰਪਣ ਕੀਤੀ ਗਈ । ਸੰਤੋਖ ਸਿੰਘ ਜੱਸੀ ਨੇ ਇਸ ਕਿਤਾਬ ਬਾਰੇ ਬੋਲਦਿਆਂ ਦੱਸਿਆ ਕਿ ਇਹ ਕਿਤਾਬ ਇੱਕ ਅਜਿਹਾ ਦਸਤਾਵੇਜ ਹੈ ਜਿਸ ਵਿੱਚ ਖੇਤਰੀ ਲਿਖਾਰੀਆਂ ਤੋਂ ਲੈ ਕੇ ਵਿਸ਼ਵ ਪ੍ਰਸਿੱਧ ਵਿਦਵਾਨਾਂ ਤੱਕ ਦੇ ਵਿਚਾਰ ਸ਼ਾਮਲ ਕੀਤੇ ਗਏ ਨੇ। ਗਾਇਕ ਕ੍ਰਿਸ਼ਨ ਹੀਓਂ ਨੇ ਵੀ ਕੁਝ ਸਮੇਂ ਲਈ ਆਪਣੀ ਹਾਜ਼ਰੀ ਲਵਾਈ। ਪ੍ਰੋ. ਸ਼ਮਸ਼ਾਦ ਅਲੀ ਜੀ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਦੱਸਿਆ ਕਿ ਸੰਗੀਤ ਦਾ ਮਨੁੱਖ ਦਾ ਬਹੁਤ ਗਹਿਰਾ ਰਿਸ਼ਤਾ ਹੈ। ਸੰਗੀਤ ਬਿਮਾਰ ਇਨਸਾਨ ਨੂੰ ਵੀ ਠੀਕ ਕਰਨ ਦੀ ਸਮਰੱਥਾ ਰੱਖਦਾ ਹੈ। ਉਨ੍ਹਾਂ ਕਿ ਸਾਹਿਤ ਸਭਾ ਵੱਲੋਂ ਅਜਿਹੀ ਸੰਗੀਤਕ ਮਹਿਫ਼ਲ ਕਰਵਾਉਣੀ ਇੱਕ ਸ਼ਲਾਘਾਯੋਗ ਉਪਰਾਲਾ ਹੈ।

ਪ੍ਰੋ. ਸੁਰਜੀਤ ਜੱਜ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅੱਜ ਦੇ ਦੌਰ ਵਿੱਚ ਸਾਹਿਤਕ ਗਾਇਕੀ ਦੀ ਬੇਹੱਦ ਜ਼ਰੂਰਤ ਹੈ। ਉਨ੍ਹਾਂ ਆਖਿਆ ਸਾਹਿਤਕ ਗਾਉਣ ਵਾਲੇ ਬੇਸ਼ੱਕ ਥੋੜੇ ਲੋਕ ਹੁੰਦੇ ਹਨ ਪਰ ਉਨ੍ਹਾਂ ਦਾ ਸਮਾਜ 'ਤੇ ਅਸਰ ਵੱਡਾ ਹੁੰਦਾ ਹੈ। ਪੰਚਾਇਤ ਅਫ਼ਸਰ ਸ੍ਰੀ ਹਰਬਲਾਸ ਵਾਗਲਾ ਨੇ ਇਸ ਮਹਿਫ਼ਲ ਵਿੱਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿਚ ਗੁਰਬਚਨ ਸਿੰਘ ਸੈਣੀ, ਤੀਰਥ ਸਿੰਘ ਚਾਹਲ, ਹੈਡ ਮਾਸਟਰ ਹਰਜੋਗ ਸਿੰਘ, ਮੋਹਣ ਬੀਕਾ, ਹਰਪ੍ਰੀਤ ਰਾਮਪੁਰ ਅਟਾਰੀ, ਪਹਿਲਵਾਨ ਹਰਦੀਪ ਸਿੰਘ ਰਾਏਪੁਰ ਡੱਬਾ, ਸੰਜੀਵ ਐਮਾ ਜੱਟਾਂ, ਰਜਨੀ ਸ਼ਰਮਾ, ਅਨੀ ਕਾਠਗੜ੍ਹ, ਗੋਪੀ ਮਸਾਣੀ, ਅਰੁਣ ਗੁਣਾਚੌਰ, ਸਰਬਜੀਤ ਮੰਗੂਵਾਲ, ਵਰੁਣ ਅੱਪਰਾ, ਰਣਜੀਤ ਔਜਲਾ, ਨਿਤਿਨ ਮੁਕੰਦਪੁਰ, ਬਲਬੀਰ ਰੱਤੂ, ਸ਼ਿੰਗਾਰਾ ਲੰਗੇਰੀ, ਪਰਮਿੰਦਰ ਕਲੇਰਾਂ, ਜਸਵੀਰ ਸਿੰਘ ਨੂਰਪੁਰ, ਨਰਿੰਦਰ ਮਾਹੀ, ਸੰਜੀਵ ਭਨੋਟ, ਧਰਮਵੀਰ ਪਾਲ, ਨਰਿੰਦਰ ਰੱਤੂ, ਨਵਕਾਂਤ ਭਰੋਮਜਾਰਾ, ਸੁਖਜਿੰਦਰ ਬਖਲੌਰ ਆਦਿ ਹਾਜ਼ਰ ਸਨ ।ਸਭਾ ਦੇ ਅਹੁਦੇਦਾਰ ਦੀਪ ਕਲੇਰ ਅਤੇ ਪਰਮਜੀਤ ਚਾਹਲ ਸਭਾ ਦੇ ਸਾਥੀਆਂ ਕ੍ਰਿਸ਼ਨ ਹੀਓਂ, ਤਲਵਿੰਦਰ ਸ਼ੇਰਗਿੱਲ, ਗੁਰਦੀਪ ਸਿੰਘ ਸੈਣੀ ,ਓਂਕਾਰ ਸਾਹਲੋਂ ਅਤੇ ਸਮੁੱਚੀ ਟੀਮ ਸਮੇਤ ਹਾਜ਼ਿਰ ਰਹੇ । ਇਸ ਮੌਕੇ ਵੱਖ ਵੱਖ ਪਿੰਡਾਂ ਦੇ ਸਰਪੰਚ ਹਾਜ਼ਰ ਸਨ । ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਲਵਿੰਦਰ ਸ਼ੇਰਗਿੱਲ ਨੇ ਨਿਭਾਈ।


# ਸਕਾਟਲੈਂਡ: ਸੈਮਸਾ ਵੱਲੋਂ ਕਰਵਾਏ ਬੈਡਮਿੰਟਨ ਮੁਕਾਬਲਿਆਂ ਉਪਰੰਤ ਸਨਮਾਨ ਸਮਾਰੋਹ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੀ ਨਾਮਵਾਰ ਸੰਸਥਾ ਸਕਾਟਿਸ਼ ਐਥਨਿਕ ਮਾਈਨੌਰਿਟੀ ਸਪੋਰਟਸ ਐਸੋਸੀਏਸ਼ਨ (ਸੈਮਸਾ) ਪਿਛਲੇ ਲੰਮੇ ਸਮੇਂ ਤੋਂ ਸਰਗਰਮੀ ਨਾਲ ਗਤੀਵਿਧੀਆਂ ਕਰਦੀ ਆ ਰਹੀ ਹੈ। ਇਸ ਵਰ੍ਹੇ ਦੇ ਬੈਡਮਿੰਟਨ ਮੁਕਾਬਲਿਆਂ ਦਾ ਆਯੋਜਨ ਸਕੌਟਸਟਨ ਸਥਿਤ ਨੈਸ਼ਨਲ ਬੈਡਮਿੰਟਨ ਅਕੈਡਮੀ ਵਿਖੇ ਕਰਵਾਇਆ ਜਾ ਰਿਹਾ ਹੈ ਜਿਸਦੇ ਪਹਿਲੇ ਗੇੜ ਦੇ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰਧਾਨ ਦਿਲਾਵਰ ਸਿੰਘ, ਸਕੱਤਰ ਸ੍ਰੀਮਤੀ ਮਰਿਦੂਲਾ ਚਕਰਬਰਤੀ, ਟਰਸਟੀ ਸ੍ਰੀਮਤੀ ਕਮਲਜੀਤ ਮਿਨਹਾਸ, ਕਲੱਬ ਸੈਕਟਰੀ ਰੌਕੀ, ਬੋਰਡ ਮੈਂਬਰ ਗ੍ਰੈਗ, ਕਲੱਬ ਸਬ ਕਮੇਟੀ ਮੈਂਬਰ ਬਿੰਦਰ ਗੋਸਲ ਅਤੇ ਸਮੂਹ ਮੈਂਬਰਾਨ ਦੀ ਅਣਥੱਕ ਮਿਹਨਤ ਨਾਲ ਹੋਏ ਮੁਕਾਬਲਿਆਂ ਦੇ ਵੱਖ ਵੱਖ ਵਰਗਾਂ ਵਿੱਚ ਸੈਂਕੜਿਆਂ ਦੀ ਤਦਾਦ ਵਿੱਚ ਖਿਡਾਰੀਆਂ ਨੇ ਹਿੱਸਾ ਲਿਆ। ਮਰਦਾਂ ਦੇ ਸਿੰਗਲਜ਼ ਮੁਕਾਬਲੇ ਵਿੱਚ ਡੇਨੀਅਲ ਥਾਮਸ ਵਿਨਰ ਰਹੇ ਜਦਕਿ ਥਾਮਸ ਕੇਅਰਨਜ਼ ਰਨਰਅੱਪ ਰਹੇ। ਮੈਨਜ਼ ਡਬਲਜ਼




ਵਿੱਚ ਰਾਬਰਟ ਮੈਕਲਿਨ ਤੇ ਗਰੈਗ ਗਿਲਨ ਦੀ ਜੋੜੀ ਜੇਤੂ ਰਹੀ, ਫੈਸਲ ਸ਼ਾਹਿਦ ਤੇ ਆਰਸਲਨ ਖਾਲਿਲ ਰਨਰਅੱਪ ਰਹੇ। ਮਿਕਸ ਡਬਲਜ਼ ਮੁਕਾਬਲੇ ਵਿੱਚ ਅੰਸ਼ਿਤਾ ਤੇ ਲਕਸ਼ਿਆ ਨੇ ਫਾਈਨਲ ਮੁਕਾਬਲੇ ਵਿੱਚ ਪੀਟਰ ਤੇ ਕਲੇਅਰ ਦੀ ਜੋੜੀ ਨੂੰ ਪਛਾੜਿਆ। ਲੇਡੀਜ਼ ਸਿੰਗਲਜ਼ ਵਿੱਚ ਅਸ਼ੀਤਾ ਜੈਸਵਾਲ ਵਿਨਰ ਤੇ ਕਲੇਅਰ ਕੀਗਨ ਰਨਰਅੱਪ ਰਹੀ। ਲੇਡੀਜ਼ ਡਬਲਜ਼ ਵਿੱਚ ਨਾਦੀਆ ਕਯਾਮ ਤੇ ਕਲੇਅਰ ਕੀਗਨ ਦੀ ਜੋੜੀ ਨੇ ਕਰਿਤਕਾ ਤੇ ਰੀਨਾ ਦੀ ਜੋੜੀ 'ਤੇ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਹੀ ਅੰਡਰ 16 ਮੁਕਾਬਲਿਆਂ ਵਿੱਚ ਲਕਸ਼ਿਆ ਜੇਤੂ ਤੇ ਨੀਵ ਲੂਖ ਰਨਰਅੱਪ ਰਹੇ। ਓਵਰ 50 ਵਰਗ ਵਿੱਚ ਪੀਟਰ ਮਕਾਫੀ ਤੇ ਬ੍ਰਾਇਨ ਮਕਾਫੀ ਭਰਾਵਾਂ ਦੀ ਜਿੱਤ ਹੋਈ ਜਦਕਿ ਗਰੈਗ ਥਾਮਸ ਤੇ ਜੌਹਨ ਰਸਲ ਰਨਰਅੱਪ ਰਹੇ। ਸੈਮਸਾ ਪ੍ਰਧਾਨ ਦਿਲਾਵਰ ਸਿੰਘ ਨੇ ਸਮੂਹ ਜੇਤੂਆਂ ਨੂੰ ਹਾਰਦਿਕ ਵਧਾਈ ਪੇਸ਼ ਕਰਦਿਆਂ, ਮੁਕਾਬਲਿਆਂ ਵਿੱਚ ਪਛੜ ਗਏ ਖਿਡਾਰੀਆਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਮੁੜ ਜੋਸ਼ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

# ਸਕਾਟਲੈਂਡ ਦੇ ਪ੍ਰਮੁੱਖ ਸ਼ਹਿਰਾਂ ਦੀ ਸੂਚੀ 'ਚ ਡੰਫਰਲਾਈਨ ਹੋਵੇਗਾ ਅੱਠਵਾਂ ਸ਼ਹਿਰ






**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੇ ਡੰਫਰਲਾਈਨ ਕਸਬੇ ਨੂੰ ਮਹਾਰਾਣੀ ਦੇ ਪਲੈਟੀਨਮ ਜੁਬਲੀ ਦੇ ਜਸ਼ਨਾਂ ਦੇ ਹਿੱਸੇ ਵਜੋਂ ਦਰਜਾ ਦਿੱਤੇ ਜਾਣ ਤੋਂ ਬਾਅਦ ਸਕਾਟਲੈਂਡ ਦਾ ਅੱਠਵਾਂ ਸ਼ਹਿਰ ਬਣਾਇਆ ਜਾਵੇਗਾ। ਫਾਈਫ ਦੇ ਇਸ ਕਸਬੇ ਨੂੰ ਯੂਕੇ ਅਤੇ ਵਿਦੇਸ਼ੀ ਖੇਤਰਾਂ ਵਿੱਚ ਸੱਤ ਹੋਰਾਂ ਦੇ ਨਾਲ ਚੁਣਿਆ ਗਿਆ ਹੈ, ਜਿਸ ਦੇ ਬਾਅਦ ਇਹ ਸਕਾਟਿਸ਼ ਸ਼ਹਿਰਾਂ ਦੀ ਸੂਚੀ ਵਿੱਚ ਗਲਾਸਗੋ, ਐਡਿਨਬਰਾ, ਏਬਰਡੀਨ, ਡੰਡੀ, ਪਰਥ, ਸਟਰਲਿੰਗ ਅਤੇ ਇਨਵਰਨੇਸ ਨਾਲ ਸ਼ਾਮਲ ਹੁੰਦਾ ਹੈ। ਡੰਫਰਲਾਈਨ ਕਦੇ ਸਕਾਟਲੈਂਡ ਦੀ ਰਾਜਧਾਨੀ ਸੀ ਅਤੇ ਚਾਰਲਸ ਪਹਿਲੇ ਅਤੇ ਐਂਡਰਿਊ ਕਾਰਨੇਗੀ ਦਾ ਜਨਮ ਸਥਾਨ ਸੀ। ਇਸ ਕਾਰਵਾਈ ਵਿੱਚ ਲਗਭਗ 40 ਸਥਾਨਾਂ ਨੇ ਸ਼ਹਿਰ ਦੀ ਸਥਿਤੀ ਲਈ ਅਰਜ਼ੀ ਦਿੱਤੀ ਸੀ ਅਤੇ ਮਹਾਰਾਣੀ ਨੂੰ ਸਿਫ਼ਾਰਿਸ਼ ਕਰਨ ਤੋਂ ਪਹਿਲਾਂ, ਮਾਹਰਾਂ ਅਤੇ ਕੈਬਨਿਟ ਦਫ਼ਤਰ ਦੇ ਮੰਤਰੀਆਂ ਦੇ ਇੱਕ ਪੈਨਲ ਦੁਆਰਾ ਮੁਲਾਂਕਣ ਕੀਤਾ ਗਿਆ ਸੀ। ਉਹਨਾਂ ਦਾ ਨਿਰਣਾ ਉਹਨਾਂ ਦੇ ਸ਼ਾਹੀ ਸੰਘਾਂ ਅਤੇ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਉਹਨਾਂ ਦੇ ਭਾਈਚਾਰਿਆਂ ਦੀ ਵਿਲੱਖਣਤਾ ਅਤੇ ਵੱਖਰੀ ਸਥਾਨਕ ਪਛਾਣ ਦੇ ਆਧਾਰ 'ਤੇ ਕੀਤਾ ਗਿਆ। ਡੰਫਰਲਾਈਨ, ਉੱਤਰੀ ਆਇਰਲੈਂਡ ਵਿੱਚ ਬੈਂ-ਗੋਰ, ਇੰਗਲੈਂਡ ਵਿੱਚ ਕੋਲਚੈਸਟਰ, ਡੋਨਕਾਸਟਰ ਅਤੇ ਮਿਲਟਨ ਕੀਨਜ਼, ਆਇਲ ਆਫ ਮੈਨ ਵਿੱਚ ਡਗਲਸ, ਫਾਕਲੈਂਡ ਆਈਲੈਂਡਜ਼ ਵਿੱਚ ਸਟੈਨਲੀ ਅਤੇ ਵੇਲਜ਼ ਵਿੱਚ ਰੈਕਸਹੈਮ ਦੇ ਨਾਲ ਆਪਣਾ ਵਿਸ਼ੇਸ਼ ਰੁਤਬਾ ਹਾਸਲ ਕਰਨ 'ਚ ਸਫਲ ਰਿਹਾ। ਇਹ ਨਵਾਂ ਸ਼ਹਿਰ ਪਹਿਲੀ ਵਾਰ 11ਵੀਂ ਸਦੀ ਵਿੱਚ ਸਕਾਟਿਸ ਬਾਦਸ਼ਾਹ ਮੈਲਕਮ III, ਅਤੇ ਸੇਂਟ ਮਾਰਗਰੇਟ ਦੇ ਵਿਆਹ ਸਮੇਂ ਚਰਚ ਵਿੱਚ ਦਰਜ ਕੀਤਾ ਗਿਆ ਸੀ, ਜੋ ਕਿ ਏ-ਸੂਚੀਬੱਧ ਐਬੇ ਵਿੱਚ ਵਿਕਸਤ ਹੋਇਆ ਸੀ। ਡੰਫਰਲਾਈਨ ਐਬੇ ਨੂੰ ਬਾਅਦ ਵਿੱਚ ਸਕਾਟਿਸ਼ ਤਾਜ ਲਈ ਇੱਕ ਸ਼ਾਹੀ ਮਕਬਰੇ ਵਜੋਂ ਸਥਾਪਿਤ ਕੀਤਾ ਗਿਆ ਸੀ, ਜਿਸ ਵਿੱਚ ਕੁੱਲ 18 ਸ਼ਾਹੀ ਪਰਿਵਾਰ ਸਨ, ਜਿਨ੍ਹਾਂ ਵਿੱਚ ਸੱਤ ਰਾਜਿਆਂ ਨੂੰ ਦਫ਼ਨਾਇਆ ਗਿਆ ਸੀ। ਡੰਫਰਲਾਈਨ ਪੈਲੇਸ ਵਿੱਚ ਬਹੁਤ ਸਾਰੇ ਬ੍ਰਿਟਿਸ਼ ਰਾਜੇ ਪੈਦਾ ਹੋਏ ਸਨ। ਇਨ੍ਹਾਂ ਵਿੱਚ ਸਕਾਟਲੈਂਡ ਦਾ ਡੇਵਿਡ II, ਜੋ ਰੌਬਰਟ ਦ ਬਰੂਸ ਦਾ ਪੁੱਤਰ ਸੀ, ਸਕਾਟਲੈਂਡ ਦਾ ਜੇਮਸ ਪਹਿਲਾ ਅਤੇ ਚਾਰਲਸ ਪਹਿਲਾ, ਜੋ 1625 ਤੋਂ 1649 ਵਿੱਚ ਫਾਂਸੀ ਦਿੱਤੇ ਜਾਣ ਤੱਕ ਇੰਗਲੈਂਡ, ਸਕਾਟਲੈਂਡ ਅਤੇ ਆਇਰ-ਲੈਂਡ ਦਾ ਰਾਜਾ ਸੀ। ਡੰਫਰਲਾਈਨ ਦੀ ਅਨੁਮਾਨਿਤ ਆਬਾਦੀ 58,508 ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਤੀਜੀ ਪਾਤਸ਼ਾਹੀ ਦਾ ਪ੍ਰਕਾਸ਼ ਪੁਰਬ ਮਨਾਇਆ

## ਡਾ. ਅੰਬੇਦਕਰ, ਜੋਤੀਬਾ ਫੂਲੇ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਗਿਆਨੀ ਦਿੱਤ ਸਿੰਘ ਅਤੇ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀਆਂ





















**ਰਿਓਲਿੰਡਾ (ਸੈਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬੀਤੀ 15 ਮਈ ਨੂੰ ਸ੍ਰੀ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਜੀ ਦਾ ਪ੍ਰਕਾਸ਼ ਪੁਰਬ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ, ਮਹਾਤਮਾ ਜੋਤੀਬਾ ਫੂਲੇ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਗਿਆਨੀ ਦਿੱਤ ਸਿੰਘ ਅਤੇ ਸੰਤ ਰਾਮ ਉਦਾਸੀ ਜੀ ਵਰਗੇ ਕ੍ਰਾਂਤੀਕਾਰੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਉਹਨਾਂ ਦੇ ਵਿਚਾਰਾਂ ਨਾਲ ਸਾਧ ਸੰਗਤ ਸਾਂਝ ਪਾਈ।

ਇਸ ਮੌਕੇ ਗੁਰਬਾਣੀ ਕੀਰਤਨ ਜਥੇ ਭਾਈ ਗੁਰਦੀਪ ਸਿੰਘ ਜੀ, ਭਾਈ ਮਨੋਹਰ ਸਿੰਘ ਜੀ ਦੇ ਜਥੇ ਨੇ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ ਅਤੇ ਕਥਾ ਵਿਚਾਰ ਭਾਈ ਸਤਿਕਰਤਾਰ ਸਿੰਘ ਜੀ ਨੇ ਕੀਤਾ। ਇਸ ਮੌਕੇ ਰਾਜ ਸੂਦ ਜੀ ਨੇ ਸਾਰੇ ਕ੍ਰਾਂਤੀਕਾਰੀ ਯੋਧਿਆਂ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕੇਵਲ ਬੋਲੀਨਾ, ਜੀਵਨ ਰੱਤੂ, ਬਲਜੀਤ ਸਿੰਘ ਸੈਕਟਰੀ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

****

# ਗੁਰੂ ਰਵਿਦਾਸ ਗੁਰਦੁਆਰਾ ਰਿਓਲਿੰਡਾ ਵਿਖੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਸ਼ਰਧਾਂਜਲੀਆਂ ਅਤੇ ਮਦਰਜ਼ ਡੇਅ ਮਨਾਇਆ




















ਬੀਤੇ ਦਿਨੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਆਤਮਕ ਸ਼ਾਂਤੀ ਲਈ ਅਤੇ ਮਦਰਜ਼ ਡੇਅ ਨੂੰ ਸਮਰਪਿਤ ਅਖੰਡ ਪਾਠ ਸਾਹਿਬ ਕਰਵਾਏ ਗਏ। ਅਖੰਡ ਪਾਠ ਸਾਹਿਬ ਦੀ ਸੇਵਾ ਗੁਰਦਿਆਲ ਮੱਲ, ਉਹਨਾਂ ਦੇ ਮਿੱਤਰ, ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ। ਇਸ ਮੌਕੇ ਭਾਈ ਗੁਰਦੀਪ ਸਿੰਘ ਜੀ, ਭਾਈ ਸਤਕਰਤਾਰ ਸਿੰਘ ਜੀ, ਭਾਈ ਚਰਨਜੀਤ ਸਿੰਘ ਅਤੇ ਭਾਈ ਗੁਰਕੀਰਤ ਸਿੰਘ ਦੇ ਕੀਰਤਨੀ ਜਥਿਆਂ ਵੱਲੋਂ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ ਗਿਆ। ਭਾਈ ਸਤਕਰਤਾਰ ਸਿੰਘ ਜੀ ਨੇ ਗੁਰਬਾਣੀ ਸਬੰਧ ਕਥਾ ਨਾਲ ਸਾਂਝ ਪਾਈ। ਬੁਲਾਰਿਆਂ ਵਿਚ ਸ਼ਾਮਲ ਸਨ ਪ੍ਰੇਮ ਕੁਮਾਰ ਚੁੰਬਰ, ਭਾਈ ਗੁਰਦੀਪ ਸਿੰਘ ਅਤੇ ਜੀਵਨ ਰੱਤੂ ਨੇ ਸੰਦੀਪ ਨੰਗਲ ਅੰਬੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਨਾਲ ਨਾਲ ਮਦਰਸ ਡੇਅ ਤੇ ਵੀ ਸ਼ਬਦਾਂ ਦੀ ਸਾਂਝ ਪਾਈ। ਮਸ਼ਹੂਰ ਵੇਟ ਲਿਫਟਿੰਗ ਕੋਚ ਸ੍ਰੀ ਭਗਤ ਸਿੰਘ ਵੀ ਇਸ ਮੌਕੇ ਹਾਜ਼ਰ ਰਹੇ। ਭਾਈ ਸਤਕਰਤਾਰ ਸਿੰਘ ਜੀ ਨੇ ਸੰਦੀਪ ਅੰਬੀਆਂ ਦੇ ਜੀਵਨ ਬਾਰੇ ਕੁਝ ਤੱਕ ਸਾਂਝੇ ਕੀਤੇ। ਇਸ ਮੌਕੇ ਸਮੂਹ ਸਾਧ ਸੰਗਤ, ਸ੍ਰੀ ਪ੍ਰੇਮ ਸਾਗਰ, ਅਜੇ ਪਡਵੱਗਾ ਵੱਲੋਂ ਵੱਖ-ਵੱਖ ਸੇਵਾਵਾਂ ਨਿਭਾਈਆਂ ਗਈਆਂ। ਸੰਗਤ ਵੱਲੋਂ ਤੇ ਜਸਪਾਲ ਮੱਲ ਜੀ ਵੱਲੋਂ ਤਿਆਰ ਲੰਗਰ ਅਤੁੱਟ ਵਰਤਾਇਆ। ਪ੍ਰਬੰਧਕ ਕਮੇਟੀ ਵੱਲੋਂ ਸੰਦੀਪ ਨੰਗਲ ਅੰਬੀਆਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮਦਰਜ਼ ਡੇਅ ਦੀਆਂ ਮੁਬਾਰਕਾਂ ਦਿੱਤੀਆਂ। ਸਟੇਜ ਦੀ ਸੇਵਾ ਸ੍ਰੀ ਜੀਵਨ ਰੱਤੂ ਵੱਲੋਂ ਨਿਭਾਈ ਗਈ ਅਤੇ ਮੀਡੀਆ ਦਾ ਵਿਸ਼ੇਸ਼ ਯੋਗਦਾਨ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਨਿਭਾਇਆ।

ਸ਼ਰਧਾਂਜਲੀ

# ਸਿੱਖ ਕੌਮ ਦਾ ਸੰਘਰਸ਼ੀ ਯੋਧਾ ਸੀ- ਬਾਈ ਜਗਦੀਸ਼ ਸਿੰਘ ਭੂਰਾ ਬੈਲਜੀਅਮ









ਸਾਡਾ ਬਹੁਤ ਹੀ ਸਤਿਕਾਰਯੋਗ ਭਾਈ ਜਗਦੀਸ਼ ਸਿੰਘ ਭੂਰਾ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਦਿੱਤੀ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ ਹੈ ,ਜੇਕਰ ਭਾਈ ਜਗਦੀਸ਼ ਸਿੰਘ ਭੂਰਾ ਦੀ ਜ਼ਿੰਦਗੀ ਦਾ ਪੂਰਾ ਨਿਚੋੜ ਇੱਕ ਲਾਈਨ ਵਿੱਚ ਕੱਢਣਾ ਹੋਵੇ ਉਹ ਕੌਮ ਪ੍ਰਤੀ ਸਮਰਪਿਤ, ਸੁਹਿਰਦ , ਮਾੜੇ ਵਕਤ ਵਿੱਚ ਵੀ ਨਾ ਡੋਲਣ ਵਾਲਾ ਅਤੇ ਜ਼ਿੰਦਗੀ ਜਿਊਣ ਦੇ ਅਰਥਾਂ ਨੂੰ ਸਮਝਣ ਵਾਲਾ ਬਹੁਤ ਹੀ ਹੱਸ-ਮੁਖ ਅਤੇ ਮਿੱਠ ਬੋਲੜੇ ਸੁਭਾਅ ਦਾ ਸੁਭਾਅ ਵਾਲਾ ਅਤੇ ਯਾਰੀ ਨਿਭਾਉਣ ਵਾਲਾ ਇਨਸਾਨ ਸੀ, । ਉਸ ਦੇ ਦਿਲ ਵਿੱਚ ਸਿੱਖਾਂ ਨਾਲ 1984 ਵਿੱਚ ਹੋਈ ਬੇਇਨਸਾਫ਼ੀ ਦਾ ਦਰਦ ਧੜਕਦਾ ਸੀ। ਮੈਂ ਭਾਈ ਜਗਦੀਸ਼ ਸਿੰਘ ਭੂਰਾ ਨੂੰ ਪਹਿਲੀ ਵਾਰ ਸਾਲ 2002 ਵਿੱਚ ਮਿਲਿਆ ਜਦੋਂ ਮੈਂ ਅਤੇ ਮੇਰਾ ਦੋਸਤ ਸਰਵਰਿੰਦਰ ਸਿੰਘ ਰੂਮੀ ਜਰਮਨੀ ਦੇ ਸ਼ਹਿਰ ਕੋਲੋਨ ਵਿਖੇ ਹੋਈ ਵਿਸ਼ਵ ਪੱਧਰੀ ਹਾਕੀ ਦੀ ਚੈਂਪੀਅਨਜ਼ ਟਰਾਫੀ ਕਵਰ ਕਰਨ ਗਏ ਸੀ। ਉਸ ਤੋਂ ਬਾਅਦ ਫਿਰ ਮੈਂ ਅਗਲੇ ਸਾਲ 2003 ਵਿੱਚ ਹਾਲੈਂਡ ਐਮ-ਸਟਰਡਮ ਵਿਖੇ ਹੋਈ ਚੈਂਪੀਅਨਜ਼ ਟਰਾਫੀ ਕਵਰ ਕਰਨ ਗਿਆ ,ਫਿਰ ਪੰਜ ਸੱਤ ਦਿਨ ਸਾਡਾ ਮੇਲ ਮਿਲਾਪ ਹੋਇਆ , ਆਪਸੀ ਦੋਸਤੀ ਦਾ ਪਿਆਰ ਵਧਿਆ , ਭਰਾਵਾਂ ਨਾਲੋਂ ਵਧ ਕੇ ਆਪਸੀ ਪਿਆਰ ਦੀ ਸਾਂਝ ਪਈ ।

ਅਸਲ ਵਿੱਚ ਉਹ ਕੌਮ ਦਾ ਸੰਘਰਸ਼ੀ ਯੋਧਾ ਸੀ ਅਤੇ ਮੰਜ਼ਿਲਾਂ ਸਰ ਕਰਨ ਵਾਲਾ ਇਨਸਾਨ ਸੀ । ਦੂਜੇ ਪਾਸੇ ਅਸੀਂ ਟਿੱਚਰਾਂ ਮਖੌਲਾਂ ਵਾਲੇ ਤੇ ਖਾਣ ਪੀਣ ਵਾਲੇ,ਖੇਡਾਂ ਨੂੰ ਸਮ-ਰਪਿਤ ਬੰਦੇ ਸੀ । ਪਰ ਫਿਰ ਵੀ ਉਸ ਨੇ ਕਦੇ ਵੀ ਸਾਨੂੰ ਬੇਗਾਨਾਪਨ ਮਹਿਸੂਸ ਨਹੀਂ ਹੋਣ ਦਿੱਤਾ , ਸਾਡੇ ਹਾਸੇ ਮਖੌਲਾਂ ਵਾਲੀ ਮਹਿਫਲ ਦਾ ਵੀ ਉਹ ਹੀਰੋ ਹੁੰਦਾ ਸੀ । ਜਗਦੇਵ ਸਿੰਘ ਜੱਸੋਵਾਲ ਦੀਆਂ ਗੱਲਾਂ ਸੁਣਨ ਦਾ ਉਹ ਬਹੁਤ ਸ਼ੌਕੀਨ ਸੀ ਤੇ ਜਦੋਂ ਵੀ ਕਦੇ ਆਪਸ ਵਿੱਚ ਗੱਲ ਹੋਣੀ ਤਾਂ ਉਸ ਨੇ ਇੱਕੋ ਗੱਲ ਕਹਿਣੀ ਕਿ ਜੱਸੋਵਾਲ ਦੀ ਕੋਈ ਹਾਸੇ ਵਾਲੀ ਗੱਲ ਸੁਣਾ । ਹਾਸਿਆਂ ਦੀ ਮਹਿਫ਼ਲ ਦਾ ਵੀ ਓਹ ਬਾਦਸ਼ਾਹ ਸੀ ਪਰ ਦੂਜੇ ਪਾਸੇ ਬੈਲਜੀਅਮ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਸਿੱਖਾਂ ਅਤੇ ਪੰਜਾਬੀਆਂ ਪ੍ਰਤੀ ਉਨ੍ਹਾਂ ਮਹਾਨ ਯੋਧਿਆਂ ਦੀ ਯਾਦ ਨੂੰ ਸੰਭਾਲਣ ਲਈ ਕੋਈ ਨਾ ਕੋਈ ਉਹ ਵਿਉਂਤਬੰਦੀ ਘੜਦਾ ਰਹਿੰਦਾ ਸੀ । ਯੌਰਪ ਦੇ ਵਿਚ ਗੁਰਦੁਆਰਿਆਂ ਵਿੱਚ ਚਲਦੀ ਸੌੜੀ ਸਿਆਸਤ ਤੋਂ ਉਹ ਹਮੇਸ਼ਾ ਪਾਸਾ ਵੱਟਦਾ ਸੀ । ਬਾਈ ਜਗਦੀਸ਼ ਸਿੰਘ ਭੂਰਾ ਇਸ ਗੱਲ ਤੋਂ ਬਹੁਤ ਚਿੰਤਤ ਸੀ ਕਿ ਪੰਜਾਬ ਦੀ ਜਵਾਨੀ ਜੋ ਕੁਰਾਹੇ ਪੈ ਰਹੀ ਹੈ ,ਜੋ ਉਸ ਦਾ ਘਾਣ ਹੋ ਰਿਹਾ ਕਿ ਕਿਵੇਂ ਕਿਵੇਂ ਨਾ ਕਿਵੇਂ ਉਸ




ਨੂੰ ਸਹੀ ਰਾਹ ਤੇ ਤੋਰਿਆ ਜਾਵੇ , ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇ ,ਖੇਡਾਂ ਪ੍ਰਤੀ ਉਸ ਦਾ ਡਾਢਾ ਲਗਾਅ ਸੀ । ਮੇਰੇ ਨਾਲ ਬਹੁਤੀ ਗੱਲ ਹੀ ਉਹ ਖੇਡਾਂ ਨਾਲ ਸੰਬੰਧਤ ਕਰਦਾ ਹੁੰਦਾ ਸੀ ।

ਉਸ ਦੀ ਤਮੰਨਾ ਸੀ ਕਿ ਉਸ ਦੇ ਜੱਦੀ ਪਿੰਡ ਮੋਹੀ ਦੇ ਵਿੱਚ ਫੁਟਬਾਲ ਜਾਂ ਹਾਕੀ ਦੀ ਅਕੈਡਮੀ ਬਣੇ ਇਸ ਬਾਰੇ ਉਹਨੇ ਮੈਨੂੰ ਕਈ ਵਾਰ ਬੇਨਤੀ ਕੀਤੀ ਕਿ ਆਪਾਂ ਉਥੇ ਖੇਡਾਂ ਦਾ ਕੋਈ ਨਾ ਕੋਈ ਸੈਂਟਰ ਚਲਾਈਏ ਪਰ ਮੇਰਾ ਰੁਝੇਵਾਂ ਪੱਤਰਕਾਰੀ ਅਤੇ ਜਰਖੜ ਖੇਡਾਂ ਨਾਲ ਵਧੇਰੇ ਜੁੜਿਆ ਹੋਣ ਕਰ ਕੇ ਸਾਡੀਆਂ ਗੱਲਾਂ ਸਲਾਹਾਂ ਤੱਕ ਸੀਮਤ ਰਹਿ ਗਈਆਂ।

ਸਾਲ 2018 ਵਿੱਚ ਜਦੋਂ ਮੈਂ ਅਮਰੀਕਾ ਗਿਆ ਹੋਇਆ ਸੀ ਤਾਂ ਭੂਰਾ ਬਾਈ ਜੀ ਦਾ ਮੈਨੂੰ ਫੋਨ ਆਇਆ ਕਿ ਇਸ ਵਾਰ ਬੈਲਜੀਅਮ ਦੀ ਆਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੇ ਸ਼ਹੀਦ ਹੋਏ ਸਿੱਖਾਂ ਦਾ 100 ਸਾਲਾ ਮਨਾਇਆ ਜਾਣਾ ਹੈ। ਤੁਸੀਂ ਜ਼ਰੂਰ ਆਓ ਪਰ ਮੈਂ ਜਵਾਬ ਦੇ ਦਿੱਤਾ ਕਿ ਜ਼ਿੰਦਗੀ ਦੇ ਰੁਝੇਵਿਆਂ ਕਾਰਨ ਆ ਨਹੀਂ ਹੋਣਾ ਪਰ ਫਿਰ ਉਸ ਨੇ ਮੈਨੂੰ ਕਿਹਾ ਕਿ ਪ੍ਰੋਗਰਾਮ ਤਾਂ ਇੱਕ ਬਹਾਨਾ ਹੈ ਪਰ ਮੈਨੂੰ ਇੱਕ ਭਿਆਨਕ ਬਿਮਾਰੀ ਚਿੰਬੜ ਗਈ ਹੈ ਤੁਸੀਂ ਆ ਜਾਓ ,ਹੋ ਸਕਦਾ ਹੈ ਇਹ ਆਪਣਾ ਆਖ਼ਰੀ ਮਿਲਣਾ ਹੀ ਹੋਏ , ਜ਼ਿੰਦਗੀ ਮਿਲਿਆਂ ਦਾ ਹੀ ਮੇਲਾ ਹੈ । ਫਿਰ ਮੈਂ ਕਿਹਾ ਜੇ ਮਾਮਲਾ ਗੰਭੀਰ ਹੈ ਫਿਰ ਅਸੀਂ ਪੱਕਾ ਆਵਾਂਗੇ। ਮੈਂ ਤੇ ਮੇਰੇ ਸਤਿਕਾਰਯੋਗ ਵੱਡੇ ਭਰਾ ਜਸਪਾਲ ਸਿੰਘ ਹੇਰਾਂ ਮੁੱਖ ਸੰਪਾਦਕ ਪਹਿਰੇਦਾਰ ਗਰੁੱਪ ਨਾਲ ਨਵੰਬਰ 2018 ਵਿੱਚ ਬੈਲਜੀਅਮ ਵਿਖੇ ਸਿੱਖਾਂ ਦੇ 100 ਸਾਲਾ ਸਮਾਗਮ ਜੋ ਈਪਰ ਸ਼ਹਿਰ ਵਿਖੇ ਹੋਇਆ ਉਸ ਵਿੱਚ ਹਿੱਸਾ ਲੈਣ ਲਈ ਗਏ। ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਅਤੇ ਕਈ ਹੋਰ ਮਹਾਨ ਹਸਤੀਆਂ ਵੀ ਇਸ ਸਮਾਗਮ ਵਿੱਚ ਪੁੱਜੀਆਂ ਸਨ । ਅਸੀਂ ਬੈਲਜੀਅਮ ਵਿੱਚ ਸਿੱਖਾਂ ਵੱਲੋਂ ਕੀਤੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੀਆਂ ਸ਼ਹੀਦੀਆਂ ਵਾਲੀਆਂ ਜਗ੍ਹਾ ਵੇਖੀਆਂ, ਨੈਪੋਲੀਅਨ ਦਾ ਵਾਟਰਲੂ ਦੀ ਲੜਾਈ ਵਾਲਾ ਮਿਊਜ਼ੀਅਮ ਅਤੇ ਜਰਮਨੀ ਦੇ ਸ਼ਹਿਰ ਨਿਊਰਨਬਰਗ ਜਿੱਥੇ ਹਿਟਲਰ ਦਾ ਕਿਲ੍ਹਾ, ਦਫਤਰ ਅਤੇ ਹੋਰ ਇਤਿਹਾਸ ਸੰਭਾਲਿਆ ਹੈ, ਬੈਲਜੀਅਮ ਦੀ ਮਹਾਰਾਣੀ ਦਾ ਮਹਿਲ ਕਈ ਹੋਰ ਇਤਿਹਾਸਕ ਥਾਵਾਂ ਦੇਖਣ ਨੂੰ ਨਸੀਬ ਹੋਈਆਂ, ਦੋਸਤਾਂ ਮਿੱਤਰਾਂ ਦੇ ਵੱਡੇ ਦਰਸ਼ਨ ਹੋਏ ,ਉਸ ਵਕਤ ਫਿਰ ਬਾਈ ਭੂਰੇ ਨੇ ਦੱਸਿਆ ਕਿ ਮੈਨੂੰ ਕੈਂਸਰ ਦੀ ਥੋੜ੍ਹੀ ਬਹੁਤੀ ਸਮੱਸਿਆ ਹੈ ਪਰ ਆਪਾਂ ਬੀਮਾਰੀ ਤੋਂ ਡਰਨ ਵਾਲੇ ਨਹੀਂ ਹਾਂ। ਹੌਸਲਾ ਅਸੀਂ ਵੀ ਦਿੱਤਾ ਪਰ ਭਾਣਾ ਉਹੀ ਵਾਪਰਿਆ ਕਿ ਸਾਡੀ ਇਹ ਮਿਲਣੀ ਆਖਰੀ ਹੀ ਹੋ ਨਿਬੜੀ । ਭੂਰਾ ਬਾਈ ਦੇ 2 ਫਰਜੰਦ ਮਨਜੋਤ ਸਿੰਘ ਅਤੇ ਹਰਜੋਤ ਸਿੰਘ ਜੋ ਸਾਲ 2003 ਮੌਕੇ ਨਿੱਕੇ ਨਿੱਕੇ ਸੀ ਉਹ ਅੱਜ ਪੂਰੇ ਜਵਾਨ ਹੋ ਗਏ ਹਨ ਮਨਜੋਤ ਵਿਆਹਿਆ ਵਰ੍ਹਿਆ ਗਿਐ ਉਸ ਨੂੰ ਜ਼ਿੰ-ਮੇਵਾਰੀਆਂ ਦਾ ਅਹਿਸਾਸ ਹੈ ਪਰ ਹੁਣ ਬਾਪ ਦੇ ਤੁਰ ਜਾਣ ਤੋਂ ਉਸ ਨੂੰ ਪਰਿਵਾਰ ਦੀ ਵੱਡੀ ਜ਼ਿੰਮੇਵਾਰੀ ਚੁੱਕਣੀ ਪਵੇਗੀ। ਪ੍ਰਮਾਤਮਾ ਦਾ ਭਲਾ ਹੋਇਆ ਕਿ ਸਾਡੀ ਵੀ ਉਨ੍ਹਾਂ ਨਾਲ ਤਾਏ ਚਾਚਿਆਂ ਵਾਲੀ ਸਾਂਝ ਪੱਕੀ ਹੋ ਗਈ ਹੈ ਉਸ ਨੂੰ ਅੱਗੇ ਵੀ ਨਿਭਾਵਾਂਗੇ।

25 ਮਈ ਨੂੰ ਭਾਵੇਂ ਭਾਈ ਜਗਦੀਸ਼ ਸਿੰਘ ਭੂਰਾ ਹੋਰਾਂ ਦਾ ਅੰਤਿਮ ਸੰਸਕਾਰ ਹੋ ਜਾਵੇਗਾ ਅਤੇ ਫੇਰ ਸਿੱਖ ਮ-ਰਆਦਾ ਤਹਿਤ ਅੰਤਿਮ ਅਰਦਾਸ ਹੋ ਜਾਵੇਗੀ ਭਾਵੇਂ ਸਾਡੇ ਵਿਚੋਂ ਸਾਡਾ ਭਰਾਵਾਂ ਵਰਗਾ ਸਤਿਕਾਰਯੋਗ ਬਾਈ ਸਰੀਰਕ ਤੌਰ ਤੇ ਚਲਾ ਗਿਆ ਹੈ ਪਰ ਉਸ ਦੀ ਉਸਾਰੂ ਸੋਚ ,ਉਸ ਨਾਲ ਬਿਤਾਏ ਪਲ, ਉਸ ਦੀਆਂ ਯਾਦਾਂ ਸਾਡੇ ਜ਼ਿਹਨ ਵਿੱਚੋਂ ਕਦੇ ਵੀ ਨਹੀਂ ਜਾਣਗੀਆਂ। ਉਸ ਨਾਲ ਪਈ ਸਾਂਝ ਹਮੇਸ਼ਾਂ ਅਮਰ ਰਹੇਗੀ। ਜਾਣਾ ਇਸ ਦੁਨੀਆ ਤੋਂ ਸਾਰਿਆਂ ਨੇ ਹੀ ਹੈ ਪਰ ਜੇਕਰ ਕੋਈ ਵਕਤ ਸਿਰ ਜਾਵੇ ਉਸ ਦਾ ਦੁੱਖ ਘੱਟ ਹੁੰਦਾ ਹੈ। ਪਰ ਜਦੋਂ ਕੋਈ ਇਨਸਾਨ ਬੇਵਕਤਾ ਜਾਵੇ ਫਿਰ ਮੌਤ ਦਾ ਦੁੱਖ ਵੰਡਾਉਣ ਅਤੇ ਘਟਾਉਣ ਲਈ ਬਾਬਾ ਫ਼ਰੀਦ ਦਾ ਹੀ ਇੱਕ ਸ਼ਲੋਕ ਚੇਤੇ ਆਉਂਦਾ ਹੈ।

ਕੋਈ ਬਣ ਗਿਆ ਰੌਣਕ ਪੱਖੀਆਂ ਦੀ ,
ਕੋਈ ਛੱਡ ਕੇ ਸੀਸ ਮਹਿਲ ਚੱਲਿਆ,"
"ਕੋਈ ਪਲਿਆ ਨਾਲ ਇੱਥੇ ਨਖਰਿਆਂ ਦੇ, ਕੋਈ ਗਰਭ ਰੇਤ ਤੇ ਥੱਲ ਚੱਲਿਆ ।
ਕੋਈ ਭੁੱਲ ਗਿਆ ਮਕਸਦ ਆਵਣ ਦਾ, ਕੋਈ ਕਰਕੇ ਮਕਸਦ ਹੱਲ ਚੱਲਿਆ ।
ਉ ਗੁਲਾਮ ਫ਼ਰੀਦਾ ਇੱਥੇ ਸਭ ਮੁਸਾਫ਼ਿਰ ਨੇ,
ਕੋਈ ਅੱਜ ਚੱਲਿਆ ਕੋਈ ਕੱਲ੍ਹ ਚੱਲਿਆ ।

ਪ੍ਰਮਾਤਮਾ ਭਾਈ ਜਗਦੀਸ਼ ਸਿੰਘ ਭੂਰਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ, ਮੋਹੀ ਪਰਿਵਾਰ , ਕੌਮ ਦੇ ਚਿੰਤਕਾਂ ਅਤੇ ਹੋਰ ਰਿਸ਼ਤੇਦਾਰਾਂ ਦੋਸਤਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**– ਜਗਰੂਪ ਸਿੰਘ ਜਰਖੜ**
**ਖੇਡ ਲੇਖਕ**
**ਫੋਨ ਨੰਬਰ 9814300722**

# ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ 2 ਜੁਲਾਈ ਅਤੇ ਫੁਲਕਾਰੀ ਤੀਆਂ ਦਾ ਮੇਲਾ 10 ਜੁਲਾਈ ਨੂੰ ਹੋਵੇਗਾ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਸਿਆਟਲ ਵਿਚ ਫੁਲਕਾਰੀ ਤੀਆਂ ਦਾ ਮੇਲਾ ਗਰੁਮ ਦੇ ਆਯੋਜਕ ਦੇ ਮੁਖੀ ਰਾਜਪ੍ਰੀਤ ਕੌਰ ਮੱਲੀ ਤੇ ਗੁਰਦੀਪ ਕੌਰ ਝੱਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਾਲ ਕੈਂਟ ਮੁਰੇਡੀਅਨ ਮਿਡਲ ਸਕੂਲ ਦੇ ਖੁੱਲ੍ਹੇ ਮੈਦਾਨ ਵਿਚ 10 ਜੁਲਾਈ ਨੂੰ ਸ਼ਾਮ 4 ਤੋਂ 8 ਵਜੇ ਤੱਕ ਫੁਲਕਾਰੀ ਤੀਆਂ ਦਾ ਮੇਲਾ 2022 ਕਰਵਾਇਆ ਜਾ ਰਿਹਾ ਹੈ, ਜਿੱਥੇ ਸਿਆਟਲ ਦੇ ਆਸ-ਪਾਸ ਦੇ ਇਲਾਕੇ ਦੀਆਂ ਬਜ਼ੁਰਗ ਮਾਵਾਂ, ਲੜਕੀਆਂ ਤੇ ਨੌਜਵਾਨ ਮੁਟਿਆਰਾਂ 2000 ਤੋਂ ਵੱਧ ਪਹੁੰਚ ਰਹੀਆਂ ਹਨ




ਅਤੇ ਵੱਖ-ਵੱਖ ਅੰਦਾਜ਼ ਵਿਚ ਤੀਆਂ ਦਾ ਮੇਲਾ ਮਨਾ ਕੇ ਪੰਜਾਬ ਦੇ ਕਲਚਰਲ ਨੂੰ ਯਾਦ ਤੇ ਕਾਇਮ ਰੱਖਿਆ ਜਾਵੇਗਾ। ਸਿਆਟਲ ਵਿਚ ਹਰੇਕ ਸਾਲ ਦੀ ਤਰ੍ਹਾਂ ਬੱਚਿਆਂ ਦਾ ਖੇਡ ਕੈਂਪ 2 ਜੁਲਾਈ ਤੋਂ ਬੱਚਿਆਂ ਦੇ ਸੱਟ ਫੇਟ ਦੇ ਬਚਾਅ ਲਈ 5 ਵਜੇ ਅਰਦਾਸ ਕਰਕੇ ਸ਼ੁਭ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਾਲ ਸਰੀਰਕ ਫਿਟਨੈਸ ਤੋਂ ਇਲਾਵਾ ਵੱਖ-ਵੱਖ ਖੇਡਾਂ ਦੇ ਮਾਹਰ ਕੋਚਾਂ ਦੀਆਂ ਸੇਵਾਵਾਂ ਲੈ ਕੇ ਸਾਕਰ, ਕੁਸ਼ਤੀ, ਜਿਮਨਾਸਟਿਕ, ਵਾਲੀਵਾਲ, ਟੈਨਿਸ, ਬੈਡਮਿੰਟਨ ਤੇ ਐਥਲੈਟਿਕਸ ਦੀ ਸਪੈਸ਼ਲ ਕੋਚਿੰਗ ਮੁਹੱਈਆ ਕੀਤੀ ਜਾਵੇਗੀ। ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਾਲ ਫੁਲਕਾਰੀ ਤੀਆਂ ਦੇ ਮੇਲੇ ਨੂੰ ਰੀਅਲਏਸਟੇਟ ਦੇ ਪਰਮਜੀਤ ਸਿੰਘ ਖੈਰਾ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਫੁਲਕਾਰੀ ਤੀਆਂ ਦੇ ਮੇਲੇ ਵਿਚ ਗੀਤ, ਸੰਗੀਤ, ਸਕਿੱਟਾਂ, ਗਿੱਧਾ-ਭੰਗੜਾ ਤੇ ਵੱਖ-ਵੱਖ ਤਰ੍ਹਾਂ ਦੀਆਂ ਮਨੋਰੰਜਨ ਲਈ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ।


# ਬੰਗੜ ਬ੍ਰਦਰਜ ਦਾ ਧਾਰਮਿਕ ਟਰੈਕ ਸੰਗਤਾਂ ਪੁਕਾਰ ਦੀਆਂ ਰਿਲੀਜ

**ਲਸਾੜਾ/ਉੜਾਪੜ –** ਸਮੁੱਚੀ ਮਾਨਵਤਾ ਦੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਵਾਲੇ ਗਾਇਕ ਬੰਗੜ ਬ੍ਰਦਰਜ ਵਲੋਂ ਹੁਣ ਤੱਕ ਅਨੇਕਾਂ ਸੂਫੀ ਤੇ ਧਾਰਮਿਕ ਮਿਸ਼ਨਰੀ ਟਰੈਕ ਸੰਗਤਾਂ ਦੇ ਸਨਮੁੱਖ ਕੀਤੇ ਉਨਾਂ ਸਾਰੇ ਮਿਸ਼ਨਰੀ ਟਰੈਕਾਂ ਨੂੰ ਸਮੂੰਹ ਸੰਗਤਾਂ ਵਲੋਂ ਬੜਾ ਪਿਆਰ ਸਤਿਕਾਰ ਦਿਤਾ ਗਿਆ ਤੇ ਪਿਛਲੇ ਦਿਨੀ ਰਵਿਦਾਸੀਆ ਕੋਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ ਨੂੰ ਸਮ-ਰਪਿਤ ਸਿੰਗਲ ਟਰੈਕ,,ਸੰਗਤਾਂ ਪੁਕਾਰ ਦੀਆਂ,,ਨੂੰ ਤਿਆਰ ਕਰਕੇ ਨਾਵਮਰ ਕੰਪਨੀ ਬੱਲਾਂ ਟੀਵੀ ਦੇ ਲੇਬਲ ਤਹਿਤ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਰੰਜਣ ਦਾਸ ਤੇ ਹੋਰ ਮਹਾਂਪੁਰਸ਼ਾਂ ਵਲੋਂ ਸੰਗਤਾਂ ਦੇ ਸਨਮੁੱਖ ਕੀਤਾ ਗਿਆ ਇਸ ਟਰੈਕ ਸਬੰਧੀ ਜਾਣਕਾਰੀ ਦਿੰਦੇ ਹੋਏ ਬੰਗੜ ਭਰਾਵਾਂ ਨੇ ਦੱਸਿਆ ਕਿ ਇਸ ਧਾਰਮਿਕ ਰਚਨਾ ਨੂੰ ਬੰਗੜ ਰਾਏਪੁਰੀ ਨੇ ਕਲਮਬੱਧ ਕੀਤਾ ਇਸ ਦਾ ਸੰਗੀਤ ਪਤਰਸ ਚੀਮਾ ਨੇ ਤਿਆਰ ਕੀਤਾ ਸੀ ਤੇ ਇਸ ਦਾ ਫਿਲਮਾਂਕਣ ਭੁਪਿੰਦਰ ਬਿਰਦੀ ਵਲੋਂ ਧਾਰਮਿਕ ਅਸਥਾਨਾਂ ਤੇ ਕੀਤਾ ਗਿਆ ਇਸ ਦੀ ਐਡੀਟਿੰਗ ਭਰਤ ਪ੍ਰੀਤ ਤੇ ਰਕੇਸ਼ ਵਲੋਂ ਕੀਤੀ ਗਈ ਸੀ ਤੇ ਆਸ ਕਰਦੇ ਹਾਂ ਕਿ ਇਸ ਟਰੈਕ ਨੂੰ ਵੀ ਮਾਣ ਦਿਓਗੇ ਤੇ ਧੰਨਵਾਦ ਏ ਦਲੇਰ ਅਲੀ ਤੇ ਗਿਰਧਾਰੀ ਲਾਲ ਤੇ ਹੋਰ ਸਹਿਜੋਗੀ ਸੱਜਣਾ ਦੇ ਜੋ ਸਮੇਂ ਸਮੇ ਤੇ ਬੜਾ ਸਾਥ ਦਿੰਦੇ ਹਨ ਤੇ ਸ਼ੁਕਰੀਆਂ ਸਤਿਗੁਰ ਰਵਿਦਾਸ ਨਾਮਲੇਵਾ ਸੰਗਤਾ ਦਾ ਜੋ ਸਾਡੇ ਧਾਰਮਿਕ ਟਰੈਕਾਂ ਨੂੰ ਪਸੰਦ ਕਰ ਰਹੀਆਂ ਹਨ। **– ਬੱਗਾ ਸੇਲਕੀਆਣਾ**




# ਅਕਾਲੀ ਸਿਆਸਤ 'ਚ ਮੋਹਰੀ ਸਥਾਨ ਰੱਖਣ ਵਾਲੇ ਜਥੇਦਾਰ ਤੋਤਾ ਸਿੰਘ ਚਲ ਵਸੇ

**ਮੋਗਾ**–ਲੰਬੇ ਸਮੇਂ ਤੋਂ ਅਕਾਲੀ ਸਿਆਸਤ ਵਿਚ ਮੋਹਰੀ ਸਥਾਨ ਰੱਖਣ ਵਾਲੇ ਜਥੇਦਾਰ ਤੋਤਾ ਸਿੰਘ ਦੇ ਅਕਾਲ ਚਲਾਣੇ ਨਾਲ ਪੰਜਾਬ ਦੀ ਫਿਜ਼ਾ ਵਿਚ ਸੋਗ ਦੀ ਲਹਿਰ ਦੌੜਨਾ ਸੁਭਾਵਿਕ ਹੈ। ਉਹ ਸਿਆਸੀ ਮੁਹਾਜ਼ ਦੇ ਲੰਬੇ ਸਮੇਂ ਤੋਂ ਛਾਏ ਹੋਏ ਸਨ। ਮਾਲਵੇ ਦੇ ਮੋਗਾ ਜ਼ਿਲ੍ਹੇ ਦੀ ਅਕਾਲੀ ਸਿਆਸਤ ਵਿਚ ਉਨ੍ਹਾਂ ਦੀ ਸਦਾ ਤੂਤੀ ਬੋਲਦੀ ਰਹੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹੁੰਦਿਆਂ ਸਿੱਖਿਆ ਅਤੇ ਖੇਤੀ ਮੰਤਰੀ ਹੁੰਦਿਆਂ ਉਨ੍ਹਾਂ ਦੁਆਰਾ ਕੀਤੇ ਇਤਿਹਾਸਕ ਕਾਰਜ ਸਦਾ ਯਾਦ ਰੱਖੇ ਜਾਣਗੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਜ਼ਦੀਕੀ ਸਾਥੀ ਹੋਣ ਸਦਕਾ ਉਨ੍ਹਾਂ ਨੂੰ ਵਿਕਾਸ ਪੁਰਸ਼ ਵਜੋਂ ਯਾਦ ਕੀਤਾ ਜਾਂਦਾ ਰਹੇਗਾ।



**ਸ਼ਾਨਾਮੱਤਾ ਰਿਹਾ 61 ਸਾਲ ਦਾ ਸਿਆਸੀ ਸਫ਼ਰ**

ਜਥੇਦਾਰ ਤੋਤਾ ਸਿੰਘ ਦਾ ਜਨਮ 2 ਮਾਰਚ, 1941 ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਦੀਦਾਰ ਸਿੰਘ ਵਾਲਾ ਵਿਖੇ ਪਿਤਾ ਬਾਬੂ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਹੋਇਆ। ਮੁਢਲੀ ਵਿੱਦਿਆ ਪਿੰਡ ਤੋਂ ਲੈਣ ਤੋਂ ਬਾਅਦ ਉਨ੍ਹਾਂ ਨੇ ਡੀਐਮ ਕਾਲਜ ਮੋਗਾ ਤੋਂ ਐਫ।ਏ। ਦੀ ਪੜ੍ਹਾਈ ਕਰਨ ਉਪਰੰਤ ਸਾਲ 1961 ਵਿਚ ਉਹ ਪਿੰਡ ਦੀਦਾਰ ਸਿੰਘ ਵਾਲਾ ਦੇ ਪਹਿਲੀ ਵਾਰ ਸਰਪੰਚ ਬਣੇ। ਜਿੱਥੋਂ ਉਨ੍ਹਾਂ ਦਾ ਸਿਆਸੀ ਜੀਵਨ ਸ਼ੁਰੂ ਹੋਇਆ, ਸਾਲ 1969 'ਚ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਬਣੇ, ਜਦੋਂਕਿ ਪੰਜਾਬ ਦੇ ਸਿਰਫ਼ 12 ਜ਼ਿਲ੍ਹੇ ਸਨ। ਸਾਲ 1985 ਵਿਚ ਉਹ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਬਣੇ। ਸਾਲ 1997 ਵਿਚ ਜਥੇਦਾਰ ਤੋਤਾ ਸਿੰਘ ਪੰਜਾਬ ਦੇ ਸਿੱਖਿਆ ਮੰਤਰੀ ਬਣੇ, ਸਾਲ 2002 'ਚ ਉਹ ਮੋਗਾ ਤੋਂ ਬਤੌਰ ਵਿਧਾਇਕ ਚੁਣੇ ਗਏ। ਸਾਲ 2012 ਵਿਚ ਉਹ ਹਲਕਾ ਧਰਮਕੋਟ ਤੋਂ ਵਿਧਾਇਕ ਚੁਣੇ ਗਏ ਅਤੇ ਖੇਤੀਬਾੜੀ ਮੰਤਰੀ ਬਣੇ।ਦੱਸ ਦੇਈਏ ਕਿ ਸਾਲ 1989 ਵਿਚ ਜਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਰਾਜਪਾਲ ਚੁਣੇ ਗਏ ਤਾਂ ਆਪ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਸਾਲ 1978 ਤੋਂ ਲੈ ਕੇ ਹੁਣ ਤੱਕ ਉਹ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਵੱਖ-ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹੇ ਅਤੇ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਆਪ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਵੀ ਰਹੇ। ਸਾਲ 1971,1975, 1982,1984 ਵਿਚ ਉਹ ਸਮੇਂ-ਸਮੇਂ ਤੇ ਪੰਜਾਬ ਦੇ ਹਿਤਾਂ ਲਈ ਲਗਾਏ ਗਏ ਮੋਰਚਿਆਂ 'ਚ ਸ਼ਾਮਿਲ ਹੋਏ ਅਤੇ ਆਪਣੇ ਜੀਵਨ ਵਿਚ 7 ਤੋਂ 8 ਸਾਲ ਜੇਲ੍ਹ ਵੀ ਕੱਟੀ। ਉਹ ਪੰਜਾਬ ਦੇ ਸਿ-ਰਕੱਢ ਕੱਦਵਾਰ ਆਗੂਆਂ ਦੇ ਬਹੁਤ ਕਰੀਬੀ ਰਹੇ। ਉਨ੍ਹਾਂ ਦਾ 61 ਸਾਲ ਦਾ ਸਿਆਸੀ ਸਫ਼ਰ ਸ਼ਾਨਾਮੱਤੀ ਰਿਹਾ।

# ਜਿਲ੍ਹਾ ਜੇਤੂ ਵਿਦਿਆਰਥਣ ਨਵਨੀਤ ਕੌਰ ਦਾ ਸਨਮਾਨ

**ਭਵਾਨੀਗੜ (ਚਮਨਦੀਪ ਸ਼ਰਮਾ)–** ਇੱਥੋਂ ਨਜ਼ਦੀਕ ਸਰਕਾਰੀ ਮਿਡਲ ਸਮਾਰਟ ਸਕੂਲ ਸ਼ਾਹਪੁਰ ਦੇ ਵਿਦਿਆਰਥੀ ਸਕੂਲ ਇਨਚਾਰਜ਼ ਵਰਿੰਦਰ ਮੋਹਨ ਦੀ ਯੋਗ ਅਗਵਾਈ ਹੇਠ ਇੰਗਲਿਸ ਬੂਸਟਰ ਕਲੱਬ ਤਹਿਤ ਕਰਵਾਏ ਜਾ ਰਹੇ ਮੁਕਾਬਲਿਆਂ ਵਿੱਚ ਲਗਾਤਾਰ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਬੀਤੇ ਦਿਨੀਂ ਅੰਗਰੇਜ਼ੀ ਬੋਲਣ ਦੇ ਜਿਲ੍ਹਾ ਪੱਧਰੀ ਮੁਕਾਬਲੇ ਵਿੱਚੋਂ ਪਹਿਲੇ ਸਥਾਨ ਤੇ ਰਹੀ ਛੇਵੀਂ ਕਲਾਸ ਦੀ ਵਿਦਿਆਰਥਣ ਨਵਨੀਤ ਕੌਰ ਦਾ ਵਿਸ਼ੇਸ ਸਨਮਾਨ ਗਾਈਡ ਅਧਿਆਪਕਾ ਗੁਰਪ੍ਰੀਤ ਕੌਰ ਐੱਸ ਸ਼ਐੱਸਾਮਸਟ੍ਰੈੱਸ ਦੁਆਰਾ ਕੀਤਾ ਗਿਆ। ਸਨਮਾਨ ਸਮਾਰੋਹ ਦੌਰਾਨ ਗਾਈਡ ਅਧਿਆਪਕਾ ਨੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਇੰਗਲਿਸ ਬੂਸਟਰ ਕਲੱਬ ਦੇ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਕਿ ਇਹ ਮੁਕਾਬਲੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦੇ ਤਹਿਤ ਵਿਭਾਗ ਵੱਲੋਂ ਬੱਚਿਆਂ ਵਿੱਚ ਅੰਗਰੇਜ਼ੀ ਬੋਲਣ ਦੇ ਸੁਧਾਰ ਹਿੱਤ ਰੋਜ਼ਾਨਾ ਆਨਲਾਈਨ ਕਰਵਾਏ ਜਾ ਰਹੇ ਹਨ। ਇਸ ਦੇ ਲਈ ਸਕੂਲਾਂ ਅੰਦਰ ਇੰਗਲਿਸ਼ ਬੂਸਟਰ ਕਲੱਬ ਦੀ ਸਥਾਪਨਾ ਕੀਤੀ ਹੋਈ ਹੈ। ਇਹ ਮੁਕਾਬਲੇ ਪਹਿਲਾਂ ਸਕੂਲੀ ਪੱਧਰ ਤੇ ਕਰਨ ਉਪਰੰਤ ਬਲਾਕ ਅਤੇ ਜਿਲ੍ਹਾ ਪੱਧਰ ਤੇ ਆਯੋਜਿਤ ਹੁੰਦੇ ਹਨ। ਇਸ ਦੀ ਤਿਆਰੀ ਸਬੰਧੀ ਸਟੇਟ ਟੀਮ ਵੱਲੋਂ ਹਫਤਾ ਪਹਿਲਾ ਹੀ ਕੰਨਟੈਂਟ ਭੇਜ਼ ਦਿੱਤਾ ਜਾਂਦਾ ਹੈ। ਇਸ ਸਫਲਤਾ ਦੇ ਲਈ ਜਿਲਾ ਸਿੱਖਿਆ ਅਫਸਰ (ਸੈਸਿ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਮ੍ਰਿਤਪਾਲ ਸਿੰਘ, ਬਲਾਕ ਨੋਡਲ ਅਫਸਰ ਪ੍ਰੀਤਇੰਦਰ ਘਈ, ਡੀਐੱਮ ਅੰਗਰੇਜ਼ੀ ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਸਾਇੰਸ ਅਧਿਆਪਕ, ਰਘਵੀਰ ਸਿੰਘ ਪੰਜਾਬੀ ਮਾਸਟਰ, ਜਰਨੈਲ ਸਿੰਘ ਪੀਟੀਆਈ, ਹਰਪ੍ਰੀਤ ਕੌਰ ਕੰਪਿਊਟਰ ਟੀਚਰ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ।



# ਪੰਜਾਬ ਵਿਧਾਨ ਸਭਾ ਬੰਦੀ ਸਿੱਖਾਂ ਦੀ ਰਿਹਾਈ ਲਈ ਮਤਾ ਪਾਸ ਕਰੇ-ਖਾਲੜਾ ਮਿਸ਼ਨ

**ਅੰਮ੍ਰਿਤਸਰ–** ਅੱਜ ਸਰਾਭੇ ਵਿਖੇ ਬੰਦੀ ਸਿੱਖਾਂ ਦੀ ਰਿਹਾਈ ਲਈ ਲੱਗੇ ਮੋਰਚੇ ਵਿਚ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਹਾਜ਼ਰੀ ਭਰਨ ਤੋਂ ਬਾਅਦ ਕਿਹਾ ਕਿ ਸੰਗਤਾਂ ਨੂੰ ਬਲਦੇਵ ਸਿੰਘ ਸਰਾਭਾ ਦਾ ਸਹਿਯੋਗ ਕਰਕੇ ਮੋਰਚੇ ਨੂੰ ਕਾਮਯਾਬ ਕਰਨਾ ਚਾਹੀਦਾ ਹੈ। ਜਥੇਬੰਦੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਬੰਦੀ ਸਿੱਖਾਂ ਦੀ ਰਿਹਾਈ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਾਕੇ ਕੇਂਦਰ ਸਰਕਾਰ ਨੂੰ ਭੇਜੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਕਿੰਨੇ ਦੁਖ ਦੀ ਗੱਲ ਹੈ, ਜਿਸ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਬੀ.ਐਸ.ਐਫ. ਦਾ ਘੇਰਾ ਵਧਾਉਣ ਖਿਲਾਫ ਪੰਜਾਬ ਵਿਧਾਨ ਸਭਾ ਵਿਚ ਪਾਸ ਮਤੇ ਦੀ ਹਮੈਤ ਕੀਤੀ, ਅੱਜ ਉਹ ਪਾਰਟੀ ਵਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਕੇ ਕੇਂਦਰੀ ਸੁਰੱਖਿਆ ਬਲਾਂ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਰੋਗ ਰਵਾਇਤੀ ਪਾਰਟੀਆਂ ਨੂੰ ਲੱਗਾ ਸੀ, ਉਹੋ ਰੋਗ ਆਮ ਆਦਮੀ ਪਾਰਟੀ ਨੂੰ ਵੀ ਲੱਗ ਗਿਆ ਹੈ। ਸਿੱਖਾਂ ਨੂੰ ਅੱਤਵਾਦੀ, ਵੱਖਵਾਦੀ ਦੱਸਣਾ ਤੇ ਜ਼ੁਲਮ ਢਾਹੁਣਾ ਰਵਾਇਤੀ ਪਾਰਟੀਆਂ ਵਾਲਾ ਰਾਹ ਫੜ ਲਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਹਮਲਾ, ਝੂਠੇ ਮੁਕਾਬਲੇ, ਨਵੰਬਰ-84 ਕਤਲੇਆਮ, ਨਸ਼ੇ, ਬੇਅਦਬੀਆਂ ਅੱਤਵਾਦ ਸੀ। ਉਨ੍ਹਾਂ ਕਿਹ ਕਿ ਪੰਜਾਬ ਦਾ ਬੱਚਾ-ਬੱਚਾ ਚਾਹੁੰਦਾ ਹੈ ਕਿ ਬੰਦੀ ਸਿੱਖਾਂ ਦੀ ਰਿਹਾਈ ਹੋਵੇ, ਪਰ ਬਾਦਲ ਮੰਡਲੀ ਨੂੰ ਮਾਫ ਨਹੀਂ ਕਰਨਾ ਚਾਹੁੰਦਾ, ਕਿਉਂਕਿ ਇੰਨ੍ਹਾਂ ਧਰਮ ਯੁੱਧ ਮੋਰਚੇ ਨਾਲ ਗਦਾਰੀ ਕੀਤੀ, ਝੂਠੇ ਮੁਕਾਬਲੇ ਬਣਾਉਣ ਵਾਲੇ ਡੀ.ਜੀ.ਪੀ. ਲਾਏ, ਬੇਅਦਬੀਆਂ ਕਰਾਈਆਂ, ਨਸ਼ਿਆਂ ਦਾ ਪਾਪ ਕੀਤਾ। ਇਸ ਮੌਕੇ ਤੇ ਬਲਦੇਬ ਸਿੰਘ ਸਰਾਭਾ ਨਾਲ ਹਰਮਨਦੀਪ ਸਿੰਘ, ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਪ੍ਰਵੀਨ ਕੁਮਾਰ, ਸਤਵਿੰਦਰ ਸਿੰਘ, ਸਤਵੰਤ ਸਿੰਘ ਮਾਣਕ ਆਦਿ ਹਾਜ਼ਰ ਸਨ।




# ਮਿਸ਼ਨਰੀ ਗਾਇਕਾ ਮਨਦੀਪ ਮਾਲਵਾ ਦਾ ਅਲਟੋ ਕਾਰ ਨਾਲ ਹੋਵੇਗਾ ਵਿਸੇਸ਼ ਸਨਮਾਨ

**ਲਸਾੜਾ/ਉੜਾਪੜ–** ਮਾੜੀ ਆਰਥਿਕ ਹਾਲਤ ਚ ਰਹਿ ਕੇ ਵੀ ਸਮੁੱਚੀ ਮਾਨਵਤਾ ਦੇ ਮਸੀਹਾ ਸਤਿਗੁਰ ਰਵਿਦਾਸ ਮਹਾਰਾਜ ਤੇ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦੇ ਤੇ ਹੋਰ ਮਹਾਨ ਪੁਰਸ਼ਾਂ ਦੇ ਮਿਸ਼ਨ ਨੂੰ ਦੁਨੀਆਂ ਦੇ ਹਰ ਕੋਨੇ ਚ ਵੱਸਦੇ ਸਤਿਗੁਰ ਰਵਿਦਾਸ ਨਾਮ ਸੰਗਤਾਂ ਅਨੇਕਾਂ ਧਾਰਮਿਕ ਟੇਪਾਂ ਤੇ ਟਰੈਕਾਂ ਰਾਂਹੀ ਕਰੀਬ ਦੋ ਤਰਾਂ ਦੀਆਂ ਅਵਾਜਾਂ ਕੱਢਣ ਵਾਲੀ ਲੋਕ ਗਾਇਕਾ ਮਨਦੀਪ ਮਨੀ ਮਾਲਵਾ ਦਾ ਸਨਮਾਨ ਕੀਤਾ ਜਾ ਰਿਹਾ ਹੈ ਜਾਣਕਾਰੀ ਦਿੰਦੇ ਹੋਏ ਗਾਇਕ ਰੂਪ ਲਾਲ ਧੀਰ,ਨੰਬਰਦਾਰ ਰਾਜ ਦਦਰਾਲ,ਮਾਸਟਰ ਮੱਖਣ ਬਖ਼ਲੌਰ ਨੇ ਦੱਸਿਆ ਕਿ ਇਹ ਸਨਮਾਨ ਬੇਗਮ ਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ, ਐਨਆਰਆਈ ਤੇ ਬਸਪਾ ਸਾਥੀਆਂ ਦੇ ਸਹਿਜੋਗ ਨਾਲ ਬੰਗਾ ਦੇ ਅਨਮੋਲ ਪੈਲੇਸ ਵਿੱਚ 28ਮਈ ਨੂੰ ਲੋਕ ਗਾਇਕਾ ਮਨਦੀਪ ਮਨੀ ਮਾਲਵਾ ਦਾ ਵਿਸੇਸ਼ ਸਨਮਾਨ ਕੀਤਾ ਜਾ ਰਿਹਾ ਹੈ ਉਨਾ ਦੱਸਿਆ ਕਿ ਗਾਇਕਾ ਮਨਦੀਪ ਮਨੀ ਛੋਟੀ ਉਮਰ ਤੋਂ ਹੀ ਗਾਇਕੀ ਵੱਲ ਕੇਂਦਰਤ ਸੀ ਤੇ ਮਾਂ ਸਰਸਵਤੀ ਦੀ ਅਪਾਰ ਕਿਰਪਾ ਇਸ ਗਾਇਕਾ ਦਾ ਨਾਂ ਨਾਮਵਰ ਕਲਾਕਾਰਾਂ ਵਿਚ ਜਾਣਿਆ ਜਾਂਦਾ ਹੈ ਤੇ ਮਿਸ਼ਨਰੀ ਸਾਥੀਆਂ ਤੇ ਸਾਡੀ ਸੰਸਥਾ ਨੇ ਇਸ ਦੇ ਘਰ ਦੀ ਆਰਥਿਕ ਹਾਲਤ ਪਤਲੀ ਦੇਖਣ ਉਪਰੰਤ ਇਹ ਉਪਰਾਲਾ ਕੀਤਾ ਗਿਆ ਤੇ ਸਾਨੂੰ ਸਾਡੇ ਸਮਾਜ ਦੀ ਇਸ ਧੀ ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਉਨਾਂ ਦੱਸਿਆ ਕਿ ਇਸ ਸਨਮਾਨ ਸਮਾਰੋਹ ਦੌਰਾਨ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ.ਜਸਵੀਰ ਸਿੰਘ ਗੜੀ ਮੁਖ ਮਹਿਮਾਨ ਵਜੋਂ ਪਹੁੰਚ ਰਹੇ ਹਨ ਇਸ ਦੇ ਨਾਲ ਹੀ ਡਾ ਸੁਖਵਿੰਦਰ ਸੁੱਖੀ ਹਲਕਾ ਵਿਧਾਇਕ ਬੰਗਾ,ਡਾ ਨਛੱਤਰ ਪਾਲ ਰਾਂਹੋਂ ਹਲਕਾ ਵਿਧਾਇਕ ਨਵਾਂਸ਼ਹਿਰ ਤੋਂ ਇਲਾਵਾ ਰਹਿਬਰਾਂ ਦੇ ਮਿਸ਼ਨ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਵਿਸੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖਸ਼ੀਅਤਾਂ ਦਾ ਵਿਸੇਸ਼ ਸਨਮਾਨ ਕੀਤਾ ਇਸ ਸਨਮਾਨ ਸਮਾ ਰੋਹ ਵਿੱਚ ਬਸਪਾ ਦੀ ਸਮੁੱਚੀ ਲੀਡਰਸ਼ਿਪ ਤੇ ਵਰਕਰ ਸਾਹਿ ਬਾਨ ਜਰੂਰ ਹਾਜਰੀ ਲਗਵਾਉਣ ਦੀ ਅਪੀਲ਼ ਕੀਤੀ ਗਈ।



**– ਬੱਗਾ ਸੇਲਕੀਆਣਾ**

# ਜਰਖੜ ਖੇਡਾਂ ਦਾ 5ਵਾਂ ਦਿਨ-ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਓਲੰਪੀਅਨ ਪ੍ਰਿਥੀਪਾਲ ਸਿੰਘ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ

ਖੇਡ ਮੈਦਾਨ ਬੋਲਦਾ ਹੈ

ਜਗਰੂਪ ਸਿੰਘ ਜਰਖੜ

98143-00722



**ਲੁਧਿਆਣਾ 22 ਮਈ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 35ਵੀਆਂ ਜਰਖੜ ਖੇਡਾਂ ਦੀ ਕੜੀ ਦਾ ਹਿੱਸਾ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਪੰਜਵੇਂ ਦਿਨ ਜਰਖੜ ਹਾਕੀ ਅਕੈਡਮੀ ਨੇ ਜਿੱਥੇ ਸੀਨੀਅਰ ਵਰਗ ਵਿੱਚ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉਥੇ ਕਿਲ੍ਹਾ ਰਾਏਪੁਰ ਅਤੇ ਬੈਚਮੇਟ ਕਲੱਬ ਸਾਹਨੇਵਾਲ ਨੇ ਕੁਆਰਟਰ ਫਾਈਨਲ ਵਿੱਚ ਆਪਣੀ ਥਾਂ ਬਣਾਈ।






ਫਲੱਡ ਲਾਈਟਾਂ ਦੀ ਰੋਸ਼ਨੀ ਵਿਚ ਬਨਾਵਟੀ ਘਾਹ ਵਾਲੇ ਖੇਡ ਮੈਦਾਨ ਤੇ ਖੇਡੇ ਜਾ ਰਹੇ ਇਸ ਹਾਕੀ ਫੈਸਟੀਵਲ ਵਿੱਚ ਅੱਜ ਓਲੰਪੀਅਨ ਪ੍ਰਿਥੀਪਾਲ ਸਿੰਘ ਨੂੰ ਉਨ੍ਹਾਂ ਦੀ 39ਵੀਂ ਬਰਸੀ ਮੌਕੇ ਖਿਡਾਰੀਆਂ ਪ੍ਰਬੰਧਕਾਂ ਅਤੇ ਖੇਡ ਪ੍ਰੇਮੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਇਸ ਮੌਕੇ ਉਨ੍ਹਾਂ ਦੇ ਆਦਮਕੱਦ ਬੁੱਤ ਉੱਤੇ ਫੁੱਲਮਾਲਾ ਭੇਟ ਕਰਦਿਆਂ ਰਾਸ਼ਟਰੀ ਗਾਇਣ ਦੀ ਧੁਨ ਨਾਲ ਸ਼ਰਧਾਂਜਲੀ ਭੇਟ ਕੀਤੀ ਗਈ।

ਅੱਜ ਦੇ ਮੈਚਾਂ ਦੌਰਾਨ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਹਲਕਾ ਪਾਇਲ, ਦਲਜੀਤ ਸਿੰਘ ਗਰੇਵਾਲ ਭੋਲਾ ਵਿਧਾਇਕ ਹਲਕਾ ਪੂਰਬੀ ਲੁਧਿਆਣਾ, ਹਰਿੰਦਰ ਸਿੰਘ ਭੁੱਲਰ ਸਾਬਕਾ ਡਿਪਟੀ ਡਾਇਰੈਕਟਰ ਸਪੋਰਟਸ ਪੀਏਯੂ ਲੁਧਿਆਣਾ, ਸ: ਹਿੰਮਤ ਸਿੰਘ ਪਾਇਲਟ ਅਮਰੀਕਾ, ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕਰਦਿਆਂ ਓਲੰਪੀਅਨ ਪ੍ਰਿਥੀਪਾਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀਆਂ ਖੇਡ ਪ੍ਰਾਪਤੀਆਂ ਬਾਰੇ ਖਿਡਾਰੀਆਂ ਨੂੰ ਜਾਗਰੂਕ ਕਰਵਾਇਆ।

ਅੱਜ ਖੇਡੇ ਗਏ ਮੈਚਾਂ ਵਿੱਚ ਸਬ ਜੂਨੀਅਰ ਵਰਗ ਵਿਚ ਏਕ ਨੂਰ ਅਕੈਡਮੀ ਤੇਂਗ ਨੇ ਨਨਕਾਣਾ ਸਾਹਿਬ ਸਕੂਲ ਰਾਮਪੁਰ ਛੰਨਾ ਅਮਰਗੜ੍ਹ ਨੂੰ 3-1 ਗੋਲਾਂ ਨਾਲ ਹਰਾਇਆ, ਜੇਤੂ ਟੀਮ ਵੱਲੋਂ ਮੋਹਿਤ ਨੇ 2 ਪਵਨ ਨੇ 1 ਗੋਲ ਕੀਤਾ ਜਦਕਿ ਅਮਰਗੜ੍ਹ ਵੱਲੋਂ ਜੋਬਨ ਨੇ ਇੱਕੋ ਇੱਕ ਗੋਲ ਕੀਤਾ। ਜਦ ਕਿ ਦੂਸਰੇ ਮੁਕਾਬਲੇ ਵਿਚ ਹਾਕੀ ਸੈਂਟਰ ਰਾਮਪੁਰ ਦੋਰਾਹਾ ਨੇ ਕਿਲ੍ਹਾ ਰਾਏਪੁਰ ਨੂੰ 4-0 ਗੋਲਾਂ ਦੀ ਕਰਾਰੀ ਮਾਤ ਦਿੱਤੀ।

ਸੀਨੀਅਰ ਵਰਗ ਵਿੱਚ ਅੱਜ ਜਰਖੜ ਹਾਕੀ ਅਕੈਡਮੀ ਅਤੇ ਬੈਚਮੇਟ ਸਪੋਰਟਸ ਕਲੱਬ ਸਾਹਨੇਵਾਲ ਵਿਚਕਾਰ ਖੇਡਿਆ ਗਿਆ ਬਹੁਤ ਹੀ ਕਾਂਟੇਦਾਰ ਅਤੇ ਸੰਘਰਸ਼ਪੂਰਨ ਮੁਕਾਬਲਾ ਨਿਰਧਾਰਤ ਸਮੇਂ ਤਕ 7-7 ਗੋਲਾਂ ਤੇ ਬਰਾਬਰ ਰਿਹਾ। ਅੱਧੇ ਸਮੇਂ ਤੱਕ ਜਰਖੜ 3-2 ਗੋਲਾਂ ਨਾਲ ਅੱਗੇ ਸੀ। ਪਨੈਲਟੀ ਸ਼ੂਟਆਊਟ ਵਿੱਚ ਸਾਹਨੇਵਾਲ ਕਲੱਬ 2-1 ਗੋਲਾਂ ਨਾਲ ਜੇਤੂ ਰਿਹਾ। ਇਸ ਜਿੱਤ ਨਾਲ ਜਰਖੜ ਹਾਕੀ ਅਕੈਡਮੀ ਕੁੱਲ 12 ਅੰਕਾਂ ਨਾਲ ਪੂਲ ਵਿੱਚੋਂ ਸਰਵੋਤਮ ਰਹਿ ਕੇ ਸੈਮੀਫਾਈਨਲ ਲਈ ਕੁਆਲੀਫਾਈ ਕਰ ਗਈ ਹੈ। ਜਦਕਿ ਸਾਹਨੇਵਾਲ ਕਲੱਬ ਨੂੰ 11 ਅੰਕਾਂ ਨਾਲ ਕੁਆਰਟਰ ਫਾਈਨਲ ਮੁਕਾਬਲਾ ਖੇਡਣਾ ਪਵੇਗਾ। ਸੀਨੀਅਰ ਵਰਗ ਦੇ ਦੂਸਰੇ ਮੁਕਾਬਲੇ ਵਿਚ ਕਿਲਾ ਰਾਏਪੁਰ ਨੇ ਏਕ ਨੂਰ ਅਕੈਡਮੀ ਤੇਂਗ ਨੂੰ 8-1 ਗੋਲਾਂ ਦੀ ਵੱਡੀ ਜਿੱਤ ਹਾਸਲ ਕਰਦਿਆਂ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਇਸ ਮੌਕੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਪ੍ਰੋ ਰਜਿੰਦਰ ਸਿੰਘ, ਜਗਮੋਹਨ ਸਿੰਘ ਸਿੱਧੂ, ਸਰਪੰਚ ਹਰਨੇਕ ਸਿੰਘ ਲਾਦੀਆਂ, ਕੁਲਵਿੰਦਰ ਸਿੰਘ ਲਾਦੀਆਂ, ਗੁਰਜੀਤ ਸਿੰਘ ਪੋਹੀੜ, ਸਰਪੰਚ ਜਸਮੇਲ ਸਿੰਘ ਖਾਨਪੁਰ, ਜਸਵੰਤ ਸਿੰਘ ਹਰਨਾਮਪੁਰਾ, ਸਾਬਕਾ ਸਰਪੰਚ ਬਲਵੰਤ ਸਿੰਘ ਚਾਹਲ , ਦਲਵੀਰ ਸਿੰਘ ਜਰਖੜ, ਸਾਬੀ ਜਰਖੜ, ਮਨਜਿੰਦਰ ਸਿੰਘ ਇਯਾਲੀ, ਸੰਦੀਪ ਸਿੰਘ ਪੰਧੇਰ ,ਰਜਿੰਦਰ ਸਿੰਘ ਜਰਖੜ, ਲਖਵੀਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ , ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਸੁਖਵਿੰਦਰ ਸਿੰਘ ਭੰਗੂ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਕੁਲਦੀਪ ਸਿੰਘ ਘਵੱਦੀ , ਰਾਜ ਸਿੰਘ ਘਵੱਦੀ, ਗੁਰਸਤਿੰਦਰ ਸਿੰਘ ਪਰਗਟ, ਗੁਰਤੇਜ ਸਿੰਘ ਬਾਕਸਿੰਗ ਕੋਚ, ਗੁਰਦੀਪ ਸਿੰਘ ਟੀਟੂ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਸਬ ਜੂਨੀਅਰ ਅਤੇ ਸੀਨੀਅਰ ਵਰਗ ਦੇ ਕੁਆਰਟਰ ਫਾਈਨਲ ਮੁਕਾਬਲੇ 25 ਮਈ ਦਿਨ ਬੁੱਧਵਾਰ ਨੂੰ ਸ਼ਾਮ 5 ਤੋਂ 9 ਵਜੇ ਤੱਕ ਖੇਡੇ ਜਾਣਗੇ।

# ਜਰਖੜ ਖੇਡਾਂ ਦਾ ਛੇਵਾਂ ਦਿਨ-ਸੀਨੀਅਰ ਵਰਗ ਵਿੱਚ ਰੂਮੀ ਕਲੱਬ ਅਤੇ ਜੂਨੀਅਰ 'ਚ ਜਰਖੜ ਅਕੈਡਮੀ ਸੈਮੀ ਫਾਈਨਲ ਵਿੱਚ ਪੁੱਜੇ

**ਲੁਧਿਆਣਾ 23 ਮਈ–**ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ 6ਵੇਂ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਫਰੈਂਡਜ਼ ਕਲੱਬ ਰੂਮੀ ਨੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ,ਉੱਥੇ ਸਬ ਜੂਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਆਖ਼ਰੀ ਚਾਰਾਂ ਵਿੱਚ ਆਪਣੀ ਜਗ੍ਹਾ ਬਣਾਈ।





ਫਲੱਡ ਲਾਈਟਾਂ ਦੀ ਰੌਸ਼ਨੀ ਵਿੱਚ ਖੇਡੇ ਜਾ ਰਹੇ ਇਲਾਕੇ ਦੇ ਇਸ ਵੱਕਾਰੀ ਹਾਕੀ ਫੈਸਟੀਵਲ ਵਿੱਚ ਸਬ ਜੂਨੀਅਰ ਵਰਗ ਦਾ ਪਹਿਲਾ ਮੁਕਾਬਲਾ ਜਰਖੜ ਹਾਕੀ ਅਕੈਡਮੀ ਅਤੇ ਚਚਰਾੜੀ ਹਾਕੀ ਸੈਂਟਰ ਦੇ ਵਿਚਕਾਰ ਖੇਡਿਆ ਗਿਆ ਜੋ ਨਿਰਧਾਰਿਤ ਸਮੇਂ ਤੱਕ 4-4=ਗੋਲਾਂ ਤੇ ਬਰਾਬਰ ਰਿਹਾ। ਪੈਨਲਟੀ ਸ਼ੂਟਆਊਟ ਸਡਨ ਡੈਥ ਮੁਕਾਬਲੇ ਵਿੱਚ ਜਰਖੜ ਅਕੈਡਮੀ 5-4 ਨਾਲ ਜੇਤੂ ਰਹੀ। ਜੇਤੂ ਟੀਮ ਵੱਲੋਂ ਗੁਰਜੋਤ ਸਿੰਘ ਨੇ 2, ਗੁਰ ਮਾਨਵਦੀਪ ਅਤੇ ਹੁਸਨ ਜਰਖੜ ਨੇ 1-1 ਗੋਲ ਕੀਤਾ ਜਦਕਿ ਚਚਰਾੜੀ ਵੱਲੋਂ ਹਰਮਨਦੀਪ, ਸਿਮਰਨਦੀਪ ਅਤੇ ਮਨਵੀਰ ਨੇ 1-1 ਗੋਲ ਕੀਤਾ। ਦੂਸਰੇ ਸਬ ਜੂਨੀਅਰ ਮੁਕਾਬਲੇ ਵਿੱਚ ਜਟਾਣਾ ਹਾਕੀ ਸੈਂਟਰ ਬਾਗੜੀਆਂ ਸੰਗਰੂਰ ਹਾਕੀ ਸੈਂਟਰ ਤੋਂ 5-4 ਗੋਲਾਂ ਨਾਲ ਜੇਤੂ ਰਿਹਾ।

ਸੀਨੀਅਰ ਵਰਗ ਦੇ ਮੁਕਾਬਲੇ ਵਿੱਚ ਫਰੈਂਡਜ਼ ਕਲੱਬ ਰੂਮੀ ਨੇ ਬਹੁਤ ਹੀ ਆਹਲਾ ਦਰਜੇ ਦੀ ਖੇਡ ਦਾ ਵਿਖਾਵਾ ਕਰਦਿਆਂ ਰਾਮਪੁਰ ਹਾਕੀ ਕਲੱਬ 7-3 ਗੋਲ੍ਹਾਂ ਨਾਲ ਧੋਬੀ ਪਟਕਾ ਮਾਰਦਿਆਂ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਰੂਮੀ ਦੀ ਜਿੱਤ ਦੇ ਗੁਰਪਾਲ ਸਿੰਘ ਅਤੇ ਅਮਨ ਦੀਪ ਸਿੰਘ ਜੇਤੂ ਹੀਰੋ ਰਹੇ। ਇਸ ਤੋਂ ਇਲਾਵਾ ਜਟਾਣਾ ਹਾਕੀ ਕਲੱਬ ਨੇ ਰੋਪੜ ਇਲੈਵਨ ਨੂੰ ਇੱਕ ਕਰੜੇ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ 5-3 ਗੋਲਾਂ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਪਾਇਆ।

ਅੱਜ ਦੇ ਮੈਚਾਂ ਦੌਰਾਨ ਕੁਲਵੰਤ ਸਿੰਘ ਸਿੱਧੂ ਵਿਧਾਇਕ ਹਲਕਾ ਆਤਮ ਨਗਰ ਲੁਧਿਆਣਾ ਅਤੇ ਅਮਨਦੀਪ ਸਿੰਘ ਮੋਹੀ ਇੰਚਾਰਜ ਲੋਕ ਸਭਾ ਹਲਕਾ ਲੁਧਿਆਣਾ ਆਮ ਆਦਮੀ ਪਾਰਟੀ, ਖੇਡ ਪ੍ਰਮੋਟਰ ਜਸਪਾਲ ਸਿੰਘ ਮਨੀਲਾ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਅਤੇ ਮੋਹੀ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਜਦਕਿ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਕਰਨ ਗਿੱਲ, ਕਬੱਡੀ ਪ੍ਰਮੋਟਰ ਰਾਣਾ ਜੋਧਾਂ, ਸਰਪੰਚ ਹਰਨੇਕ ਸਿੰਘ ਲਾਦੀਆਂ, ਪਲਵਿੰਦਰ ਸਿੰਘ ਲਾਦੀਆਂ, ਜਗਦੀਪ ਸਿੰਘ ਦਿਓਲ, ਸਾਹਿਬ ਸਿੰਘ ਗਿੱਲ, ਗਗਨ ਗਿੱਲ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪਹਿਲਵਾਨ ਹਰਮੇਲ ਸਿੰਘ, ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ, ਗੁਰਦੀਪ ਸਿੰਘ ਜਰਖੜ, ਅਮਰ ਸਿੰਘ ਜਰਖੜ, ਗੁਲਜ਼ਾਰਾ ਸਿੰਘ ਜਰਖੜ, ਪਰਮ ਗਿੱਲ ਰਜਿੰਦਰ ਸਿੰਘ, ਲਖਵੀਰ ਸਿੰਘ ਜਰਖੜ, ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਕੁਆਰਟਰ ਫਾਈਨਲ ਮੁਕਾਬਲੇ 25 ਮਈ ਦਿਨ ਬੁੱਧਵਾਰ ਨੂੰ ਖੇਡੇ ਜਾਣਗੇ। ਜਿਸ ਵਿਚ ਸੀਨੀਅਰ ਵਰਗ ਦਾ ਪਹਿਲਾ ਮੈਚ ਬੈਚ ਮੇਟ ਕਲੱਬ ਸਾਹਨੇਵਾਲ ਬਨਾਮ ਰਾਮਪੁਰ ਹਾਕੀ ਸੈਂਟਰ ਵਿਚਕਾਰ ਸ਼ਾਮ 7 ਵਜੇ ਜਦ ਕਿ ਦੂਸਰਾ ਮੁਕਾਬਲਾ ਕਿਲ੍ਹਾ ਰਾਏਪੁਰ ਬਨਾਮ ਜਟਾਣਾ ਕਲੱਬ ਵਿਚਕਾਰ ਰਾਤ 8 ਵਜੇ ਖੇਡਿਆ ਜਾਵੇਗਾ। ਇਸ ਤੋਂ ਇਲਾਵਾ 2 ਕੁਆਰਟਰ ਫਾਈਨਲ ਮੁਕਾਬਲੇ ਸਬ ਜੂਨੀਅਰ ਵਰਗ ਦੇ ਹੋਣਗੇ, ਸੈਮੀਫਾਈਨਲ ਮੁਕਾਬਲੇ 28 ਮਈ ਨੂੰ ਅਤੇ ਫਾਈਨਲ ਮੁਕਾਬਲਾ 29 ਮਈ ਨੂੰ ਖੇਡਿਆ ਜਾਵੇਗਾ।

# ਮੁੱਖ ਮੰਤਰੀ ਨੇ ਸੈਰ ਸਪਾਟਾ ਵਿਭਾਗ ਨੂੰ ਸ਼ਾਨਾਮੱਤੇ ਪ੍ਰੋਜੈਕਟ 'ਪਿੰਡ ਬਾਬੇ ਨਾਨਕ ਦਾ' ਲਈ ਆਲਮੀ ਪੱਧਰ 'ਤੇ ਟੈਂਡਰ ਮੰਗਣ ਦੇ ਹੁਕਮ ਦਿੱਤੇ

**ਚੰਡੀਗੜ –** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਨੂੰ ਸਮਰਪਿਤ ਮਾਣਮੱਤੇ ਪ੍ਰੋਜੈਕਟ 'ਪਿੰਡ ਬਾਬੇ ਨਾਨਕ ਦਾ' ਲਈ ਆਲਮੀ ਪੱਧਰ 'ਤੇ ਟੈਂਡਰ ਮੰਗਣ ਦੇ ਨਿਰਦੇਸ ਦਿੱਤੇ।

ਇੱਥੇ ਆਪਣੇ ਸਰਕਾਰੀ ਨਿਵਾਸ ਸਥਾਨ 'ਤੇ ਇਸ ਪ੍ਰਾਜੈਕਟ ਦੀ ਪ੍ਰਗਤੀ ਦਾ ਜਾਇਜਾ ਲੈਣ ਲਈ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਵਿਭਾਗ ਨੂੰ ਕਿਹਾ ਕਿ ਉਹ 500 ਕਰੋੜ ਰੁਪਏ ਦੀ ਲਾਗਤ ਨਾਲ 40 ਏਕੜ ਰਕਬੇ ਵਿੱਚ ਬਣਨ ਵਾਲੇ ਇਸ ਸਾਨਾਮੱਤੇ ਪ੍ਰਾਜੈਕਟ ਦੇ ਨਿਰਮਾਣ ਲਈ ਵਿਸਵ ਪ੍ਰਸਿੱਧ ਆਰਕੀਟੈਕਟਾਂ ਦੀਆਂ ਸੇਵਾਵਾਂ ਲੈਣ।

ਵਿਚਾਰ-ਚਰਚਾ ਵਿੱਚ ਹਿੱਸਾ ਲੈਂਦਿਆਂ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਭਾਰਤ ਸਰਕਾਰ ਨੇ ਉਪਰੋਕਤ ਪ੍ਰੋਜੈਕਟ ਲਈ ਤਿਆਰੀ ਕੀਤੀ ਰੂਪ-ਰੇਖਾ ਨੂੰ ਪਹਿਲਾਂ ਹੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਅਨੰਦਪੁਰ ਸਾਹਿਬ ਫਾਊਂਡੇਸਨ ਦੀ ਇਕ ਹੋਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੈਰ ਸਪਾਟਾ ਵਿਭਾਗ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਨ ਜਾ ਰਹੀ ਭਾਈ ਜੈਤਾ ਜੀ ਯਾਦਗਾਰ ਨੂੰ ਦਸੰਬਰ, 2022 ਤੱਕ ਹਰ ਹੀਲੇ ਮੁਕੰਮਲ ਕਰਨ ਦੇ ਨਿਰਦੇਸ ਦਿੱਤੇ। ਉਨਾਂ ਨੇ ਵਿਭਾਗ ਨੂੰ ਸਮਰੱਥ ਅਥਾਰਟੀ ਦੁਆਰਾ ਪ੍ਰਵਾਨਿਤ ਨਿਰਧਾਰਿਤ ਮਾਪਦੰਡਾਂ ਮੁਤਾਬਕ ਇਸ ਵੱਕਾਰੀ ਪ੍ਰੋਜੈਕਟ ਦੀ ਉਸਾਰੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਇਹ ਯਾਦਗਾਰ ਵਿਰਾਸਤ-ਏ-ਖਾਲਸਾ ਦੇ ਕੰਪਲੈਕਸ ਵਿੱਚ 13 ਕਰੋੜ ਰੁਪਏ ਦੀ ਲਾਗਤ ਨਾਲ ਪੰਜ ਏਕੜ ਵਿਚ ਬਣ ਰਹੀ ਹੈ।



ਜ਼ਿਕਰਯੋਗ ਹੈ ਕਿ ਬਹਾਦਰ ਸਿੱਖ ਜਰਨੈਲ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਧਾਵਾਨ ਸਿੱਖ ਸਨ, ਜੋ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਚਾਂਦਨੀ ਚੌਕ, ਦਿੱਲੀ ਤੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਲੈ ਕੇ ਆਏ ਸਨ।

ਇਸੇ ਤਰਾਂ ਮੁੱਖ ਮੰਤਰੀ ਨੇ ਵਿਭਾਗ ਨੂੰ ਵਿਰਾਸਤ-ਏ-ਖਾਲਸਾ ਦੀ ਹਦੂਦ ਅੰਦਰ 10 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੇ ਜਾ ਰਹੇ ਨੇਚਰ ਪਾਰਕ ਨੂੰ ਇਸ ਸਾਲ ਦਸੰਬਰ ਤੱਕ ਮੁਕੰਮਲ ਕਰਨ ਲਈ ਆਖਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਪ੍ਰੋਜੈਕਟ ਇੱਥੇ ਆਉਣ ਵਾਲੇ ਲੋਕਾਂ ਅਤੇ ਖਾਸ ਕਰਕੇ ਕੁਦਰਤ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਹੋਵੇਗਾ।

ਮੁੱਖ ਮੰਤਰੀ ਨੇ ਅੰਮ੍ਰਿਤਸਰ ਕਲਚਰਲ ਐਂਡ ਟੂਰਿਜਮ ਡਿਵੈਲਪਮੈਂਟ ਅਥਾਰਟੀ ਦੀ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪਾਵਨ ਨਗਰੀ ਅੰਮ੍ਰਿਤਸਰ ਵਿੱਚ ਗੋਲਡਨ ਟੈਂਪਲ ਪਲਾਜਾ ਸਮੇਤ ਵੱਖ-ਵੱਖ ਵਿਰਾਸਤੀ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਥਾਵਾਂ ਦੀ ਪ੍ਰਗਤੀ ਦਾ ਜਾਇਜਾ ਲਿਆ।

ਪਵਿੱਤਰ ਸਹਿਰ ਅੰਮ੍ਰਿਤਸਰ ਦੀ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਵਿਭਾਗ ਨੂੰ ਅਥਾਰਟੀ ਅਧੀਨ ਚੱਲ ਰਹੇ ਸਾਰੇ ਕੰਮਾਂ ਨੂੰ ਛੇਤੀ ਪੂਰਾ ਕਰਨ ਲਈ ਆਖਿਆ ਤਾਂ ਜੋ ਅੰਮ੍ਰਿਤਸਰ ਨੂੰ ਵਿਸਵ ਸੈਰ-ਸਪਾਟਾ ਕੇਂਦਰ ਵਜੋਂ ਉਭਾਰਿਆ ਜਾ ਸਕੇ।

ਮੀਟਿੰਗ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਮੁੱਖ ਸਕੱਤਰ ਅਨਿਰੁੱਧ ਤਿਵਾੜੀ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ। ਵੇਣੂ ਪ੍ਰਸਾਦ, ਪ੍ਰਮੁੱਖ ਸਕੱਤਰ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਤੇਜਵੀਰ ਸਿੰਘ, ਸਕੱਤਰ ਸੂਚਨਾ ਤੇ ਲੋਕ ਸੰਪਰਕ ਐਮ।ਐਸ। ਜੱਗੀ ਅਤੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਡਾਇਰੈਕਟਰ ਕਰਨੇਸ ਸਰਮਾ ਹਾਜ਼ਰ ਸਨ।

# 'ਅਮਰੀਕਾ ਦੇ ਮੈਮੋਰੀਅਲ ਡੇਅ ਦਾ ਇਤਿਹਾਸ'


ਪ੍ਰੋ: ਐਚ.ਐਲ.ਕਪੂਰ

ਮੈਮੋਰੀਅਲ ਡੇਅ ਇਕ ਅਮਰੀਕੀ ਛੁੱਟੀ ਹੈ, ਜੋ ਮਈ ਮਹੀਨੇ ਦੇ ਆਖਰੀ ਸੋਮਵਾਰ ਨੂੰ ਮਨਾਇਆ ਜਾਂਦਾ ਹੈ, ਜੋ ਅਮਰੀਕੀ ਫੌਜ ਵਿਚ ਸੇਵਾ ਕਰਦੇ ਹੋਏ ਮਰਨ ਵਾਲੇ ਮਰਦਾਂ ਅਤੇ ਔਰਤਾਂ ਦਾ ਸਨਮਾਨ ਕਰਦੇ ਹਨ।

ਇਹ ਅਸਲ ਵਿਚ ਸਜਾਵਟ ਦਿਵਸ ਵਜੋਂ ਜਾਣਿਆ ਜਾਂਦਾ ਹੈ, ਇਹ ਸਿਵਲ ਯੁੱਧ ਤੋਂ ਬਾਅਦ ਦੇ ਸਾਲਾਂ ਵਿਚ ਸ਼ੁਰੂ ਹੋਇਆ ਸੀ ਅਤੇ 1971 ਵਿਚ ਇਕ ਅਧਿਕਾਰਤ- ਸੰਘੀ ਛੁੱਟੀ ਬਣ ਗਿਆ ਸੀ। ਬਹੁਤ ਸਾਰੇ ਅਮਰੀਕੀ ਕਬਰਸਤਾਨਾਂ ਜਾਂ ਯਾਦਗਾਰਾਂ ਵਿਚ ਜਾ ਕੇ, ਪਰਿਵਾਰਕ ਇਕੱਠ ਕਰਕੇ ਅਤੇ ਪਰੇਡਾਂ ਵਿਚ ਹਿੱਸਾ ਲੈ ਕੇ ਯਾਦਗਾਰੀ ਦਿਵਸ ਮਨਾਉਂਦੇ ਹਨ। ਅਣਅਧਿਕਾਰਿਤ ਤੌਰ 'ਤੇ, ਇਹ ਗਰਮੀ ਦੇ ਮੌਸਮ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ।

**ਮੈਮੋਰੀਅਲ ਦਿਵਸ ਦਾ ਇਤਿਹਾਸ:**

ਘਰੇਲੂ ਯੁੱਧ ਦੇ ਖਤਮ ਹੋਣ ਤੋਂ ਤਿੰਨ ਸਾਲ ਬਾਅਦ, 5 ਮਈ, 1868 ਨੂੰ, ਯੂਨੀਅਨ ਵੈਟਰਨਜ਼ ਦੇ ਇਕ ਸੰਗਠਨ ਦੇ ਮੁਖੀ ਰਿਪਬਲਿਕ ਦੀ ਗ੍ਰੈਂਡ ਆਰਮੀ (ਜੀ. ਏ. ਆਰ.) ਨੇ ਯੁੱਧ ਦੇ ਮਰੇ ਹੋਏ ਲੋਕਾਂ ਦੀਆਂ ਕਬਰਾਂ ਨੂੰ ਸਜਾਉਣ ਦੇ ਸਮੇਂ ਵਜੋਂ ਸਜਾਵਟ ਦਿਵਸ ਦੀ ਸਥਾਪਨਾ ਕੀਤੀ। ਫੁੱਲਾਂ ਨਾਲ, ਮੇਜਰ ਜਨਰਲ ਜੌਹਨ ਏ ਲੋਗਨ ਨੇ ਘੋਸ਼ਣਾ ਕੀਤੀ ਕਿ ਸਜਾਵਟ ਦਿਵਸ 30 ਮਈ ਨੂੰ ਮਨਾਇਆ ਜਾਣਾ ਚਾਹੀਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਤਾਰੀਖ਼ ਇਸ ਲਈ ਚੁਣੀ ਗਈ ਸੀ ਕਿਉਂਕਿ ਪੂਰੇ ਦੇਸ਼ ਵਿਚ ਫੁੱਲ ਖਿੜ ਜਾਣਗੇ।

ਪਹਿਲਾ ਵੱਡਾ ਮੇਲਾ ਉਸ ਸਾਲ ਵਾਸ਼ਿੰਗਟਨ, ਡੀ. ਸੀ. ਤੋਂ ਪੋਟੋਮੈਕ ਨਦੀ ਦੇ ਪਾਰ ਆਰਲਿੰਗਟਨ ਨੈਸ਼ਨਲ ਕਬਰਸਤਾਨ ਵਿਖੇ ਆਯੋਜਿਤ ਕੀਤਾ ਗਿਆ ਸੀ।

ਇਹ ਰਸਮਾਂ ਆਰਲਿੰਗਟਨ ਮਹਿਲ ਦੇ ਸੋਗ ਨਾਲ ਭਰੇ ਬਰਾਂਡੇ ਦੇ ਦੁਆਲੇ ਕੇਂਦਰਿਤ ਸਨ, ਜੋ ਕਦੇ ਜਨਰਲ ਰੌਬਰਟ ਈ. ਲੀ. ਦਾ ਘਰ ਸੀ। ਜਨਰਲ ਅਤੇ ਸ੍ਰੀਮਤੀ ਯੂਲਿਸਸ ਐਸ. ਗ੍ਰਾਂਟ ਸਮੇਤ ਵਾਸ਼ਿੰਗਟਨ ਦੇ ਵੱਖ-ਵੱਖ ਅਧਿਕਾਰੀਆਂ ਨੇ ਸਮਾਰੋਹਾਂ ਦੀ ਪ੍ਰਧਾਨਗੀ ਕੀਤੀ। ਭਾਸ਼ਣਾਂ ਤੋਂ ਬਾਅਦ, ਸੈਨਿਕਾਂ ਅਤੇ ਮਲਾਹਾਂ ਦੇ ਅਨਾਥ ਘਰ ਦੇ ਬੱਚਿਆਂ ਅਤੇ ਜੀ. ਏ. ਆਰ. ਦੇ ਮੈਂਬਰਾਂ ਨੇ ਕਬਰਸਤਾਨ ਵਿਚੋਂ ਲੰਘਦੇ ਹੋਏ, ਯੂਨੀਅਨ ਅਤੇ ਸੰਘੀ ਕਬਰਾਂ 'ਤੇ ਫੁੱਲ ਵਿਛਾਏ, ਪ੍ਰਾਰਥਨਾਵਾਂ ਦਾ ਪਾਠ ਕੀਤਾ ਅਤੇ ਭਜਨ ਗਾਏ।

**ਸਥਾਨਕ ਤਿਉਹਾਰਾਂ ਦਾ ਦਾਅਵਾ:**

ਪਹਿਲਾ ਹੀ ਵੱਖ-ਵੱਖ ਥਾਂਵਾਂ 'ਤੇ ਸਿਵਲ ਯੁੱਧ ਦੇ ਮ੍ਰਿਤਕਾਂ ਨੂੰ ਸਥਾਨਕ ਬਸੰਤ ਸਮੇਂ ਸ਼ਰਧਾਂਜਲੀ ਦਿੱਤੀ ਜਾ ਚੁੱਕੀ ਹੈ। ਪਹਿਲੀ ਵਾਰ ਕੋਲੰਬਸ, ਮਿਸ., 25 ਅਪ੍ਰੈਲ, 1866 ਵਿਚ ਵਾਪਰੀ, ਜਦੋਂ ਔਰਤਾਂ ਦੇ ਇਕ ਸਮੂਹ ਨੇ ਸ਼ੀਲੋਹ ਵਿਖੇ ਲੜਾਈ ਵਿਚ ਡਿੱਗਣ ਵਾਲੇ ਸੰਘੀ ਸੈਨਿਕਾਂ ਦੀਆਂ ਕਬਰਾਂ ਨੂੰ ਸਜਾਉਣ ਲਈ ਇਕ ਕਬਰਸਤਾਨ ਦਾ ਦੌਰਾ ਕੀਤਾ। ਨੇੜੇ ਹੀ ਯੂਨੀਅਨ ਸਿਪਾਹੀਆਂ ਦੀਆਂ ਕਬਰਾਂ ਸਨ, ਅਣਗੌਲੀਆਂ ਕੀਤੀਆਂ ਗਈਆਂ ਕਿਉਂਕਿ ਉਹ ਦੁਸ਼ਮਣ ਸਨ। ਨੰਗੀਆਂ ਕਬਰਾਂ ਨੂੰ ਦੇਖ ਕੇ ਪ੍ਰੇਸ਼ਾਨ ਹੋ ਕੇ ਔਰਤਾਂ ਨੇ ਆਪਣੇ ਕੁਝ ਫੁੱਲ ਵੀ ਉਹਨਾਂ ਕਬਰਾਂ 'ਤੇ ਰੱਖ ਦਿੱਤੇ।

ਅੱਜ, ਉੱਤਰੀ ਤੇ ਦੱਖਣ ਦੇ ਸ਼ਹਿਰ 1866 ਵਿਚ ਮੈਮੋਰੀਅਲ ਦਿਵਸ ਦੇ ਜਨਮ ਸਥਾਨ ਹੋਣ ਦਾ ਦਾਅਵਾ ਕਰਦੇ ਹਨ ਮੈਕੋਨ ਅਤੇ ਕੋਲੰਬਸ, ਗਾ, ਦੋਵੇਂ ਇਸ ਸਿਰਲੇਖ ਦਾ ਦਾਅਵਾ ਕਰਦੇ ਹਨ ਅਤੇ ਨਾਲ ਹੀ ਰਿਚਮੰਡ, ਵੀ. ਬੋਲਸਬਰਗ, ਪਾ. ਦਾ ਪਿੰਡ ਦਾਅਵਾ ਕਰਦਾ ਹੈ ਕਿ ਇਹ ਸ਼ੁਰੂ ਹੋਇਆ ਸੀ। ਉਥੇ ਦੋ ਸਾਲ ਪਹਿਲਾਂ ਕਾਰਬੋਨਡੇਲ, ਇਲ., ਕਬਰਸਤਾਨ ਵਿਚ ਇਕ ਪੱਥਰ ਬਿਆਨ ਕਰਦਾ ਹੈ ਕਿ ਪਹਿਲਾ ਸਜਾਵਟ ਦਿਵਸ ਸਮਾਰੋਹ ਉਥੇ 29 ਅਪ੍ਰੈਲ, 1866 ਨੂੰ ਹੋਇਆ ਸੀ। ਕਾਰਬੋਨਡੇਲ ਜਨਰਲ ਲੋਗਨ ਦਾ ਯੁੱਧ ਸਮੇਂ ਦਾ ਘਰ ਸੀ। ਮੈਮੋਰੀਅਲ ਡੇਅ ਦੀ ਸ਼ੁਰੂਆਤ ਦੇ ਸਬੰਧ ਵਿਚ ਲਗਭਗ 25 ਸਥਾਨਾਂ ਦਾ ਨਾਮ ਦਿੱਤਾ ਗਿਆ ਹੈ, ਉਹਨਾਂ ਵਿਚੋਂ ਬਹੁਤ ਸਾਰੇ ਦੱਖਣ ਵਿਚ ਹਨ, ਜਿੱਥੇ ਜ਼ਿਆਦਾਤਰ ਜੰਗੀ ਮਰੇ ਹੋਏ ਲੋਕਾਂ ਨੂੰ ਦਫ਼ਨਾਇਆ ਗਿਆ ਸੀ।

**ਅਧਿਕਾਰਤ ਜਨਮ ਸਥਾਨ:**

1966 ਵਿਚ ਘੋਸ਼ਿਤ ਕੀਤਾ ਗਿਆ, ਕਾਂਗਰਸ ਅਤੇ ਪ੍ਰਧਾਨ ਲਿੰਡਨ ਜੌਹਨਸਨ ਨੇ ਵਾਟਰਲੂ, ਨਿਊਯਾਰਕ ਨੂੰ ਮੈਮੋਰੀਅਲ ਦਿਵਸ ਦਾ 'ਜਨਮ ਸਥਾਨ' ਘੋਸ਼ਿਤ ਕੀਤਾ। ਉਥੇ 5 ਮਈ 1866 ਨੂੰ ਇਕ ਸਮਾਰੋਹ ਵਿਚ, ਘਰੇਲੂ ਯੁੱਧ ਵਿਚ ਲੜਨ ਵਾਲੇ ਸਥਾਨਕ ਸਾਬਕਾ ਫੌਜੀਆਂ ਨੂੰ ਸਨਮਾਨਿਤ ਕੀਤਾ ਗਿਆ। ਕਾਰੋਬਾਰ ਬੰਦ ਅਤੇ ਵਸਨੀਕਾਂ ਨੇ ਅੱਧੇ ਸਟਾਫ 'ਤੇ ਝੰਡੇ ਲਹਿਰਾਏ। ਵਾਟਰਲੂ ਦੇ ਦਾਅਵੇ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਦੂਜੀਆਂ ਥਾਂਵਾਂ 'ਤੇ ਪਹਿਲਾਂ ਮਨਾਏ ਜਾਣ ਵਾਲੇ ਸਮਾਗਮ ਜਾਂ ਤਾਂ ਗੈਰ-ਰਸਮੀ ਸਨ, ਨਾ ਕਿ ਕਮਿਊਨਿਟੀ-ਵਿਆਪਨ ਜਾਂ ਇਕ ਵਾਰ ਦੇ ਸਮਾਗਮ।

19ਵੀਂ ਸਦੀ ਦੇ ਅੰਤ ਤੱਕ, ਪੂਰੇ ਦੇਸ਼ ਵਿਚ 30 ਮਈ ਨੂੰ ਯਾਦਗਾਰੀ ਦਿਵਸ ਸਮਾਰੋਹ ਆਯੋਜਿਤ ਕੀਤੇ ਜਾ ਰਹੇ ਸਨ। ਰਾਜ ਵਿਧਾਨ ਸਭਾਵਾਂ ਨੇ ਦਿਨ ਨੂੰ ਮਨੋਨੀਤ ਕਰਨ ਦੀਆਂ ਘੋਸ਼ਣਾਵਾਂ ਪਾਸ ਕੀਤੀਆਂ ਅਤੇ ਫੌਜ ਅਤੇ ਜਲ ਸੈਨਾ ਨੇ ਆਪਣੀਆਂ ਸਹੂਲਤਾਂ 'ਤੇ ਸਹੀ ਪਾਲਣਾ ਲਈ ਨਿਯਮਾਂ ਨੂੰ ਅਪਣਾਇਆ।

ਇਹ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਤੱਕ ਨਹੀਂ ਸੀ, ਹਾਲਾਂਕਿ ਸਾਰੇ ਅਮਰੀਕੀ ਯੁੱਧਾਂ ਵਿਚ ਮਾਰੇ ਗਏ ਲੋਕਾਂ ਦੇ ਸਨਮਾਨ ਲਈ ਦਿਨ ਦਾ ਵਿਸਤਾਰ ਕੀਤਾ ਗਿਆ ਸੀ। 1971 ਵਿਚ, ਕਾਂਗਰਸ ਦੇ ਇਕ ਐਕਟ ਦੁਆਰਾ ਮੈਮੋਰੀਅਲ ਡੇਅ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਸੀ, ਹਾਲਾਂਕਿ ਇਸ ਨੂੰ ਅਜੇ ਵੀ ਅਕਸਰ ਸਜਾਵਟ ਦਿਵਸ ਕਿਹਾ ਜਾਂਦਾ ਹੈ। ਫਿਰ ਇਹ ਮਈ ਦੇ ਆਖਰ ਸੋਮਵਾਰ ਨੂੰ ਵੀ ਰੱਖਿਆ ਗਿਆ ਸੀ, ਜਿਵੇਂ ਕਿ ਕੁਝ ਹੋਰ ਸੰਘੀ ਛੁੱਟੀਆਂ ਸਨ।

**ਕੁਝ ਰਾਜਾਂ ਵਿਚ ਸੰਘੀ ਸਮਾਰੋਹ:**

ਕੁਝ ਰਾਜਾਂ ਵਿਚ ਸੰਘੀ ਸਮਾਰੋਹ ਹੁੰਦੇ ਹਨ। ਬਹੁਤ ਸਾਰੇ ਦੱਖਣੀ ਰਾਜਾਂ ਵਿਚ ਸੰਘੀ ਦੇ ਮ੍ਰਿਤਕਾਂ ਦਾ ਸਨਮਾਨ ਕਰਨ ਦੇ ਆਪਣੇ ਦਿਨ ਹੁੰਦੇ ਹਨ। ਮਿਸੀਸਿਪੀ ਅਪ੍ਰੈਲ ਦੇ ਆਖਰੀ ਸੋਮਵਾਰ, ਅਲਬਾਮਾ ਅਪ੍ਰੈਲ ਦੇ ਚੌਥੇ ਸੋਮਵਾਰ ਅਤੇ ਜਾਰਜੀਆ 26 ਅਪ੍ਰੈਲ ਨੂੰ ਸੰਘੀ ਮੈਮੋਰੀਅਲ ਦਿਵਸ ਮਨਾਉਂਦਾ ਹੈ। ਉੱਤਰੀ ਅਤੇ ਦੱਖਣੀ ਕੈਰੋਲੀਨਾ ਇਸ ਨੂੰ 10 ਮਈ, ਲੁਈਸਿਆਨਾ 3 ਜੂਨ ਨੂੰ ਮਨਾਉਂਦਾ ਹੈ ਅਤੇ ਟੈਨੇਸੀ ਉਸ ਤਾਰੀਖ਼ ਨੂੰ ਸੰਘੀ ਸਜਾਵਟ ਦਿਵਸ ਕਹਿੰਦੇ ਹਨ। ਟੈਕਸਾਸ 19 ਜਨਵਰੀ ਨੂੰ ਸੰਘੀ ਹੀਰੋਜ਼ ਮਨਾਉਂਦਾ ਹੈ ਅਤੇ ਵਰਜੀਨੀਆ ਮਈ ਸੰਘੀ ਮੈਮੋਰੀਅਲ ਦਿਵਸ ਦੇ ਆਖਰੀ ਸੋਮਵਾਰ ਨੂੰ ਮਨਾਉਂਦੀ ਹੈ।

1868 ਵਿਚ ਕਬਰਾਂ ਨੂੰ ਸਜਾਉਣ ਲਈ ਜਨਰਲ ਲੋਗਨ ਦੇ ਹੁਕਮ ਨੇ 'ਬਸੰਤ ਦੇ ਸਭ ਤੋਂ ਵਧੀਆ ਫੁੱਲਾਂ ਨਾਲ ਤਾਕੀਦ ਕੀਤੀ: ਸਾਨੂੰ ਉਨ੍ਹਾਂ ਦੀਆਂ ਕਬਰਾਂ ਦੀ ਪਵਿੱਤਰ ਚੌਕਸੀ ਨਾਲ ਰਾਖੀ ਕਰਨੀ ਚਾਹੀਦੀ ਹੈ। ਸੁਹਾਵਣੇ ਰਸਤੇ ਸ਼ਰਧਾਲੂਆਂ ਅਤੇ ਸ਼ੌਕੀਨ ਸੋਗ ਕਰਨ ਵਾਲਿਆਂ ਦੇ ਆਉਣ-ਜਾਣ ਨੂੰ ਸੱਦਾ ਦੇਣ। ਕਿਸੇ ਵੀ ਅਣਗਹਿਲੀ, ਸਮੇਂ ਦੀ ਕੋਈ ਤਬਾਹੀ, ਵਰਤਮਾਨ ਜਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਗਵਾਹੀ ਨਾ ਦੇਵੇ ਕਿ ਅਸੀਂ ਇਕ ਆਜ਼ਾਦ ਅਤੇ ਅਣਵੰਡੇ ਗਣਰਾਜ ਦੀ ਕੀਮਤ ਨੂੰ ਇਕ ਲੋਕ ਵਜੋਂ ਭੁੱਲ ਗਏ ਹਾਂ।''

ਅਰਲਿੰਗਟਨ ਨੈਸ਼ਨਲ ਕਬਰਸਤਾਨ ਵਿਚ ਪਹਿਲੇ ਮੈਮੋਰੀਅਲ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਵਾਲੀ ਭੀੜ ਲਗਭਗ 5000 ਲੋਕਾਂ ਦੇ ਅੱਜ ਦੇ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦੇ ਬਰਾਬਰ ਸੀ। ਫਿਰ ਜਿਵੇਂ ਕਿ ਹੁਣ, ਹਰ ਕਬਰ 'ਤੇ ਛੋਟੇ-ਛੋਟੇ ਅਮਰੀਕੀ ਝੰਡੇ ਲਗਾਏ ਗਏ ਸਨ। ਅੱਜ ਬਹੁਤ ਸਾਰੇ ਰਾਸ਼ਟਰੀ ਕਬਰਸਤਾਨਾਂ ਵਿਚ ਇਕ ਪਰੰਪਰਾ ਦੀ ਪਾਲਣਾ ਕੀਤੀ ਜਾਂਦੀ ਹੈ। ਹਾਲ ਹੀ ਦੇ ਸਾਲਾਂ ਵਿਚ, ਬਹੁਤ ਸਾਰੇ ਪਰਿਵਾਰਾਂ ਵਿਚ ਸਾਰੇ ਵਿੱਛੜੇ ਅਜ਼ੀਜ਼ਾਂ ਦੀਆਂ ਕਬਰਾਂ ਨੂੰ ਸਜਾਉਣ ਦਾ ਰਿਵਾਜ ਵਧਿਆ ਹੈ।

ਜੰਗ ਵਿਚ ਮਰਨ ਵਾਲਿਆਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਸੇਵਾਵਾਂ ਦੀ ਸ਼ੁਰੂਆਤ ਪੁਰਾਤਨਤਾ ਵਿਚ ਲੱਭੀ ਜਾ ਸਕਦੀ ਹੈ। ਐਥੀਨੀਅਨ ਨੇਤਾ ਪੇਰੀਕਲਸ ਨੇ 24 ਸਦੀਆਂ ਪਹਿਲਾਂ ਪੈਲੋਪੋਨੇਸ਼ੀਅਨ ਯੁੱਧ ਦੇ ਡਿੱਗੇ ਹੋਏ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜੋ ਅੱਜ 1.1 ਮਿਲੀਅਨ ਅਮਰੀਕੀਆਂ 'ਤੇ ਲਾਗੂ ਕੀਤੀ ਜਾ ਸਕਦੀ ਹੈ, ਜੋ ਦੇਸ਼ ਦੀਆਂ ਲੜਾਈਆਂ ਵਿਚ ਮਰ ਚੁੱਕੇ ਹਨ: 'ਨਾ ਸਿਰਫ਼ ਉਹਨਾਂ ਨੂੰ ਕਾਲਮਾਂ ਅਤੇ ਸਿਰਲੇਖਾਂ ਦੁਆਰਾ ਯਾਦ ਕੀਤਾ ਜਾਂਦਾ ਹੈ, ਪਰ ਉਥੇ ਉਨ੍ਹਾਂ ਦੀ ਇਕ ਅਣਲਿਖਤ ਯਾਦਗਾਰ ਵੀ ਵਸਦੀ ਹੈ, ਜੋ ਪੱਥਰ ਉੱਤੇ ਨਹੀਂ ਬਲਕਿ ਮਨੁੱਖਾਂ ਦੇ ਦਿਲਾਂ ਵਿਚ ਉੱਕਰੀ ਗਈ ਹੈ।''

ਇਹ ਯਕੀਨੀ ਬਣਾਉਣ ਲਈ ਕਿ ਅਮਰੀਕਾ ਦੇ ਡਿੱਗੇ ਹੋਏ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਾ ਜਾਵੇ, ਦਸੰਬਰ 2000 ਵਿਚ, ਯੂ. ਐਸ. ਕਾਂਗਰਸ ਨੇ ਪਾਸ ਕੀਤਾ ਅਤੇ ਰਾਸ਼ਟਰਪਤੀ ਨੇ ਕਾਨੂੰਨ 'ਦਾ ਨੈਸ਼ਨਲ ਮੋਮੈਂਟ ਆਫ਼ ਰੀਮੇਮਬਰੈਂਸ ਐਕਟ', ਪੀ. ਐਲ. 106-579 ਵਿਚ ਦਸਤਖ਼ਤ ਕੀਤੇ, ਵਾਈਟ ਹਾਊਸ ਕਮਿਸ਼ਨ ਦੀ ਸਥਾਪਨਾ ਕੀਤੀ। ਯਾਦ ਦਾ ਪਲ, ਕਮਿਸ਼ਨ ਦਾ ਚਾਰਟਰ 'ਸੰਯੁਕਤ ਰਾਜ ਦੇ ਲੋਕਾਂ ਨੂੰ ਉਹਨਾਂ ਦੇ ਦੇਸ਼ ਨੂੰ ਕੁਝ ਵਾਪਸ ਦੇਣ ਲਈ ਉਤਸ਼ਾਹਿਤ ਕਰਨਾ ਹੈ, ਜੋ ਉਹਨਾਂ ਨੂੰ ਬਹੁਤ ਜ਼ਿਆਦਾ ਆਜ਼ਾਦੀ ਅਤੇ ਮੌਕਾ ਪ੍ਰਦਾਨ ਕਰਦਾ ਹੈ। ਸੰਯੁਕਤ ਰਾਜ ਦੇ ਮੈਮੋਰੀਅਲ ਡੇਅ ਅਤੇ ਨੈਸ਼ਨਲ ਮੋਮੈਂਟ ਆਫ਼ ਰੀਮੇਮਬਰੈਂਸ ਵਿਚ ਸਮਾਰੋਹਾਂ ਨੂੰ ਉਤਸ਼ਾਹਿਤ ਅਤੇ ਤਾਲਮੇਲ ਕਰਕੇ।

ਨੈਸ਼ਨਲ ਮੋਮੈਂਟ ਆਫ਼ ਰੀਮੇਬਰੈਂਸ ਸਾਰੇ ਅਮਰੀਕੀਆਂ ਨੂੰ ਯਾਦਗਾਰੀ ਦਿਵਸ 'ਤੇ ਸਥਾਨਕ ਸਮੇਂ ਅਨੁਸਾਰ ਦੁਪਹਿਰ 3 ਵਜੇ ਜਿੱਥੇ ਵੀ ਹੋਵੇ, ਰਾਸ਼ਟਰ ਦੀ ਸੇਵਾ ਵਿਚ ਮਰਨ ਵਾਲਿਆਂ ਨੂੰ ਯਾਦ ਕਰਨ ਅਤੇ ਉਹਨਾਂ ਦਾ ਸਨਮਾਨ ਕਰਨ ਲਈ ਇਕ ਮਿੰਟ ਦਾ ਮੌਨ ਰੱਖਣ ਲਈ ਉਤਸ਼ਾਹਿਤ ਕਰਦਾ ਹੈ। ਮੋਮੈਂਟ ਆਫ਼ ਰੀਮੇਂਬਰੈਂਸ ਦੀ ਸੰਸਥਾਪਕ ਕਾਰਮੇਲਾ ਲਾਸਪਾਡਾ ਕਹਿੰਦੀ ਹੈ: ਇਹ ਇਕ ਤਰੀਕਾ ਹੈ ਕਿ ਅਸੀਂ ਸਾਰੇ ਯਾਦਗਾਰ ਨੂੰ ਯਾਦਗਾਰ ਦਿਵਸ ਵਿਚ ਵਾਪਸ ਲਿਆਉਣ ਵਿਚ ਮਦਦ ਕਰ ਸਕਦੇ ਹਾਂ।



## ਕਾਵਿ ਵਿਅੰਗ

## ਦੋਏ ਜਣੇ ਕਿੱਥੇ ਪਹੁੰਚੇ ?

'ਟਿੱਚ' ਜਾਣਦੇ ਹੋਰਨਾਂ ਸਾਰਿਆਂ ਨੂੰ
'ਹੀਰੋ' ਖ਼ੁਦ ਨੂੰ ਹੀ ਸਮਝਦੇ ਦੋਏ ਜਾਣੇ।
ਆਸਮਾਨ ਸਿਰ ਵਾਂਗ ਟਟ੍ਹੀਰੀਆਂ ਦੇ
ਚੁੱਕੀ ਰੱਖਦੇ ਹੁੰਦੇ ਸੀ ਦੋਏ ਜਾਣੇ।
ਇੱਕ ਦੂਸਰੇ ਤਾਈਂ ਹਰਾਉਣ ਦੀਆਂ
ਦਿੰਦੇ ਹੁੰਦੇ ਸੀ ਧਮਕੀਆਂ ਦੋਏ ਜਾਣੇ।
ਬੋਲਣ ਲੱਗੇ ਸੀ ਲਾਉਂਦੇ ਅਕਾਸ਼ ਟਾਕੀ
ਮੋਹਰੇ ਮਾਈਕ ਦੇ ਕਿੱਲ੍ਹਦੇ ਦੋਏ ਜਾਣੇ।
ਇੱਕ ਭਾਈ ਦੇ ਕੁੱਝ ਗੁਣ ਵੱਖਰੇ ਨੇ
ਵੈਸੇ ਇੱਕੋ ਜਿਹੇ ਜਾਪਦੇ ਦੋਏ ਜਾਣੇ।
ਵੇਲ਼ੇ ਚੋਣ-ਪ੍ਰਚਾਰ ਕਿਨ ਸੋਚਿਆ ਸੀ
ਬੈਠੇ ਹੋਣਗੇ ਜੇਲ੍ਹ ਵਿੱਚ ਦੋਏ ਜਾਣੇ ?

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268



## ਗੀਤ

ਇਸ਼ਾਰਿਆ ਨੇ ਖੇਡ ਖੇਡੀ ਬੇਚੈਨੀਆਂ ਸ਼ਿਕਾਰ ਹੋਈਆਂ,
ਹੁੰਗਾਰਿਆਂ ਨੇ ਹੁੱਝ ਮਾਰੀ ਸੋਚਾਂ ਸੋਚੋ ਪਾਰ ਹੋਈਆਂ,
ਹੁਣ ਬੋਲਦਾ ਏ ਮੈਨੂੰ ਦਿਲ ਮੇਰਾ, ਤੂੰ ਅੱਖ ਵੀ ਹਟਾਅ ਲਈ ਤੱਕਣੋਂ
ਸਾਡੇ ਖਾਬਾਂ ਦਾ ਕਸੂਰ ਦੱਸ ਕਿਹੜਾ, ਤੂੰ ਅੱਖ ਵੀ ਹਟਾਅ ਲਈ ਤੱਕਣੋਂ

ਤੇਰਿਆਂ ਰਾਹਾਂ 'ਚ ਖੜ੍ਹੇ ਤੱਕਦੇ ਰਹੇ ਰਾਹ ਤੇਰਾ,
ਉਮਰਾਂ ਦੇ ਚੇਤਿਆਂ ਨੂੰ ਯਾਦ ਰਹੂ ਵਾਹ ਤੇਰਾ,
ਵਾਦਾ ਟੁੱਟ-ਟੁੱਟ ਪੈਂਦਾ ਕੀਤਾ ਜਿਹੜਾ, ਤੂੰ ਅੱਖ ਵੀ ਹਟਾਅ ਲਈ ਤੱਕਣੋਂ
ਸਾਡੇ ਖਾਬਾਂ ਦਾ ਕਸੂਰ ਦੱਸ ਕਿਹੜਾ ...

ਸਾਹਾਂ ਦੇ ਪਰਿੰਦੇ ਕਦੇ ਏਸ ਕਦੇ ਓਸ ਟਹਿਣੀ,
ਹੁਸਨਾਂ ਦੇ ਚਿਹਰਿਆਂ ਤੇ ਜੱਚਦੀ ਨਈਂ ਅੱਖ ਕਾਣੀ,
ਸਾਡਾ ਰੁਸ ਗਿਆ ਸੁਰਖ਼ ਸਵੇਰਾ, ਤੂੰ ਅੱਖ ਵੀ ਹਟਾਅ ਲਈ ਤੱਕਣੋਂ
ਸਾਡੇ ਖਾਬਾਂ ਦਾ ਕਸੂਰ ਦੱਸ ਕਿਹੜਾ ...

ਰੌਲਿਆਂ ਦੇ ਵਿਚ ਗੱਲ ਅਸਲੀ ਗੁਆ ਲਈ ਅਸੀਂ,
ਸੀਨਿਆਂ 'ਚ ਰਹਿਣ ਵਾਲੀ ਚੰਨ ਤੇ ਚੜ੍ਹਾ ਲਈ ਅਸੀਂ,
ਮੇਰੇ ਜੌੜੇ ਨੂੰ ਚਿੜਾਉਦਾ ਲਾਂਘਾ ਤੇਰਾ, ਤੂੰ ਅੱਖ ਵੀ ਹਟਾਅ ਲਈ ਤੱਕਣੋਂ
ਸਾਡੇ ਖਾਬਾਂ ਦਾ ਕਸੂਰ ਦੱਸ ਕਿਹੜਾ ...



**- ਪ੍ਰੋ ਮਲਕੀਤ ਜੌੜਾ**

## ਦਿਨ ਦੀਵੀਂ ਹੀ ਸਾਡੀਆਂ ਝੁੱਗੀਆਂ

ਸਾੜ ਗਏ ਜਰਵਾਣੇ ।
ਫਿਰ ਹਾਕਮ ਸੰਗ ਵੇਖੇ
ਭੰਗੜਾ ਪਾਉਂਦੇ ਲੋਟੂ ਢਾਣੇ।

ਕੰਮ ਧੰਦੇ ਲਈ ਕਿਤੇ ਵਿਚਾਰੇ
ਬਾਹਰ ਗਏ ਮਜ਼ਦੂਰ ਜਦੋਂ ,
ਚੁੱਪ ਚੁਪੀਤੇ ਲਾਇਆ ਲਾਂਬੂ
ਕਿਸੇ ਧਨੀ ਮਰਜਾਣੇ ।

ਪਲਾਂ ਵਿਚ ਸੱਭ ਰਾਖ ਹੋ ਗਿਆ
ਨਿੱਕੜ ਸੁੱਕੜ ਵਰਤੋਂ ਦਾ
ਜੁੱਲੜ ਮੰਜੀਆਂ , ਮੁੱਠ ਮੁੱਠ
ਆਟਾ , ਕੱਪੜੇ ਅਧੋਰਾਣੇ।

ਪਾ ਮੰਜੀ ਨੂੰ ਜੱਫੀ ਭੁੱਝਗੀ
ਇਕ ਮਾਸੂਮ ਵਿਚਾਰੀ,
ਬੀਤੀ ਹੋਊ ਕਿਵੇਂ ਓਸ ਤੇ
ਓਸ ਦੀਆਂ ਉਹ ਜਾਣੇ।

ਨੰਗੇ ਧੜ ਹੁਣ ਬੈਠੇ ਆਂ,
ਬੱਸ ਨੀਲੀ ਛੱਤਰੀ ਹੇਠਾਂ,
ਜੇਠ ਦੀਆਂ ਧੁੱਪਾਂ ਵਿਚ ,
ਸੜਦੇ ਭੁੱਜਦੇ ਭੁੱਖਣ ਭਾਣੇ।

ਕੁੱਲ ਮਖ਼ਲੂਕ ਦੀ ਸਾਂਝੀ
ਧਰਤੀ ਮਾਂ ਨੂੰ ਸਾੜੀ ਜਾਂਦੇ
ਨਿਜ ਪ੍ਰਸਤ ਪੈਸੇ ਦੇ ਪੁੱਤਰ
ਬੰਦੇ ਮਰ ਮੁੱਕ ਜਾਣੇ।

ਯਾਦ ਰੱਖਿਓ ਕਹਿਰ ਰੱਬ ਦਾ
ਇਕ ਦਿਨ ਨਾਜ਼ਲ ਹੋਣੈ,
ਕੁਦਰਤ ਲੇਖਾ ਮੰਗੂ,
ਕਰਦੈਂ, ਜੋ ਜਾਣੇ ਅਣਜਾਣੇ।

ਕਰ ਕਰ ਪਾਪ ਵਿਹਾਝੇ ਜਿਹੜੇ
ਰਹਿਣੇ ਧਰੇ ਧਰਾਏ
ਹੀਰੇ, 'ਲਾਲ' , ਕੋਠੀਆਂ, ਬੰਗਲੇ
ਅੰਤ ਨਾਲ ਨਹੀਂ ਜਾਣੇ ।


**ਲਾਲ ਸਿੰਘ ਸੁਲਹਾਣੀ**
91-98721-55120

# 'ਗਦਰ ਲਹਿਰ ਦਾ ਬਾਗੀ ਨਾਇਕ' ਕਰਤਾਰ ਸਿੰਘ ਸਰਾਭਾ

ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸਦਾ ਆਰੰਭ 25 ਜੂਨ, 1913 ਵਿਚ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼, ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸਨੇ ਹਿੰਦੀਆਂ ਦੇ ਖ਼ੂਨ ਵਿਚ ਆਜ਼ਾਦੀ ਲਈ ਮਰ-ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਂ ਸਿਰਹਾਬ ਮਤਲਬ ਹਰ ਭਰੀ ਜਗ੍ਹਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸਦਾ ਪਾਲਨ-ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ 8 ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ (ਉੜੀਸਾ) ਤੋਂ ਪ੍ਰਾਪਤ 1912 ਵਿਚ ਕੀਤੀ। ਉਸਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬੰਗਾਲ, ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ-ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ 'ਤੇ ਹੈ। ਉਸਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇੱਥੋਂ ਤੱਕ ਕਿ ਮਾਰ-ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿਚ ਵਿਚਰਦਿਆਂ ਉਸਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੋਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿਚ ਰਾਜਨੀਤਿਕ ਜਾਗਰਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ, ਇਕ ਅਖ਼ਬਾਰ ਕੱਢਣ ਦੀ ਤਜਵੀਜ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ 'ਗਦਰ' ਨਾਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤੀ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜ਼ਿੰਮੇਵਾਰੀ ਸੰਭਾਲੀ। ਅਖ਼ਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿੱਥੇ ਕਿਤੇ ਵੀ ਭਾਰਤੀ ਵੱਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।



ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਣਾਂ ਇਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿੱਖਿਆ।ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। 'ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫ਼ਰਮਾਨ ਹੋ ਗਏ।' ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ-ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ।

ਸਰਾਭਾ ਅਤੇ ਪਿੰਗਲੇ ਯੁੰਗਾਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫ਼ੀਆ ਵਿਭਾਗ ਵੱਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫ਼ਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖ਼ਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ 19 ਫਰਵਰੀ 1915 ਕਰ ਦਿੱਤੀ।

ਪਰ ਫਿਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ, 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ।ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫ਼ਗਾਨਿਸਤਾਨ ਵੱਲ ਚੱਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ ਘੋੜ ਸਵਾਰ ਫੌਜ-22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

13 ਸਤੰਬਰ 1915 ਨੂੰ ਮੁਕੱਦਮਾ ਚੱਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੇ ਦ੍ਰਿੜ੍ਹ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵੱਲੋਂ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ-ਏ-ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ, ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉੱਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ:

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ।
ਦਿਲੀ ਵਤਨ ਦਾ ਇਸ਼ਕ ਜਗਾ ਜਾਣਾ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸੁਰੈਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਣੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ 'ਬਾਗੀ' ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ:-
ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

– ਕਰਤਾਰ ਸਿੰਘ ਸਰਾਭਾ

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਫਰੀਮਾਂਟ (ਪ੍ਰਵਾਨਾ)**- ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਰੋਡ ਫਰੀਮਾਂਟ ਵਿਖੇ ਛੋਟਾ ਘੱਲੂਘਾਰਾ ਦੀ ਯਾਦ ਨੂੰ ਸਮਰਪਿਤ ਦੀਵਾਨ ਸਜਾਏ ਗਏ। ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਨੂੰ ਵੀ ਵਿਸ਼ੇਸ਼ ਸੱਦਾ ਦਿੱਤਾ ਗਿਆ। ਧਾਰਮਿਕ ਕਵੀ ਦਰਬਾਰ ਦਾ ਸੰਚਾਲਨ ਸੰਭਾਲਦਿਆਂ ਪ੍ਰਵਾਨਾ ਵੱਲੋਂ ਇਤਿਹਾਸ ਤੇ ਰੌਸ਼ਨੀ ਪਾਈ ਗਈ ਕਿ- ਅਠਾਰਵੀਂ ਸਦੀ ਵਿਚ ਮੁਗਲਾਂ ਨੇ ਹਮੇਸ਼ਾ ਦੀ ਤਰ੍ਹਾਂ ਜਬਰੀ ਧਰਮ ਪ੍ਰੀਵਰਤਨ ਦੀ ਮਾਰੂ ਨੀਤੀ ਹੇਠ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚਲਾ ਦਿੱਤੀ। ਮੁਗਲ ਹੁਕਮਰਾਨ ਲਖਪਤ ਰਾਏ ਨੇ ਅੰਮ੍ਰਿਤਸਰ 'ਤੇ ਹੱਲਾ ਬੋਲ ਦਿੱਤਾ। ਸਿੰਘ ਉਸ ਵੇਲੇ ਕਾਹਨੂੰਵਾਨ ਦੇ ਛੰਭ ਵਿਚ ਦਿਨ ਗੁਜ਼ਾਰ ਰਹੇ ਸਨ। ਮੁਗਲਾਂ ਨੇ ਵੱਡੀ ਫੌਜ ਨਾਲ ਛੰਭ ਨੂੰ ਘੇਰਾ ਪਾ ਲਿਆ, ਜੋ 3-4 ਮਹੀਨੇ ਚੱਲਿਆ। ਸਿੰਘਾਂ ਨੇ ਗੁਰੀਲਾ ਜੰਗ ਦੀ ਨੀਤੀ ਹੇਠ ਮੁਗਲਾਂ ਦਾ ਬਹੁਤ ਨੁਕਸਾਨ ਕੀਤਾ। ਦੁਸ਼ਮਣਾਂ ਨੇ ਆਪਣੀ ਹਾਰ ਹੁੰਦੀ ਵੇਖ ਕੇ ਜੰਗਲ ਨੂੰ ਅੱਗ ਲਗਾ ਦਿੱਤੀ। ਛੰਭ ਵਿਚੋਂ ਨਿਕਲਦਿਆਂ 7000 ਸਿੰਘ ਸ਼ਹੀਦ ਹੋਏ। ਲਗਭਗ 3000 ਬੰਦੀ ਬਣਾ ਲਏ ਤੇ ਨਾਖਾਸ ਚੌਕ ਲਾਹੌਰ ਵਿਖੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ 17 ਮਈ 1746 ਨੂੰ ਵਾਪਰੇ ਕਤਲੇਆਮ ਨੂੰ ਸਿੱਖ ਇਤਿਹਾਸ ਵਿਚ ਛੋਟਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।



ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਹੋਏ- ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਸਵਰਨ ਸਿੰਘ ਪਟਿਆਲਾ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਧਾਰਮਿਕ ਕਵੀ ਦਰਬਾਰ ਦੀ ਸਫਲਤਾ ਵਿਚ ਕਸ਼ਮੀਰ ਸਿੰਘ ਸ਼ਾਹੀ, ਜਸਦੇਵ ਸਿੰਘ, ਦੇਵਿੰਦਰ ਸਿੰਘ ਤੇ ਕਮਲ ਸਿੰਘ ਅਟਵਾਲ ਦਾ ਭਰਪੂਰ ਸਾਥ ਰਿਹਾ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸਫਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਗੁਲਾਮ ਮੁਹੰਮਦ ਬਖਸ਼ ਬੱਟ ਉਰਫ ਦ ਗ੍ਰੇਟ ਗਾਮਾ ਭਲਵਾਨ



ਹਰਦੀਪ ਸਿੰਘ ਚੁੰਬਰ
+91-94636-01616

22 ਮਈ 22 ਦਾ ਦਿਨ ਭਾਰਤ ਦੇ ਇਕ ਮਹਾਨ ਪਹਿਲਵਾਨ ਨਾਲ ਜੁੜਿਆ ਹੋਇਆ ਹੈ। ਉਹ ਹਨ ਗੁਲਾਮ ਮੁਹੰਮਦ ਬਖਸ਼ ਬੱਟ ਉਰਫ ਗਾਮਾ ਪਹਿਲਵਾਨ 22 ਮਈ 1878 ਨੂੰ ਬ੍ਰਿਟਿਸ਼ ਸ਼ਾਸ਼ਨ ਕਾਲ਼ ਵਿੱਚ ਪੰਜਾਬ ਪ੍ਰਾਂਤ ਦੇ ਪਿੰਡ ਜੱਬੋਵਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਵਿਚ ਜਨਮੇ।

ਭਾਰਤ ਵਿਚ ਨਵੀਆਂ ਉਸਾਰੂ ਰਵਾਇਤਾਂ ਦਾ ਅਗਾਜ਼ ਹੋ ਰਿਹਾ ਸੀ ਅਤੇ ਦੇਸ਼ ਅਜ਼ਾਦੀ ਦੇ ਸੰਘਰਸ਼ ਲਈ ਜੂਝ ਰਿਹਾ ਸੀ। ਲੰਡਨ ਵਿਚ ਗੋਲ਼ ਮੇਜ ਕਾਨਫਰੰਸ ਜਲ੍ਹਿਆਂਵਾਲੇ ਬਾਗ ਦੀ ਘਟਨਾ, ਭਗਤ ਸਿੰਘ ਦੀ ਸ਼ਹਾਦਤ, ਊਧਮ ਸਿੰਘ ਦਾ ਮਾਈਕਲ ਓਡਵਾਇਰ ਨੂੰ ਮਾਰਨਾ ਅਤੇ ਉਸ ਨੂੰ ਫਾਂਸੀ, ਬਹੁਤ ਸਾਰੀਆਂ ਘਟਨਾਵਾਂ ਨਾ ਭਾਰਤ ਵਿੱਚ ਰਾਜਨੀਤਿਕ ਉਬਾਲ ਆ ਰਿਹਾ ਸੀ। ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ ਅਤੇ ਬਾਬਾ ਸਾਹਿਬ ਡਾ। ਅੰਬੇਡਕਰ ਆਪਣੀ ਸਮਾਜਿਕ, ਰਾਜ਼ਨੀਤਿਕ ਗਤੀਵਿਧੀਆਂ ਵਿਚ ਨੂੰ ਇੰਜ਼ਾਮ ਤਕ ਪਹੁੰਚਾਉਣ ਦੀਆਂ ਆਖਰੀ ਕੋਸ਼ਿਸ਼ਾਂ ਵਿਚ ਲਗੇ ਹੋਏ ਸਨ। ਉਥੇ ਹੀ ਇਸੇ ਹੀ ਸਮੇਂ ਦੌਰਾਨ ਭਾਰਤ ਵਿਚ ਇਕ ਮਹਾਨ ਪਹਿਲਵਾਨ ਹੋਇਆ ਸ਼ਾਇਦ ਕੋਈ ਵਿਸ਼ਵ ਵਿਚ ਉਹਨਾਂ ਵਰਗਾ ਕੋਈ ਹੋਰ ਪੈਦਾ ਨਾਂ ਹੋਇਆ ਹੋਵੇ। ਉਹ ਦਰਮਿਆਨੇ ਕਦ ਕਾਠੀ ਅਤੇ ਗੱਠੇ ਹੋਏ ਸਰੀਰ ਵਾਲਾ ਨੇਕ ਸੁਭਾ ਦਾ ਮਾਲਕ ਸੀ। ਉਸ ਨੂੰ ਗੁਲਾਮ ਮੁਹੰਮਦ, ਜਿਸ ਨੂੰ 'ਗ੍ਰੇਟ ਗਾਮਾ' ਵੀ ਕਿਹਾ ਜਾਂਦਾ ਹੈ ਅਤੇ ਗਾਮਾ ਪਹਿਲਵਾਨ ਸ਼ਾਇਦ ਵਿਸ਼ਵ ਦਾ ਸਭ ਤੋਂ ਵੱਡਾ ਪਹਿਲਵਾਨ ਸੀ। ਪੰਜ ਦਹਾਕਿਆਂ ਤੋਂ ਵੱਧ ਸਮੇਂ ਤਕ ਅਜੇਤੂ, ਮੁਕਾਬਲਾ ਬਿਨਾਂ ਹਾਰੇ ਵਾਲੇ ਕੈਰੀਅਰ ਦਾ ਮਾਲਕ, ਗਾਮਾ ਪਹਿਲਵਾਨ ਦੀ ਕਥਾ ਅਜ਼ਾਦੀ ਪੂਰਵ ਦਿਹਾਤੀ ਭਾਰਤ ਦੇ ਕੱਚੀ ਮਿੱਟੀ ਦੇ ਪੱਟੇ ਹੋਏ ਅਖਾੜਿਆਂ ਵਿੱਚ ਬਣੀ ਸੀ। ਇਹ ਉਸਦੀ ਤਾਕਤ ਅਤੇ ਪ੍ਰਸਿੱਧੀ ਸੀ ਕਿ ਬਰੂਸ ਲੀ ਨੇ ਆਪਣਾ ਕੈਰੀਅਰ ਬਨਾਉਣ ਲਈ ਉਸ ਤੋਂ ਪ੍ਰੇਰਣਾ ਲਈ।

ਉਹਨਾਂ ਦਾ 109 ਕਿਲੋਗ੍ਰਾਮ ਭਾਰ, 5 ਫੁੱਟ 7 ਇੰਚ ਕੱਦ, ਛਾਤੀ 46 ਇੰਚ, ਕਮਰ 32 ਇੰਚ ਅਤੇ ਡੌਲੇ 20 ਇੰਚ ਦੇ ਸਨ। ਉਸ ਨੇ 82 ਸਾਲ ਦੀ ਉਮਰ ਭੋਗ ਜੀਵਨ ਸਫਰ ਪੂਰਾ ਕੀਤਾ। ਪਹਿਲਵਾਨੀ ਦੇ 52 ਸਾਲ ਦੇ ਸਫਰ ਦੋਰਾਨ ਉਸ ਨੂੰ ਕੋਈ ਹਰਾ ਨਹੀ ਪਾਇਆ। ਉਸ ਮਹਾਨ ਸਖਸ਼ ਦਾ ਨਾਂ ਸੀ, ਗੁਲਾਮ ਮੁਹੰਮਦ ਬਖਸ਼ ਬੱਟ ਉਰਫ ਗਾਮਾ ਪਹਿਲਵਾਨ। ਉਹ 1947 ਦੀ ਵੰਡ ਤੋਂ ਬਾਅਦ 82 ਸਾਲ ਦੀ ਉਮਰ ਤਕ ਆਪਣੇ ਬਾਕੀ ਦਿਨ ਲਾਹੌਰ ਪਾਕਿਸਤਾਨੀ ਵਿਚ ਰਿਹਾ ਸੀ । ਉਹ 22 ਮਈ 1878 ਨੂੰ ਬ੍ਰਿਟਿਸ਼ ਸ਼ਾਸ਼ਨ ਕਾਲ਼ ਵਿੱਚ ਪੰਜਾਬ ਪ੍ਰਾਂਤ ਦੇ ਪਿੰਡ ਜੱਬੋਵਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਵਿਚ ਜਨਮੇ। ਉਹਨਾ ਦੀ ਪਤਨੀ ਦੀ ਨਾਂ ਵਜੀਰ ਬੇਗਮ ਸੀ। ਉਹਨਾ ਨੇ ਦੋ ਵਿਆਹ ਕੀਤੇ ਸਨ। ਇੱਕ ਪੰਜਾਬ ਵਿੱਚੋਂ ਅਤੇ ਦੂਜੀ ਬੜੌਦਾ, ਗੁਜਰਾਤ ਵਿੱਚੋਂ ਸੀ। ਉਹਨਾ ਦੇ ਘਰ 5 ਪੁੱਤਰ ਅਤੇ 4 ਧੀਆਂ ਨੇ ਜਨਮ ਲਿਆ। ਉਹ ਦਰਮਿਆਨੇ ਸਰੀਰ ਦੇ ਮਾਲਕ ਸਨ। ਉਸ ਨੇ ਜਿੰਦਗੀ ਵਿੱਚ ਕਦੀ ਵੀ ਕਿਸੇ ਵੀ ਸ਼ਰਾਬ ਜਾਂ ਕਿਸੇ ਨਸ਼ੇ ਦੀ ਵਰਤੋਂ ਨਹੀਂ ਕੀਤੀ। ਇਸ ਨੂੰ 15 ਅਕਤੂਬਰ 1910 ਨੂੰ ਵਰਲਡ ਹੈਵੀਵੇਟ ਚੈਂਪੀਅਨਸ਼ਿਪ ਦੇ ਭਾਰਤੀ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ਅਤੇ ਵਿਸ਼ਵ ਭਰ ਵਿਚ ਚੈਂਪੀਅਨਾਂ ਨੂੰ ਹਰਾਉਣ ਲਈ ਅੱਗੇ ਵਧਿਆ। ਕੈਰੀਅਰ ਵਿਚ 52 ਸਾਲਾਂ ਤੋਂ ਵੀ ਵੱਧ ਸਮੇਂ ਤਕ ਵਿਸ਼ਵ ਦਾ ਕੋਈ ਵੀ ਐਸਾ ਪਹਿਲਵਾਨ ਪੈਦਾ ਨਹੀਂ ਹੋ ਸਕਿਆ ਜੋ ਗਾਮਾ ਨੂੰ ਹਰਾ ਸਕੇ।, ਉਸ ਨੂੰ ਉਸ ਸਮੇਂ ਦਾ ਸਭ ਤੋਂ ਮਹਾਨ ਪਹਿਲਵਾਨ ਮੰਨਿਆ ਜਾਂਦਾ ਹੈ।

ਗੁਲਾਮ ਮੁਹੰਮਦ ਬਖਸ਼ ਬੱਟ ਦਾ ਜਨਮ ਉੱਤਰੀ ਭਾਰਤ ਦੇ ਪੰਜਾਬ ਖੇਤਰ ਵਿੱਚ ਦੇ ਇੱਕ ਕਸ਼ਮੀਰੀ ਮੁਸਲਮਾਨ ਪਰਿਵਾਰ ਸੀ। ਉਸ ਦਾ ਪਿਛੋਕੜ ਕੁਸ਼ਤੀ ਵਾਲੇ ਪਰਿਵਾਰ ਵਿੱਚੋਂ ਸੀ ਜੋ ਵਿਸ਼ਵ ਪੱਧਰੀ ਪਹਿਲਵਾਨ ਪੈਦਾ ਕਰਨ ਲਈ ਜਾਣੇ ਜਾਂਦੇ ਸਨ। ਉਹ ਮੂਲ ਰੂਪ ਵਿਚ ਕਸ਼ਮੀਰੀ ਬੱਟ ਬ੍ਰਾਹਮਣ ਸਨ ਜਿਹਨਾ ਬਹੁਤ ਪਹਿਲਾਂ ਹੀ ਇਸ਼ਲਾਮ ਧਰਮ ਅਪਾਣਾ ਲਿਆ ਸੀ। ਆਪਣੇ ਪਿਤਾ ਮੁਹੰਮਦ ਅਜ਼ੀਜ਼ ਬਖ਼ਸ਼ ਦੀ ਮੌਤ ਤੋਂ ਬਾਅਦ ਜਦੋਂ ਉਹ ਛੇ ਸਾਲਾਂ ਦੇ ਸਨ, ਗਾਮਾ ਨੂੰ ਉਸਦੇ ਨਾਨਾ-ਨਾਨੀ ਨੇ ਪਾਲਿਆ ਜਿਹਨਾ ਦਾ ਪਹਿਲਵਾਨੀ ਦੇ ਖੇਤਰ ਨਾਲ ਕੋਈ ਸਬੰਧ ਨਹੀਂ ਸੀ। ਫਿਰ ਵੀ ਉਹਨਾਂ ਗਾਮਾ ਨੂੰ ਕੁਸ਼ਤੀ ਦੀ ਸਿੱਖਲਾਈ ਦੇਣ ਲਈ ਇਕ ਨਾਮੀ ਪਹਿਲਵਾਨ ਈਦਾ ਦਾ ਸ਼ਗਿਰਦ ਬਣਾਇਆ। 1888 ਵਿੱਚ ਉਸ ਦਾ ਨਾਂ ਚਰਚਾ ਵਿਚ ਉਸ ਸਮੇ ਆ ਗਿਆ ਸੀ ਜਦੋਂ ਉਹ ਕੇਵਲ ਦਸਾਂ ਸਾਲਾਂ ਦੀ ਉਮਰ ਵਿਚ ਜੋਧਪੁਰ ਵਿਚ "ਤਾਕਤਵਰ ਮਰਦ ਪ੍ਰਤੀਯੋਗਤਾ" (ਸਟਰੌਂਗ ਮੈਨ ਕੰਪੀਟੀਸਨ) ਵਿਚ ਭਾਗ ਲਿਆ। ਮੁਕਾਬਲੇ ਵਿੱਚ ਚਾਰ ਸੌ ਤੋਂ ਵੱਧ ਨਾਮੀ ਪਹਿਲਵਾਨ ਸ਼ਾਮਲ ਹੋਏ ਅਤੇ ਗਾਮਾ ਆਖਰੀ ਪੰਦਰਾਂ ਵਿੱਚੋਂ ਇੱਕ ਸੀ ਅਤੇ ਜੋਧਪੁਰ ਦੇ ਮਹਾਰਾਜਾ ਭਿਵਾਨੀ ਸਿੰਘ ਨੇ ਉਸਦੀ ਛੋਟੀ ਉਮਰ ਦੇ ਕਾਰਨ ਉਸ ਨੂੰ ਜੇਤੂ ਕਰਾਰ ਦਿਤਾ ਸੀ। ਬਾਅਦ ਵਿਚ ਗਾਮਾ ਅਤੇ ਉਸ ਦੇ ਭਰਾ ਨੂੰ ਦਾਤੀਆ ਦੇ ਮਹਾਰਾਜਾ ਨੇ ਉਹਨਾਂ ਨੂੰ ਖੁਰਾਕ ਅਤੇ ਸਿਖਲਾਈ ਦੇਣ ਦੀ ਸਾਰੀ ਜਿੰਮੇਵਾਰੀ ਲਈ।


**ਗਾਮਾ ਦੀ ਸਿੱਖਲਾਈ ਅਤੇ ਖੁਰਾਕ**

ਗਾਮਾ ਦੀ ਰੋਜ਼ਾਨਾ ਸਿੱਖਲਾਈ ਦੇ ਅਖਾੜੇ ਵਿਚ ਉਸਦੇ ਚਾਲੀ ਸ਼ਕਤੀਸ਼ੀਲੀ ਸਾਥੀਆਂ ਨਾਲ ਪਹਿਲਵਾਨੀ ਦੀ ਵਰਜ਼ਸ ਵਿਚ ਸ਼ਾਮਲ ਕੀਤਾ। ਉਸਨੇ ਇੱਕ ਦਿਨ ਵਿੱਚ ਘੱਟੋ ਘੱਟ ਪੰਜ ਹਜ਼ਾਰ ਬੈਠਕ , ਜੇ ਸਪੀਡ 100-200 ਬੈਠਕ ਪ੍ਰਤੀ ਮਿੰਟ ਅਤੇ ਪੰਜ ਤੋ ਤਿੰਨ ਹਜ਼ਾਰ ਡੰਡ (ਪੁਸ਼ ਅਪਸ) ਜਿਸ ਦੀ ਸਪੀਡ 50-100 ਪ੍ਰਤੀ ਮਿੰਟ ਅਤੇ ਕਈ ਵਾਰ 30 ਤੋਂ 45 ਮਿੰਟ ਲਈ 95 ਕਿਲੋ ਭਾਰ ਦੀ ਇੱਕ ਚੱਕੀ ਦੇ ਪੁੜ ਦੇ ਆਕਾਰ ਦਾ ਕੁਸ਼ਤੀ ਪੱਥਰ ਦੀ ਇੱਕ ਹੰਸਲੀ ਗਲ ਵਿਚ ਪਾਕੇ ਵਰਜਿਸ ਕਰਦੇ ਸਨ। ਗਾਮਾਂ ਦੀ ਖੁਰਾਕ ਜਿਹੜੀ ਉਸ ਨੂੰ ਰਾਜੇ ਵਲੋਂ ਦਿੱਤੀ ਜਾਂਦੀ ਸੀ ਉਸ ਇਹ ਸਭ ਵਿੱਚ ਸ਼ਾਮਲ ਸਨ, ਉਹ ਜਿੰਨਾ ਵੀ ਚਾਹੇ ਖਾ ਸਕਦਾ ਸੀ:

1. 15 ਲੀਟਰ ਦੁੱਧ ਪ੍ਰਤੀ ਦਿਨ
2. 1 ਕਿਲੋ ਬਦਾਮ ਦਾ ਪੇਸਟ ਇਕ ਟੌਨਿਕ ਡਰਿੰਕ
3. ਅੱਧਾ ਕਿਲੋ ਦੇਸੀ ਘਿਓ
4. ਮੱਖਣ ਰੋਜਾਨਾਂ ਪੌਣੇ 3 ਕਿਲੋ
5. ਮੌਸਮੀ ਫਲ ਦੀਆਂ ਤਿੰਨ ਬਾਲਟੀਆਂ ਦਾ ਜੂਸ ਲਗਭਗ 4 ਕਿਲੋ
6. ਦੋ ਦੇਸੀ ਮਟਨ
7. ਛੇ ਦੇਸੀ ਮੁਰੱਗੇ

ਉਸ ਦੇ ਪਾਚਨ ਪ੍ਰਣਾਲੀ ਅਤੇ ਮਾਸਪੇਸ਼ੀਆਂ ਦੀ ਮਜਬੂਤੀ ਅਤੇ ਉਤਸ਼ਾਹਤ ਕਰਨ ਲਈ ਹੋਰ ਸਮੱਗਰੀ।

ਬੜੌਦਾ ਵਿਚ ਇਕ ਰੈਸ਼ਲਿੰਗ ਚੈਂਪੀਅਨ 23 ਦਸੰਬਰ 1902 ਦੇ ਦੌਰਾਨ ਉਸ ਨੇ ਇਕ 1200 ਕਿਲੋਗ੍ਰਾਮ (12 ਕੁਇੰਟਲ) ਵਜਨ ਦੇ ਭਾਰੀ ਪੱਥਰ ਨੂੰ ਉਠਾਇਆ ਸੀ। ਇਹ ਪੱਥਰ ਅੱਜ ਵੀ ਬੜੌਦਾ ਦੇ ਮਿਊਜੀਅਮ ਦੀ ਸੰਭਾਲ ਵਿਚ ਰਖਿਆ ਗਿਆ ਹੈ। ਗਾਮੇਂ ਦੀ ਉਮਰ ਉਸ ਸਮੇ 20 ਸਾਲ ਦੀ ਹੀ ਸੀ।



**ਪਹਿਲਾ ਮੁਕਾਬਲਾ ਰਹੀਮ ਬਖ਼ਸ਼ ਸੁਲਤਾਨੀ ਵਾਲਾ ਨਾਲ ਹੋਇਆ**

ਪ੍ਰਸਿੱਧੀ 1895 ਵਿਚ ਗਾਮਾ ਵਿਚ ਆਇਆ ਸੀ, ਜਦੋਂ ਉਸਨੇ 17 ਸਾਲ ਦੀ ਉਮਰ ਵਿਚ ਉਸ ਵੇਲੇ ਦੀ ਭਾਰਤੀ ਕੁਸ਼ਤੀ ਚੈਂਪੀਅਨ, ਅੱਧਖੜ ਉਮਰ ਦੇ ਕਸ਼ਮੀਰੀ ਪਹਿਲਵੀਨ ਰਹੀਮ ਬਖਸ਼ ਸੁਲਤਾਨੀ ਵਾਲਾ ਨੂੰ ਚੁਣੌਤੀ ਦਿੱਤੀ ਸੀ, ਜੋ ਕਿ ਗੁਜਰਾਂਵਾਲਾ ਦਾ ਇਕ ਹੋਰ ਨਾਮੀ ਪਹਿਲਵਾਨ ਸੀ, ਜੋ ਹੁਣ ਪੰਜਾਬ, ਪਾਕਿਸਤਾਨ ਵਿਚ ਹੈ। ਲਗਭਗ 7 ਫੁੱਟ ਉੱਚੇ, ਬਹੁਤ ਜਬਰਦਸਤ ਜਿੱਤ ਦੇ ਰਿਕਾਰਡ ਵਾਲੇ ਰਹੀਮ ਬਖ਼ਸ਼ ਨੂੰ ਉਮੀਦ ਸੀ ਕਿ ਉਹ ਆਸਾਨੀ ਨਾਲ 5 ਫੁੱਟ 7 ਇੰਚ ਕੱਦ ਵਾਲੇ ਗਾਮਾ ਨੂੰ ਅਸਾਲੀ ਨਾਲ ਹਰਾ ਦੇਵੇਗਾ। ਰਹੀਮ ਦੀ ਇਕੋ ਇਕ ਕਮਜ਼ੋਰੀ ਉਸ ਦੀ ਉਮਰ ਸੀ ਕਿਉਂਕਿ ਉਹ ਗਾਮਾ ਤੋਂ ਬਹੁਤ ਵੱਡਾ ਸੀ, ਅਤੇ ਕਰੀਅਰ ਦੇ ਅੰਤ ਦੇ ਨੇੜੇ। ਮੁਕਾਬਲਾ ਲੰਬੇ ਸਮੇਂ ਤਕ ਚਲਦਾ ਰਿਹਾ ਅਤੇ ਅੰਤ ਵਿਚ ਬਰਾਬਰੀ ਉਤੇ ਖਤਮ ਹੋਇਆ। ਰਹੀਮ ਨਾਲ ਮੁਕਾਬਲਾ ਗਾਮਾ ਦੇ ਕਰੀਅਰ ਦਾ ਨਵਾਂ ਮੋੜ ਸੀ ਇਸ ਤੋਂ ਬਾਅਦ ਗਾਮਾ ਨੂੰ ਰੁਸਤਮ-ਏ-ਹਿੰਦ ਦੇ ਖ਼ਿਤਾਬ ਲਈ ਅਗਲਾ ਦਾਅਵੇਦਾਰ ਮੰਨਿਆ ਜਾਂਦਾ ਸੀ। ਇੰਡੀਅਨ ਰੈਸਲਿੰਗ ਚੈਂਪੀਅਨਸ਼ਿਪ ਪਹਿਲੇ ਰਾਉਂਡ ਵਿੱਚ ਗਾਮਾ ਬਚਾਅ ਪੱਖ ਤੋਂ ਖੇਢਦਾ ਰਿਹਾ, ਪਰ ਦੂਜੇ ਰਾਉਂਡ ਵਿੱਚ ਗਾਮਾ ਹਮਲਾਵਰ ਹੋ ਕੇ ਖੇਢਦਾ ਰਿਹਾ, ਉਸਦੇ ਨੱਕ ਅਤੇ ਕੰਨ ਵਿੱਚੋਂ ਕਾਫੀ ਮਾਤਰਾ ਵਿੱਚ ਖੂਨ ਵਗਣ ਦੇ ਬਾਵਜੂਦ, ਉਸਨੇ ਰਹੀਮ ਬਖ਼ਸ਼ ਦਾ ਬਹੁਤ ਵੱਡੀ ਟੱਕਰ ਦਿਤੀ, ਬਰਾਬਰੀ ਉਤੇ ਰਿਹਾ।

1910 ਤਕ, 22 ਸਾਲਾ ਗਾਮਾ ਨੇ ਸਾਰੇ ਪ੍ਰਮੁੱਖ ਭਾਰਤੀ ਪਹਿਲਵਾਨਾਂ ਨੂੰ ਹਰਾ ਦਿੱਤਾ ਸੀ ਜਿਨ੍ਹਾਂ ਨੇ ਉਸਦਾ ਸਾਹਮਣਾ ਚੈਂਪੀਅਨਸ਼ਿਪ, ਰਹੀਮ ਬਖ਼ਸ਼ ਸੁਲਤਾਨੀ ਵਾਲਾ (ਰੁਸਤਮ-ਏ-ਹਿੰਦ ਜਾਂ ਭਾਰਤ ਵਰਸ਼ ਦਾ ਚੈਂਪੀਅਨ) ਨੂੰ ਹਰਾ ਕੇ ਜਿੱਤੀ ਸੀ। ਇਸ ਸਮੇਂ, ਉਸਨੇ ਆਪਣਾ ਧਿਆਨ ਦੁਨੀਆਂ ਦਾ ਚੈਂਪੀਅਨ ਬਣਨ ਉੱਤੇ ਕੇਂਦਰਤ ਕੀਤਾ। ਆਪਣੇ ਛੋਟੇ ਭਰਾ ਇਮਾਮ ਬਖ਼ਸ਼ ਦੇ ਨਾਲ, ਗਾਮਾ ਪੱਛਮੀ ਪਹਿਲਵਾਨਾਂ ਨਾਲ ਮੁਕਾਬਲਾ ਕਰਨ ਲਈ ਇੰਗਲੈਂਡ ਲਈ ਰਵਾਨਾ ਹੋਇਆ ਪਰ ਆਪਣੀ ਉਚਾਈ ਘੱਟ ਹੋਣ ਕਾਰਨ, ਉਹ ਉਹਨਾਂ ਮੁਕਾਬਲਿਆਂ ਵਿਚ ਹਿੱਸਾ ਨਹੀਂ ਲੈ ਸਕਿਆ।

**ਲੰਡਨ ਵਿਚ ਟੂਰਨਾਮੈਂਟ**

ਲੰਡਨ ਵਿਚ, ਆਪਣੀ ਉਚਾਈ ਘੱਟ ਹੋਣ ਕਾਰਨ ਉਹ ਆਹਤ ਹੋਇਆ। ਫਿਰ ਉਸ ਨੇ ਇੱਕ ਭਰੇ ਹੋਏ ਹਾਲ ਵਿੱਚ ਸਟੇਜ ਉਤੇ ਜਾ ਗਾਮਾ ਨੇ ਇਕ ਖੁੱਲੀ ਚੁਣੌਤੀ ਦਿਤੀ ਕਿ ਉਹ ਕਿਸੇ ਵੀ ਭਾਰ ਵਰਗ ਦੇ ਤਿੰਨ ਪਹਿਲਵਾਨਾਂ ਨੂੰ ਤੀਹ ਮਿੰਟ ਵਿਚ ਹਰਾ ਸਕਦਾ ਹੈ। ਉਨ੍ਹਾਂ ਦੇ ਕੁਸ਼ਤੀ ਦੇ ਪ੍ਰਮੋਟਰ ਆਰ. ਬੀ. ਬਿਨਜਾਮਿਨ ਦੁਆਰਾ ਇਸ ਚਣੌਤੀ ਨੂੰ ਪਹਿਲਵਾਨਾਂ ਅਤੇ ਇੱਕ ਧੌਂਸ ਵਜੋਂ ਵੇਖਿਆ ਗਿਆ। ਲੰਬੇ ਸਮੇਂ ਤੋਂ ਕੋਈ ਵੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਅੱਗੇ ਨਹੀਂ ਆਇਆ। ਸਾਰੇ ਪਾਸੇ ਸਨਾਟਾ ਸੀ ਇੱਸ ਸਨਾਟੇ ਨੂੰ ਤੋੜਨ ਲਈ, ਗਾਮਾ ਨੇ ਖਾਸ ਹੈ-ਵੀਵੇਟ ਪਹਿਲਵਾਨਾਂ ਨੂੰ ਇਕ ਹੋਰ ਚੁਣੌਤੀ ਦਿਤੀ। ਉਸਨੇ ਸਟੈਨਿਸਲਾਸ ਜ਼ਬਿਸਕੋ ਅਤੇ ਫਰੈਂਕ ਗੋਚ ਨੂੰ ਚੁਣੌਤੀ ਦਿੱਤੀ, ਜਾਂ ਤਾਂ ਉਹ ਉਨ੍ਹਾਂ ਨੂੰ ਹਰਾਵੇਗਾ ਜਾਂ ਜੇ ਉਹ ਹਾਰਨਾ ਪਸੰਦ ਨਹੀਂ ਕਰਦੇ ਤਾਂ ਉਹ ਜਿੱਤੀ ਹੋਈ ਇਨਾਮ ਦੀ ਰਕਮ ਗਾਮਾ ਨੂੰ ਦੇ ਕੇ ਆਪਣੇ ਘਰ ਜਾ ਸਕਦੇ ਹਨ ਅਤੇ ਉਹ ਵੀ ਘਰ ਚਲਾ ਜਾਵੇਗਾ। ਉਸਦੀ ਚੁਣੌਤੀ ਦੀ ਝੰਡੀ ਨੂੰ ਫੜਨ ਵਾਲਾ ਪਹਿਲਾ ਪੇਸ਼ੇਵਰ ਪਹਿਲਵਾਨ ਅਮਰੀਕੀ ਬੈਂਜਾਮਿਨ ਰੋਲਰ ਸੀ। ਮੁਕਾਬਲੇ ਵਿੱਚ, ਗਾਮਾ ਨੇ ਰੋਲਰ ਨੂੰ ਪਹਿਲੀ ਵਾਰ 1 ਮਿੰਟ 40 ਸਕਿੰਟ ਵਿੱਚ, ਅਤੇ ਦੂਜੇ ਨੂੰ 9 ਮਿੰਟ ਵਿੱਚ 10 ਸਕਿੰਟ ਵਿੱਚ ਹਰਾ ਦਿਤਾ। ਦੂਜੇ ਦਿਨ, ਉਸਨੇ 12 ਪਹਿਲਵਾਨਾਂ ਨੂੰ ਹਰਾਇਆ ਅਤੇ ਇਸ ਤਰ੍ਹਾਂ ਉਸ ਨੇ ਬਕਾਇਦਾ ਤੌਰ ਉਤੇ ਟੂਰਨਾਮੈਂਟ ਵਿਚ ਪ੍ਰਵੇਸ਼ ਕਰ ਲਿਆ।

**ਸਟੈਨਿਸਲਸ ਜ਼ਬਿਸਜ਼ਕੋ ਨਾਲ ਮੈਚ**

ਉਸ ਨੇ ਵਿਸ਼ਵ ਚੈਂਪੀਅਨ ਸਟੈਨਿਸਲਾਸ ਜ਼ਬਿਸਜ਼ਕੋ ਨੂੰ ਚੁਣੌਤੀ ਦਿੱਤੀ ਅਤੇ ਇਸ ਮਹਾਨ ਪਹਿਲਵਾਨ ਦੀ ਵਿਸ਼ਵ ਕੁਸ਼ਤੀ ਯੁੱਧ ਦੀ ਤਾਰੀਖ 10 ਸਤੰਬਰ 1910 ਨਿਰਧਾਰਤ ਕਰ ਦਿਤੀ ਗਈ। ਉਸ ਸਮੇਂ ਜ਼ਬਿਸਕੋ ਨੂੰ ਦੁਨੀਆ ਦੇ ਪ੍ਰਮੁੱਖ ਪਹਿਲਵਾਨਾਂ ਵਿੱਚ ਗਿਣਿਆ ਜਾਂਦਾ ਸੀ। ਉਸ ਨੇ ਭਾਰਤ ਦੇ ਮਹਾਨ ਦ ਗ੍ਰੇਟ ਗਾਮਾ ਦੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਸੀ ਜੋ ਇਕ ਅਜੇਤੂ ਚੈਂਪੀਅਨ ਹੈ, ਜਿਸ ਨੂੰ ਕੋਈ ਵੀ ਹਰਾ ਨਹੀਂ ਸਕਿਆ ਸੀ। ਨਾਮੀ ਪਹਿਲਵਾਨ ਫਰੈਂਕ ਗੋਚ ਵੀ ਉਸ ਨੂੰ ਇਕ ਮੈਚ ਵਿਚ ਹਰਾਉਣ ਦੀ ਕੋਸ਼ਿਸ਼ ਵਿਚ ਅਸਫਲ ਰਿਹਾ ਸੀ। ਇਸ ਤਰ੍ਹਾਂ, 10 ਸਤੰਬਰ, 1910 ਨੂੰ, ਜ਼ਬਿਸਸਕੋ ਨੇ ਲੰਡਨ ਵਿੱਚ ਜੌਨ ਬੁੱਲ ਵਰਲਡ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਮਹਾਨ ਗਾਮਾ ਦਾ ਸਾਹਮਣਾ ਕੀਤਾ। ਇਹ ਮੈਚ ਇਨਾਮੀ ਰਾਸ਼ੀ ਵਿੱਚ 250 ਡਾਲਰ ਅਤੇ ਜੌਨ ਬੁੱਲ ਬੈਲਟ ਦਾ ਸੀ। ਇੱਕ ਮਿੰਟ ਦੇ ਅੰਦਰ ਗਾਮਾ ਨੇ ਜ਼ਬਿਸਕੋ ਨੂੰ ਮੈਚ ਵਿਚ ਲੰਮੇ ਪਾ ਲਿਆ। ਮੈਚ ਬਾਕੀ 2 ਘੰਟੇ ਅਤੇ 35 ਮਿੰਟ ਤੱਕ ਉਸ ਸਥਿਤੀ ਵਿੱਚ ਰਿਹਾ। ਕੁਝ ਖਾਸ ਪਲ ਸਨ ਜਦੋਂ ਜ਼ਬਿਸਜ਼ਕੋ ਨੇ ਵਾਪਸੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਪਿੱਛਲੀ ਸਥਿਤੀ ਵਿਚ ਵਾਪਸ ਨਾ ਆ ਪਾਏ। ਗ੍ਰੇਟ ਗਾਮਾ ਦੀਆਂ ਹਰਾਉਣ ਦੀਆਂ ਜਬਰਦਸਤ ਕੋਸ਼ਿਸ਼ਾਂ ਨੂੰ ਜਮੀਨ ਉਤੇ ਕੁਸਤੀ ਲਈ ਵਿਸ਼ਾਈ ਗਈ ਚਟਾਈ ਨੂੰ ਜੱਫੀ ਪਾ ਚਿਪਕਣ ਦੀ ਕਾਰਨ ਇੱਕ ਬਚਾਅ ਪੱਖੀ ਰਣਨੀਤੀ ਕਾਰਨ ਗਾਮੇ ਕੋਲੋਂ ਹਾਰ ਤੋਂ ਬਚ ਗਏ। ਜ਼ਬਿਸਜ਼ਕੋ ਨੇ ਤਕਰੀਬਨ ਤਿੰਨ ਘੰਟੇ ਦੀ ਕੁਸ਼ਤੀ ਤੋਂ ਬਾਅਦ ਮੈਚ ਨੂੰ ਡਰਾਅ ਹੋਣ ਤੱਕ ਖਿੱਚ ਲਿਆ।

ਹਾਲਾਂਕਿ ਜ਼ਬਿਸਜ਼ਕੋ ਦੇ ਇਸ ਮੈਚ ਨੇ ਉਸ ਦੀ ਕਮਯੋਰ ਸਥਿਤੀ ਨੇ ਉਸ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਨਾਰਾਜ਼ ਕਰ ਦਿੱਤਾ। ਫਿਰ ਵੀ , ਜ਼ਬਿਸਕੋ ਅਜੇ ਵੀ ਉਨ੍ਹਾਂ ਕੁੱਝ ਕੁ ਪਹਿਲਵਾਨਾਂ ਵਿੱਚੋਂ ਇੱਕ ਬਣ ਗਿਆ ਜੋ ਕਦੇ ਵੀ ਦ ਗ੍ਰੇਟ ਗਾਮਾ ਕੋਲੋਂ ਨਹੀਂ ਹਾਰੇ ਸਨ। ਦੋਵੇਂ ਪਹਿਲਵਾਨਾਂ ਨੂੰ ਮੁਕਾਬਲੇ ਲਈ 17 ਸਤੰਬਰ 1910 ਨੂੰ ਦੁਬਾਰਾ ਇੱਕ ਦੂਸਰੇ ਦਾ ਸਾਹਮਣਾ ਕਰਨ ਦਾ ਦਿਨ ਨਿਰਧਾਰਤ ਕੀਤਾ ਗਿਆ। ਉਸ ਤਾਰੀਖ ਨੂੰ, ਜ਼ਬਿਸਜ਼ਕੋ ਗਾਮਾ ਦੇ ਸਾਹਮਣੇ ਆਉਣ ਦੀ ਹਿੰਮਤ ਨਾਂ ਕਰ ਪਾਇਆ ਅਤੇ ਗਾਮਾ ਨੂੰ ਡਿਫਾਲਟ ਰੂਪ ਵਿੱਚ ਜੇਤੂ ਐਲਾਨ ਕੀਤਾ ਗਿਆ। ਉਸਨੂੰ ਇਨਾਮ ਅਤੇ ਜੌਨ ਬੁੱਲ ਬੈਲਟ ਨਾਲ ਸਨਮਾਨਤ ਕੀਤਾ ਗਿਆ। ਇਸ ਬੈਲਟ ਨੂੰ ਪ੍ਰਾਪਤ ਕਰਨ ਨਾਲ ਹੀ ਗਾਮਾ ਨੂੰ ਰੁਸਤਮ-ਏ-ਜ਼ਮਾਨ ਜਾਂ ਵਿਸ਼ਵ ਚੈਂਪੀਅਨ ਕਿਹਾ ਜਾਂਦਾ ਹੈ ਪਰ ਹੁਣ ਤਕ ਵਿਸ਼ਵ ਦਾ ਮੁੱਖ ਤੌਰ ਚੈਂਪੀਅਨ ਨਹੀਂ ਸੀ, ਕਿਉਂਕਿ ਉਸਨੇ ਜ਼ਬਿਸਜ਼ਕੋ ਨੂੰ ਰਿੰਗ ਵਿੱਚ ਨਹੀਂ ਹਰਾਇਆ ਸੀ।

**ਅਮਰੀਕੀ ਅਤੇ ਯੂਰਪੀਅਨ ਚੈਂਪੀਅਨਜ਼ ਵਿਰੁੱਧ ਮੁਕਾਬਲੇ ਵਿੱਚ**

ਇਸ ਦੌਰੇ ਦੇ ਦੌਰਾਨ ਗਾਮਾ ਨੇ ਵਿਸ਼ਵ ਦੇ ਕੁਝ ਸਭ ਤੋਂ ਸਨਮਾਨ ਰਖਣ ਵਾਲੇ ਪਹਿਲਵਾਨਾਂ ਨੂੰ ਹਰਾਇਆ: -

1. ਅਮਰੀਕਾ ਦੇ ਡਾ।ਬੈਂਜਾਮਿਨ ਰੋਲਰ,
2. ਸਵਿਟਜ਼ਰ-ਲੈਂਡ ਦੇ ਮੌਰਿਸ ਡੇਰੀਆਜ਼,
3. ਜੋਹਾਨ ਲੇਮ (ਯੂਰਪੀਅਨ ਚੈਂਪੀਅਨ) ਸਵਿਟਜ਼ਰਲੈਂਡ ਅਤੇ
4. ਜੈਸੀ ਪੀਟਰਸਨ (ਵਰਲਡ ਚੈਂ-ਪੀਅਨ) ਸਵੀਡਨ ਤੋਂ

ਰੋਲਰ ਵਿਰੁੱਧ ਮੈਚ ਵਿੱਚ, ਗਾਮਾ ਨੇ "ਡਾ" ਬੈਂਜਾਮਿਨ ਰੋਲਰ ਨੂੰ 15 ਮਿੰਟ ਦੇ ਮੈਚ ਵਿਚ 13 ਵਾਰ ਜਮੀਨ ਉਤੇ ਪਟਕਿਆ। ਗਾਮਾ ਨੇ ਹੁਣ ਵਿਸ਼ਵ ਚੈਂਪੀਅਨਸਿਪ ਦਾ ਦਾਅਵਾ ਕਰਨ ਵਾਲੇ ਬਾਕੀ ਲੋਕਾਂ ਲਈ ਇਕ ਚੁਣੌਤੀ ਜਾਰੀ ਕਰ ਦਿਤੀ, ਜਿਸ ਵਿਚ ਸ਼ਾਮਲ ਸਨ: -

1. ਜਪਾਨੀ ਜੂਡੋ ਚੈਂਪੀਅਨ ਟੈਰੋ ਮਿਆਕ,
2. ਰੂਸ ਦਾ ਜਾਰਜ ਹੈਕਨਸ਼ਮੀਡਟ ਅਤੇ
3. ਯੂਨਾਈਟਿਡ ਸਟੇਟ ਦੇ ਫਰੈਂਕ ਗੌਟਚ – ਹਰ ਇਕ ਮੈਚ ਵਿਚ ਉਸ ਦਾ ਸਾਹਮਣਾ ਕਰਨ ਲਈ ਰਿੰਗ ਵਿੱਚ ਆਉਂਣ ਦਾ ਸੱਦਾ ਠੁਕਰਾ ਦਿੱਤਾ।

ਉਸ ਨੇ ਵਿਸ਼ਵ ਵਿਚ ਚਣੌਤੀ ਦਿਤੀ ਕਿ ਕਿਸੇ ਕਿਸਮ ਦੇ ਭਲਵਾਨੀ ਮੁਕਾਬਲੇ ਵਿਚ ਆਵੇ ਉਸ ਦਾ ਸਾਹਮਣਾ ਕਰੇ। ਗਾਮਾ ਨੇ ਇਕ ਤੋਂ ਬਾਅਦ ਇਕ ਵੀਹ ਅੰਗਰੇਜ਼ ਪਹਿਲਵਾਨਾਂ ਨਾਲ ਲੜਨ ਦੀ ਪੇਸ਼ਕਸ਼ ਕੀਤੀ। ਉਸਨੇ ਘੋਸ਼ਣਾ ਕੀਤੀ ਕਿ ਉਹ ਉਨ੍ਹਾਂ ਸਾਰਿਆਂ ਨੂੰ ਹਰਾ ਦੇਵੇਗਾ ਜਾਂ ਹਾਰ ਉਤੇ ਉਨਾਂ ਨੂੰ ਇਨਾਮ ਦੀ ਰਕਮ ਅਦਾ ਕਰੇਗਾ, ਪਰ ਕੋਈ ਵੀ ਉਸ ਦੀ ਚਣੌਤੀ ਨੂੰ ਸਵੀਕਾਰ ਨਹੀਂ ਕਰ ਸਕਿਆ।

**ਰਹੀਮ ਬਖ਼ਸ਼ ਸੁਲਤਾਨੀ ਵਾਲਾ ਨਾਲ ਅੰਤਿਮ ਮੁਕਾਬਲਾ**

ਇੰਗਲੈਂਡ ਤੋਂ ਵਾਪਸ ਆਉਣ ਤੋਂ ਥੋੜ੍ਹੀ ਦੇਰ ਬਾਅਦ, ਗਾਮਾ ਦਾ ਸਾਹਮਣਾ ਅਲਾਹਾਬਾਦ ਦੇ ਰਹੀਮ ਬਖ਼ਸ਼ ਸੁਲਤਾਨੀ ਵਾਲਾ ਨਾਲ ਹੋਇਆ। ਆਖਰਕਾਰ ਇਸ ਮੁਕਾਬਲੇ ਜਿੱਤ ਨੇ ਗਾਮਾ ਦੇ ਹੱਕ ਵਿੱਚ ਹੋਣ ਨਾਲ, ਉਸ ਸਮੇਂ ਦੀ ਭਾਰਤੀ ਕੁਸ਼ਤੀ ਦੇ ਦੋ ਥੰਮ੍ਹਾਂ ਵਿਚਕਾਰ ਲੰਮੇ ਸੰਘਰਸ਼ ਨੂੰ ਖਤਮ ਕਰ ਦਿੱਤਾ ਅਤੇ ਉਸਨੇ ਰੁਸਤਮ-ਏ-ਹਿੰਦ/ ਭਾਰਤ ਦਾ ਵਿਜੇਤਾ ਚੈਂਪੀਅਨਸ਼ਿਪ ਨੂੰ ਜਿੱਤਿਆ। ਬਾਅਦ ਵਿਚ ਆਪਣੀ ਜ਼ਿੰਦਗੀ ਵਿਚ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਸ ਦਾ ਸਭ ਤੋਂ ਵੱਡਾ ਵਿਰੋਧੀ ਪਹਿਲਵਾਨ ਕੌਣ ਹੈ, ਤਾਂ ਗਾਮਾ ਨੇ ਜਵਾਬ ਦਿੱਤਾ, "ਰਹੀਮ ਬਖ਼ਸ਼ ਸੁਲਤਾਨੀ ਵਾਲਾ"।

**ਜ਼ਬਿਸਜ਼ਕੋ ਨਾਲ ਦੁਬਾਰਾ ਮੈਚ**

ਰਹੀਮ ਬਖਸ਼ ਸੁਲਤਾਨੀ ਵਾਲਾ ਨੂੰ ਹਰਾਉਂਣ ਤੋਂ ਬਾਅਦ, ਗਾਮਾ ਦਾ ਸਾਹਮਣਾ ਪੰਡਿਤ ਬਿੱਡੂ ਨੇ ਕੀਤਾ, ਜੋ ਉਸ ਸਮੇਂ (1916) ਦੇ ਭਾਰਤ ਦੇ ਸਰਬੋਤਮ ਪਹਿਲਵਾਨਾਂ ਵਿੱਚੋਂ ਇੱਕ ਸੀ ਅਤੇ ਗਾਮਾ ਨੇ ਉਸਨੂੰ ਵੀ ਹਰਾਇਆ। 1922 ਵਿਚ, ਭਾਰਤ ਦੀ ਯਾਤਰਾ ਦੌਰਾਨ, ਵੇਲਜ਼ ਦੇ ਪ੍ਰਿੰਸ ਨੇ ਗਾਮਾ ਨੂੰ ਚਾਂਦੀ ਦਾ ਗੁਰਜ਼ ਭੇਟ ਕੀਤਾ।

1927 ਤੱਕ ਗਾਮਾ ਨੂੰ ਟੱਕਰ ਦੇਣ ਵਾਲਾ ਕੋਈ ਵੀ ਪਹਿਲਵਾਨ ਨਹੀਂ ਸੀ। ਜਦੋਂ ਇਹ ਘੋਸ਼ਣਾ ਕੀਤੀ ਗਈ ਸੀ ਕਿ ਗਾਮਾ ਅਤੇ ਜ਼ਬਿਸਜ਼ਕੋ ਇਕ ਵਾਰ ਫਿਰ ਇੱਕ ਦੂਜੇ ਦੇ ਸਾਮ੍ਹਣੇ ਮੈਦਾਨ ਵਿੱਚ ਆਉਣਗੇ। ਉਨ੍ਹਾਂ ਦੀ ਫਿਰ ਤੋਂ ਮੁਲਾਕਾਤ ਜਨਵਰੀ 1928 ਵਿੱਚ ਪਟਿਆਲੇ ਵਿੱਚ ਹੋਈ ਸੀ। ਮੁਕਾਬਲੇ ਵਿੱਚ ਟੱਕਰ ਦੇ ਕੇ, ਜ਼ਬਿਸਜ਼ਕੋ ਨੇ ਆਪਣੇ "ਸਰੀਰ ਅਤੇ ਮਾਸਪੇਸ਼ੀ ਦੇ ਤਾਕਤ ਦੀ ਇੱਕ ਮਜ਼ਬੂਤ ਬਣਤਰ ਦਿਖਾਈ" ਅਤੇ ਦੂਜੇ ਪਾਸੇ ਗਾਮਾ, "ਉਸ ਨਾਲੋਂ ਕਿਤੇ ਪਤਲੇ ਦਿਖਾਈ ਦਿੱਤੇ"। ਹਾਲਾਂਕਿ ਇਕ ਬਾਹਰੀ ਸਿਹਤ ਦੇ ਮਾਮਲੇ ਵਿੱਚ ਦੋਨਾਂ ਦਾ ਬਹੁਤ ਅੰਤਰ ਦਿਖਾਈ ਦਿੰਦਾ ਸੀ, ਲੇਕਿਨ ਫਿਰ ਵੀ ਉਸਨੇ ਸਾਬਕਾ ਵਿਸ਼ਵ ਚੈਂਪੀਅਨ ਉਤੇ ਆਸਾਨੀ ਨਾਲ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਅਤੇ ਇੱਕ ਮਿੰਟ ਦੇ ਅੰਦਰ ਹੀ ਮੁਕਾਬਲੇ ਨੂੰ ਜਿੱਤ ਲਿਆ ਅਤੇ ਭਾਰਤੀ ਕਿਸਮ ਸਿੱਧੀ ਕੁਸ਼ਤੀ ਦੀ ਵਿਸ਼ਵ ਰੈਸਲਿੰਗ ਚੈਂਪੀਅਨਸ਼ਿਪ ਨੂੰ ਜਿੱਤਿਆ, ਮੁੱਕਾਬਲੇਬਾਜ਼ੀ ਤੋਂ ਬਾਅਦ, ਜ਼ਬਿਸਜ਼ਕੋ ਨੇ ਉਸ ਦੀ ਪ੍ਰਸ਼ੰਸਾ ਕੀਤੀ, ਅਤੇ ਉਸਨੂੰ ਟਾਈਗਰ" ਦੇ ਨਾਮ ਨਾਲ ਸੰਬੋਧਤ ਕੀਤਾ। 48 ਸਾਲ ਦੀ ਉਮਰ ਵਿਚ ਉਹ ਹੁਣ ਭਾਰਤ ਹੀ ਨਹੀ ਵਿਸ਼ਵ ਦੇ "ਮਹਾਨ ਪਹਿਲਵਾਨ" ਦੀ ਮੁਢਲੀ ਕਤਾਰ ਦੇ ਪਹਿਲਵਾਨ ਵਜੋਂ ਜਾਣਿਆ ਜਾਂਦਾ ਸੀ।

ਗਾਮਾ ਇੱਕ ਰਾਸ਼ਟਰੀ ਨਾਇਕ ਦੇ ਰੂਪ ਵਿੱਚ ਭਾਰਤ ਪਰਤਿਆ ਅਤੇ ਉਸ ਸਾਲ ਇਲਾਹਾਬਾਦ ਵਿਖੇ ਹੋਏ ਸਾਲਾਨਾ ਭਾਰਤੀ ਰਾਸ਼ਟਰੀ ਕਾਂਗਰਸ ਸੈਸ਼ਨ ਵਿੱਚ ਬੁਲਾਇਆ ਗਿਆ। ਪਟਿਆਲੇ ਦੇ ਮਹਾਰਾਜੇ ਨੇ ਉਸ ਨੂੰ ਆਪਣੀ ਸੇਵਾ ਵਿਚ ਲੈ ਲਿਆ। 1928 ਵਿੱਚ, ਪਟਿਆਲਾ ਦੇ ਮਹਾਰਾਜਾ ਨੇ ਪਟਿਆਲਾ ਵਿਖੇ ਜ਼ਬਿਸਜ਼ਕੋ ਨਾਲ ਗਾਮਾ ਦੇ ਮੈਚ ਦਾ ਪ੍ਰਬੰਧ ਕੀਤਾ। 40,000 ਦੀ ਸਮਰੱਥਾ ਵਾਲਾ ਨਵਾਂ ਸਟੇਡੀਅਮ ਬਣਾਇਆ ਗਿਆ ਸੀ ਜਿੱਥੇ ਮੈਚ ਖੇਡਿਆ ਜਾਣਾ ਸੀ। 28 ਜਨਵਰੀ ਨੂੰ ਦੇਸ਼ ਭਰ ਦੇ ਨਵਾਬ, ਮਹਾਰਾਜੇ ਅਤੇ ਗਵਰਨਰ ਮੈਚ ਦੇਖਣ ਲਈ ਆਏ ਸਨ। ਮੈਚ ਨੂੰ ਫਿਰ ਭਾਰਤ ਬਨਾਮ ਪੱਛਮ ਦੇ ਰੂਪ ਵਿੱਚ ਇਸ਼ਤਿਹਾਰ ਦਿੱਤਾ ਗਿਆ। ਇਹ ਮੈਚ ਇਤਿਹਾਸ ਦੇ ਸਭ ਤੋਂ ਛੋਟੇ ਕੁਸ਼ਤੀ ਮੈਚਾਂ ਵਿੱਚੋਂ ਇੱਕ ਸੀ ਕਿਉਂਕਿ ਗਾਮਾ ਨੇ ਜ਼ਬੀਸਜ਼ਕੋ ਨੂੰ 42 ਸਕਿੰਟਾਂ ਦੇ ਅੰਦਰ

(ਬਾਕੀ ਅਗਲੇ ਸਫੇ 'ਤੇ)

# ਸੰਤ ਰਾਮਾ ਨੰਦ ਜੀ ਦੀ ਸ਼ਹਾਦਤ 'ਤੇ ਯਾਦ ਕਰਦਿਆਂ


(1) Sahib Kanshi Ram Ji, Sant Naranjan Dass Ji, head , Dera Sachkhand, Ballan (Jalandhar) and Sant Rama Nand Ji of Dera Ballan, Sant Surinder Kumar Bawa, C. L. Chumber, F.C. Mall, Hargopal Singh Ex M.L.A , Satish Bharti seen in picture at Dera Ballan in 2000 AD.

(2) Sant Rama Nand and Sahib Kanshi Ram

(3) Sahib Kanshi Ram Ji watching the religious literature presented by Sant Rama Nand Ji

(4) Sahib Kanshi Ram Ji and Sant Surinder Kumar (Kathaar) at Sant Sarwan Dass Charitable Hospital, Kathaar (Jalandhar).

**Courtesy: Posted at www.ambedkartimes.com on May 31, 2009**











# ਗੁਲਾਮ ਮੁਹੰਮਦ ਬਖਸ਼ ਬੱਟ ਉਰਫ ਦ ਗ੍ਰੇਟ ਗਾਮਾ ਭਲਵਾਨ

**(ਸਫਾ 20 ਦੀ ਬਾਕੀ)**

ਮੈਦਾਨ ਵਿੱਚ ਕਰੈਸ਼ ਕਰ ਦਿੱਤਾ ਸੀ। ਪੂਰਾ ਸਟੇਡੀਅਮ, 40,000 ਲੋਕ, ਇੱਕ ਅਵਾਜ਼ ਵਿੱਚ ਗੂੰਜ ਉੱਠੇ ਅਤੇ "ਭਾਰਤ ਜਿੱਤ ਗਿਆ ਹੈ! ਭਾਰਤ ਜਿੱਤ ਗਿਆ ਹੈ!"ਪਟਿਆਲਾ ਦੇ ਬਡੂਗਰ ਵਿੱਚ ਰਹਿਕੇ ਗਾਮੇ ਕਾਫੀ ਸਮਾਂ ਵਰਜ਼ਸ ਕਰਦਿਆ ਬਿਤਾਇਆ, ਬਹੁਤ ਸਾਰੇ ਸਥਾਨਕ ਭਲਵਾਨਾਂ ਨਾਲ ਜੋਰ ਅਜਮਾਈ ਚਲਦੀ ਰਹਿੰਦੀ ਸੀ।

**ਗਾਮਾ ਦੀ ਬਲਰਾਮ ਹੀਰਾਮਨ ਸਿੰਘ ਯਾਦਵ ਨਾਲ ਟੱਕਰ**

ਜ਼ਬਿਸਜ਼ਕੋ ਨੂੰ ਹਰਾਉਣ ਤੋਂ ਬਾਅਦ, ਗਾਮਾ ਨੇ ਫਰਵਰੀ 1929 ਵਿਚ ਜੇ ਸੀ ਪੀਟਰਸਨ ਨੂੰ ਹਰਾਇਆ। ਇਹ ਮੁਕਾਬਲਾ ਕੇਵਲ ਡੇਢ ਮਿੰਟ ਹੀ ਚੱਲਿਆ। ਇਹ ਆਖਰੀ ਮੁਕਾਬਲਾ ਸੀ ਜੋ ਗਮਾ ਨੇ ਆਪਣੇ ਕੈਰੀਅਰ ਦੌਰਾਨ ਲੜਿਆ ਸੀ। ਨਿਜ਼ਾਮ ਨੇ ਉਸ ਨੂੰ ਪਹਿਲਵਾਨ ਬਲਰਾਮ ਹੀਰਾਮਨ ਸਿੰਘ ਯਾਦਵ ਦਾ ਸਾਹਮਣਾ ਕਰਨ ਲਈ ਭੇਜਿਆ, ਉਸਦੀ ਵੀ ਜ਼ਿੰਦਗੀ ਵਿਚ ਕਦੇ ਹਾਰ ਨਹੀਂ ਹੋਈ ਸੀ। ਕੁਸ਼ਤੀ ਦੀ ਲੜਾਈ ਬਹੁਤ ਲੰਬੀ ਸੀ। ਗਾਮਾ ਹੀਰਾਮਨ ਨੂੰ ਹਰਾਉਣ ਵਿੱਚ ਅਸਮਰਥ ਰਿਹਾ ਅਤੇ ਆਖਰਕਾਰ ਕੋਈ ਪਹਿਲਵਾਨ ਨਾਂ ਜਿੱਤ ਸਕਿਆ। ਹੀਰਾਮਨ, ਗਾਮਾ ਦਾ ਸਾਹਮਣਾ ਕਰਨ ਲਈ ਸਭ ਤੋਂ ਮੁਸ਼ਕਲ ਪਹਿਲਵਾਨਾਂ ਵਿੱਚੋਂ ਇੱਕ ਮੰਨਦਾ ਸੀ।

**ਭਾਰਤ ਵੰਡ ਤੋਂ ਬਾਅਦ ਪਾਕਿਸਤਾਨ, ਲਾਹੌਰ**

1947 ਵਿਚ ਭਾਰਤ ਦੀ ਆਜ਼ਾਦੀ ਅਤੇ ਵੰਡ ਤੋਂ ਬਾਅਦ, ਗਾਮਾ ਪਾਕਿਸਤਾਨ, ਲਾਹੌਰ ਚਲੇ ਗਏ। ਵੰਡ ਦੇ ਸਮੇਂ ਸ਼ੁਰੂ ਹੋਏ ਹਿੰਦੂ-ਮੁਸਲਿਮ ਦੰਗਿਆਂ ਦੌਰਾਨ, ਗਾਮਾ ਨੇ ਸੈਂਕੜੇ ਹਿੰਦੂਆਂ ਨੂੰ ਲਾਹੌਰ ਵਿਚ ਭੀੜ ਤੋਂ ਬਚਾਇਆ। ਉਸ ਨੇ ਆਪਣੇ ਨੇੜੇ ਦੇ ਕਿਸੇ ਵੀ ਪ੍ਰੀਵਾਰ ਦਾ ਨੁਕਸਾਨ ਨਹੀਂ ਹੋਣ ਦਿਤਾ, ਉਹਨਾਂ ਨੂੰ ਆਪਣੇ ਪੱਲੇ ਤੋਂ ਖਾਣਾ ਖਵਾਇਆ ਅਤੇ ਆਪ ਬਾਡਰ ਪਾਰ ਕਰਵਾ ਕੇ ਗਏ। ਹਾਲਾਂਕਿ ਗਾਮਾ 1952 ਤਕ ਰਿਟਾਇਰ ਨਹੀਂ ਹੋਏ ਸਨ, ਪਰ ਉਹ ਪੂਰੇ ਵਿਸ਼ਵ ਵਿਚ ਕਿਸੇ ਵੀ ਹੋਰ ਵਿਰੋਧੀ ਪਹਿਲਵਾਨ ਨੂੰ ਲੱਭਣ ਵਿੱਚ ਅਸਫਲ ਰਹੇ, ਜੋ ਉਸ ਨੂੰ ਹਰਾਉਣ ਦਾ ਦਮ ਰਖਦਾ ਹੋਵੇ।

**ਗਾਮੇ ਪਹਿਲਵਾਨ ਦੀ ਮੌਤ**

ਦਿ ਗ੍ਰੇਟ ਗਾਮਾ ਦੀ ਬਿਮਾਰੀ ਦੇ ਬਾਅਦ 23 ਮਈ 1960 ਨੂੰ ਪਾਕਿਸਤਾਨ ਦੇ ਲਾਹੌਰ ਵਿੱਚ ਮੌਤ ਹੋ ਗਈ। ਉਸ ਦੀ ਸਹਾਇਤਾ ਕਰਨ ਲਈ ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਕੁਝ ਜ਼ਮੀਨ ਅਤੇ ਮਹੀਨਾਵਾਰ ਪੈਨਸ਼ਨ ਦਿੱਤੀ। ਇਸ ਤੋਂ ਇਲਾਵਾ, ਉਸਨੂੰ ਭਾਰਤ ਵਿਚ ਵਿਅਕਤੀਆਂ ਨੇ ਨਿੱਜੀ ਸਹਾਇਤਾ ਵਜੋਂ ਉਸ ਦੇ ਕੁੱਝ ਪ੍ਰਸ਼ੰਸਕਾਂ ਨੇ ਦਾਨ ਵੀ ਦਿਤੇ ਸਨ ਜਿਸ ਨਾਲ ਆਪਣੀ ਮੌਤ ਤਕ ਉਸਦੇ ਡਾਕਟਰੀ ਖਰਚਿਆਂ ਦੀ ਭਰਪਾਈ ਕਰਦੇ ਰਹੇ ਸਨ। ਜੀ। ਡੀ ਬਿਰਲਾ ਨੇ ਉਸ ਨੂੰ ਸਹਾਇਤਾ ਵਜੋਂ 2000 ਰੁਪਏ ਦਿਤੀ ਅਤੇ 300 ਰੁਪਏ ਮਹੀਨਾਂ ਪੈਂਨਸਨ ਵੀ ਦਿੰਦੇ ਰਹੇ। ਪਟਿਆਲਾ ਦੇ ਮਹਾਰਾਜਾ ਨੇ ਵੀ ਸਹਾਇਤਾ ਕੀਤੀ। ਪਾਕਿਸਤਾਨ ਦੀ ਸਰਕਾਰ ਨੇ ਵੀ ਉਸ ਦੀ ਮੌਤ ਤਕ ਦੇ ਇਲਾਜ ਉਤੇ ਹੋਣ ਵਾਲਾ ਖਰਚਾ ਉਠਾਇਆ ਸੀ। ਉਸ ਦੁਆਰਾ ਰੋਜਾਨਾਂ ਵਰਜਸ਼ ਕਰਨ ਲਈ ਵਰਤੀ ਜਾਣ ਵਾਲੀ 95 ਕਿਲੋ ਭਾਰ ਦੀ ਇੱਕ ਡੋਨਟ ਆਕਾਰ ਵਾਲੀ ਕਸਰਤ ਡਿਸਕ, ਹੰਸਲੀ ਨੂੰ ਪਾਟਿਆਲਾ ਦੇ ਰਾਸ਼ਟਰੀ ਇੰਸਟੀਚਿਊਟ ਆਫ ਸਪੋਰਟਸ (ਐਨਆਈਐਸ) ਵਿੱਚ ਯਾਦਗਾਰੀ ਦੇ ਤੌਰ ਉਤੇ ਦਰਸ਼ਕਾਂ ਲਈ ਰੱਖਿਆ ਗਿਆ ਹੈ। ਗ੍ਰੇਟ ਗਾਮਾ ਸਟਾਰ ਫਾਈਟਰ ਵਜੋਂ ਬਹੁਤ ਸਾਰੀਆਂ ਫਿਲਮਾ ਅਤੇ ਬੱਚਿਆਂ ਦੀਆਂ ਵੀਡੀਓ ਗੇਮਾਂ ਵਿੱਚ ਦਿਖਾਈ ਦਿੰਦੇ ਹਨ।

ਉਸ ਨੇ ਕੁਸਤੀ ਦੇ ਤਿਆਗ ਤੋਂ ਬਾਅਦ ਭਤੀਜੇ ਭੋਲਾ ਪਹਿਲਵਾਨ ਨੂੰ ਕੁਸਤੀਆਂ ਵਿੱਚ ਸਿੱਖਲਾਈ ਦਿਤੀ । ਉਹ ਵੀ 20 ਸਾਲਾਂ ਤਕ ਪਾਕਿਸਤਾਨ ਦਾ ਰੈਸ਼ਲਿਗ ਚੈਂਪੀਅਨ ਰਿਹਾ। ਬਰੂਸ ਲੀ ਗਾਮਾ ਦੀ ਦਿਨ ਭਰ ਦੇ ਸਿੱਖਲਾਈ ਦੌਰਾਨ ਕਰਨ ਵਾਲੀ ਮਿਹਨਤ ਅਤੇ ਲਗਨ ਦੇ ਰੁਟੀਨ ਦੇ ਮੁਰੀਦ ਸਨ। ਲੀ ਨੇ ਗਾਮਾ ਬਾਰੇ ਲੇਖ ਪੜ੍ਹੇ ਅਤੇ ਕਿਵੇਂ ਉਸਨੇ ਕੁਸ਼ਤੀਆਂ ਲਈ ਆਪਣੀ ਮਹਾਨ ਸ਼ਕਤੀ ਨੂੰ ਬਣਾਉਣ ਲਈ ਆਪਣੇ ਸਮੇ ਨੂੰ ਲਗਾਤਾਰ ਅਭਿਆਸਾਂ ਵਿੱਚ ਲਗਾਇਆ, ਅਤੇ ਬਰੂਸ ਲੀ ਨੇ ਜਲਦੀ ਉਨ੍ਹਾਂ ਦੀ ਰੋਟੀਨ ਨੂੰ ਆਪਣੀ ਰੁਟੀਨ ਵਿੱਚ ਸ਼ਾਮਲ ਕਰ ਲਿਆ। ਸਿਖਲਾਈ ਦੀਆਂ ਰੁਟੀਨ ਜਿਨ੍ਹਾਂ ਵਿੱਚ ਬਰੂਸ ਲੀ ਦੁਆਰਾ ਵਰਤੋਂ ਕੀਤੀ ਜਾਂਦੀ ਸੀ ਉਹਨਾਂ ਵਿੱਚ "ਬਿੱਲੀ ਖਿੱਚ", ("the cat stretch") ਅਤੇ "ਡੰਡ" ਵਜੋਂ ਜਾਣਿਆ ਜਾਂਦਾ ਹੈ, ਅਤੇ ਇਹ ਉੱਠ-ਬੈਠ, ਜਾਂ ਬੈਠਕਾਂ ਲਾਉਣਾਂ ("ਦਇਦਪ-ਕਨਇਣ ਬਣਨਦ।") ਵਜੋਂ ਵੀ ਜਾਣਿਆ ਜਾਂਦਾ ਹੈ।

ਗਾਮਾ ਪਹਿਲਵਾਨ ਲਈ ਸਨਮਾਨ ਨਾਲ ਰਹਿਣਾ ਬਹੁਤ ਪਸੰਦ ਸੀ। ਗਾਮਾ ਦਾ ਪਰਿਵਾਰ ਲਾਹੌਰ ਦੇ ਮੋਹਨੀ ਰੋਡ ਸਥਿਤ (ਨਵਾਜ਼ ਸ਼ਰੀਫ ਦੀ ਪਤਨੀ) ਕੁਲਸੁਮ ਨਵਾਜ਼ ਆਪਣੀ ਦੀ ਪੋਤੀ ਨਾਲ ਇੱਕ ਰਿਹਾਇਸ਼ੀ ਵਿੱਚ ਵਸ ਗਿਆ, ਜਦੋਂ ਇਹ ਨਵਾਜ਼ ਪਰਿਵਾਰ ਖ਼ੁਦ ਅੰਮ੍ਰਿਤਸਰ, ਭਾਰਤ ਤੋਂ 1947 ਵਿੱਚ ਪਰਵਾਸ ਕਰ ਗਿਆ ਸੀ।

ਗਾਮਾ ਨੇ ਆਪਣੇ ਸਾਰੇ ਹਿੰਦੂ ਗੁਆਂਢੀਆਂ ਨਾਲ ਵਾਅਦਾ ਕੀਤਾ ਸੀ ਕਿ ਜੇ ਭੀੜ ਨੇ ਉਨ੍ਹਾਂ ਉੱਤੇ ਹਮਲਾ ਕੀਤਾ ਤਾਂ ਉਹ ਆਪਣੀ ਜਾਨ ਦੀ ਪਰਵਾਹ ਨਾਂ ਕਰਦੇ ਹੋਏ, ਉਨ੍ਹਾਂ ਦਾ ਬਚਾਅ ਕਰੇਗਾ ਅਤੇ ਭੀੜ ਨੇ ਇੱਕ ਦਿਨ ਉਨ੍ਹਾਂ ਤੇ ਹਮਲਾ ਵੀ ਕੀਤਾ। ਜਿਵੇਂ ਉਸ ਨੇ ਵਾਅਦਾ ਕੀਤਾ ਸੀ, ਪਹਿਲਵਾਨਾਂ ਦਾ ਪੂਰਾ ਗਾਮਾ ਪਰਿਵਾਰ ਹਿੰਦੂਆਂ ਦੀ ਭਾਰਤ ਪਰਵਾਸ ਦੀ ਪ੍ਰਕ੍ਰਿਆ ਵਿਚ ਉਨ੍ਹਾਂ ਦੀ ਰੱਖਿਆ ਲਈ ਕਤਾਰ ਵਿਚ ਖੜ੍ਹਾ ਹੋ ਗਿਆ ਸੀ। ਗਾਮਾ ਨੇ ਖ਼ੁਦ ਹਮਲਾਵਰ ਭੀੜ ਤੋਂ ਕਈਆਂ ਨੂੰ ਥੱਪੜ ਮਾਰੇ ਅਤੇ ਦੌੜਾ ਦਿਤਾ ਅਤੇ ਹਿੰਦੂ ਪਰਿਵਾਰਾਂ ਨੂੰ ਸੁੱਰਖਿਅਤ ਕਰ ਭਾਰਤ ਭੇਜਿਆ। ਨਤੀਜੇ ਵਜੋਂ, ਮੋਹਨੀ ਰੋਡ, ਲਾਹੌਰ ਤੇ ਗਾਮਾ ਦੇ ਗੁਆਂਢ ਵਿੱਚ ਇੱਕ ਵੀ ਘਟਨਾ ਨਹੀਂ ਵਾਪਰੀ।

ਹਮੇਸਾ ਦੀ ਤਰਾਂ ਵਿਸ਼ਵ ਵਿਜੇਤਾ ਬਣਨ ਦਾ ਦਮ ਅਤੇ ਸ਼ੌਕ ਰਖਣ ਵਾਲੇ ਮਿਹਨਤਾਂ ਕਰਦੇ ਹਲਾਤਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਲਈ ਯੋਧੇ ਹਮੇਸ਼ਾ ਕੋਸ਼ਿਸਾਂ ਵਿਚ ਲਗੇ ਰਹਿੰਦੇ ਹਨ, ਹੌਸ਼ਲੇ ਨਹੀਂ ਹਾਰਦੇ। ਨੌਜਵਾਨ ਬੱਚਿਆਂ ਨੂੰ ਆਪਣੇ ਆਪ ਦਾ ਟੇ-ਲੈਂਟ ਪਛਾਨਣ ਦੀ ਲੋੜ ਹੈ, ਰਸਤੇ ਵੀ ਨਿਕਲ ਆਉਂਦੇ ਹਨ, ਸਖਤ ਮਿਹਨਤ ਕਰਨ ਮੰਜਿਲ ਮਿਲ ਹੀ ਜਾਂਦੀ ਹੈ। ਵਿਦੇਸ਼ੀ ਬਰੂਸ ਲੀ ਵਰਗਾ ਸਧਾਰਨ ਕੱਦ ਕਾਠੀ ਵਾਲਾ ਇਨਸਾਨ, ਭਾਰਤੀ ਪਹਿਲਵਾਨ ਦੀ ਰੋਜਾਨਾਂ ਐਕਸ਼ਰਸਾਈਜ ਸਡਿਊਲ ਅਪਣਾ ਮਹਾਨ ਬਣ ਸਕਦਾ ਹੈ, ਤਾਂ ਕੋਈ ਹੋਰ ਭਾਰਤੀ ਕਿਉਂ ਨਹੀ ਬਣ ਸਕਦਾ ?

# ਸਟਾਰ ਮੁੱਕੇਬਾਜ਼ ਨਿਖਤ ਜ਼ਰੀਨ ਨੇ ਜਿੱਤਿਆ ਸੋਨ ਤਗਮਾ

ਜਦੋਂ ਔਰਤ ਨੂੰ ਅਸ ਦੀ ਮਰਜੀ ਦੇ ਖਿਲਾਫ ਇਕ ਖਾਸ ਦਾਇਰੇ ਵਿੱਚ ਬੰਨਕੇ ਉਸ ਦੀ ਸਮਾਜਿਕ ਬਰਾਬਰੀ ਨੂੰ ਖਤਮ ਕਰ ਦਿਤਾ ਜਾਂਦਾ ਹੈ। ਤਾਜਾ ਖਬਰ ਪੜ੍ਹਕੇ ਦੁੱਖ ਦਾ ਹੈ ਅਫਗਾਨਿਸਤਾਨ ਦੀ ਸਰਕਾਰ ਨੇ ਔਰਤ ਨੂੰ ਟੀਵੀ ਉੱਤੇ ਨਾਕਾਬ ਪਾਕੇ ਖਬਰਾਂ ਪੜਨ ਦਾ ਹੁਕਮ ਦਿੱਚਾ ਹੈ। ਜਿਸ ਸਮਾਜ ਵਿੱਚ ਔਰਤ ਨੂੰ ਬੁਰਕੇ ਵਿੱਚ ਰਹਿਣ ਨੂੰ ਧਰਮ ਮੰਨਿਆ ਜਾਂਦਾ ਹੈ ਜਦੋਂ ਉਸ ਸਮਾਜ ਦੀਆਂ ਔਰਤਾਂ ਧਰਮ ਸਮਾਜ ਦੀਆਂ ਨਾਜਾਇਜ ਪਾਬੰਦੀਆਂ ਦੇ ਹੱਦਾਂ ਬੰਨੇ ਟੱਪਕੇ ਸੰਸਾਰ ਪੱਧਰ ਉੱਤੇ ਆਪਣਾ ਅਤੇ ਆਪਣੇ ਦੇਸ਼ ਦਾ ਨਾਮ ਉੱਚਾ ਕਰਦੀਆਂ ਹਨ ਤਾਂ ਉਸ ਦਾ ਜਿਕਰ ਕਰਨਾ ਜਰੂਰੀ ਹੋ ਜਾਂਦਾ ਹੈ ਅਤੇ ਇਹ ਮਾਣ ਵਾਲੀ ਵੀ ਗੱਲ ਹੈ।

ਨੌਜਵਾਨ ਭਾਰਤੀ ਮੁੱਕੇਬਾਜ਼ ਨਿਖਤ ਜ਼ਰੀਨ ਨੇ ਵੀਰਵਾਰ ਨੂੰ ਿਭਓਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ 2022 ਜਿੱਤਣ ਤੋਂ ਬਾਅਦ, ਆਪਣੇ ਦੇਸ਼ ਦਾ ਮਾਣ ਵਧਾਇਆ। ਉਸਨੇ 52 ਕਿਲੋਗ੍ਰਾਮ ਫਲਾਈਵੇਟ ਫਾਈਨਲ ਵਿੱਚ ਥਾਈਲੈਂਡ ਦੀ ਜਿਤਪੋਂਗ ਜੁਟਾਮਾਸ ਨੂੰ 5-0 ਨਾਲ ਹਰਾ ਕੇ, ਆਪਣਾ ਪਹਿਲਾ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਜਿੱਤਿਆ।ਬਾਲੀਵੁੱਡ ਮਸ਼ਹੂਰ ਹਸਤੀਆਂ ਤੋਂ ਲੈ ਕੇ ਹੋਰ ਭਾਰਤੀ ਐਥਲੀਟਾਂ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ, ਸਾਰਿਆਂ ਨੇ ਇਸਤਾਂਬੁਲ, ਤੁਰਕੀ ਵਿੱਚ ਆਯੋਜਿਤ ਵੱਕਾਰੀ ਟੂਰਨਾਮੈਂਟ ਵਿੱਚ ਨਿਖਤ ਨੂੰ ਉਸਦੀ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਪਰ ਇੱਕ ਖਾਸ ਅਦਾਕਾਰ ਦੇ ਟਵੀਟ ਨੇ ਨਿਖਤ ਨੂੰ ਹੰਝੂਆਂ ਵਿੱਚ ਛੱਡ ਦਿੱਤਾ।

ਜ਼ਰੀਨ ਦਾ ਜਨਮ 14 ਜੂਨ 1996 ਨੂੰ ਆਂਧਰਾ ਪ੍ਰਦੇਸ਼ (ਹੁਣ ਤੇਲੰਗਾਨਾ) ਦੇ ਨਿਜ਼ਾਮਾਬਾਦ ਸ਼ਹਿਰ ਵਿੱਚ ਮੁਹੰਮਦ ਜਮੀਲ ਅਹਿਮਦ ਅਤੇ ਪਰਵੀਨ ਸੁਲਤਾਨਾ ਦੇ ਘਰ ਹੋਇਆ ਸੀ। ਉਸਨੇ ਨਿਜ਼ਾਮਾਬਾਦ ਦੇ ਨਿਰਮਲਾ ਹੁਦਯਾ ਗਰਲਜ਼ ਹਾਈ ਸਕੂਲ ਤੋਂ ਆਪਣੀ ਮੁੱਢਲੀ ਸਿੱਖਿਆ ਪੂਰੀ ਕੀਤੀ। ਉਹ ਹੈਦਰਾਬਾਦ, ਤੇਲੰਗਾਨਾ ਦੇ ਏਵੀ ਕਾਲਜ ਵਿੱਚ ਬੈਚਲਰ ਆਫ਼ ਆਰਟਸ (ਬੀ।ਏ।) ਦੀ ਡਿਗਰੀ ਕਰ ਰਹੀ ਹੈ।

ਉਹ ਇੱਕ ਭਾਰਤੀ ਸਟਾਰ ਮੁੱਕੇਬਾਜ਼ ਹੈ। ਉਸਨੇ 2022 ਿਭਓਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤਿਆ।ਉਸਨੇ ਅੰਤਲਯਾ ਵਿੱਚ ਆਯੋਜਿਤ 2011 ਓਿਭਓਮਹਿਲਾ ਯੂਥ ਅਤੇ ਜੂਨੀਅਰ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤਿਆ। ਉਸਨੇ ਗੁਹਾਟੀ ਵਿੱਚ ਆਯੋਜਿਤ ਦੂਜੇ ਇੰਡੀਆ ਓਪਨ ਅੰਤਰਰਾਸ਼ਟਰੀ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਜ਼ਰੀਨ ਦਾ ਟੀਚਾ ਪੈਰਿਸ 2024 ਹੈ। ਉਹ ਬੈਂਕ ਆਫ਼ ਇੰਡੀਆ ਵਿੱਚ ਜਨਰਲ ਬੈਂਕਿੰਗ ਅਫ਼ਸਰ ਵਜੋਂ ਵੀ ਕੰਮ ਕਰਦੀ ਹੈ।

2020 ਵਿੱਚ, ਜ਼ਰੀਨ ਨੂੰ ਖੇਡ ਮੰਤਰੀ ਵੀ। ਸ਼੍ਰੀਨਿਵਾਸ ਗੌਡ ਦੇ ਨਾਲ-ਨਾਲ ਤੇਲੰਗਾਨਾ ਰਾਜ ਦੀ ਸਪੋਰਟਸ ਅਥਾਰਟੀ (SATS) ਦੁਆਰਾ ਇਲੈਕਟ੍ਰਿਕ ਸਕੂਟਰ ਅਤੇ 10,000 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਸੀ।ਜ਼ਰੀਨ ਨੂੰ ਬੈਂਕ ਆਫ਼ ਇੰਡੀਆ, ਏਸੀ ਗਾਰਡਜ਼, ਹੈਦਰਾਬਾਦ ਵਿਖੇ ਜ਼ੋਨਲ ਦਫ਼ਤਰ ਵਿੱਚ ਸਟਾਫ਼ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਜ਼ਰੀਨ ਨੂੰ ਉਸ ਦੇ ਪਿਤਾ ਮੁਹੰਮਦ ਜਮੀਲ ਅਹਿਮਦ ਦੁਆਰਾ ਮੁੱਕੇਬਾਜ਼ੀ ਨਾਲ ਜਾਣ-ਪਛਾਣ ਕਰਵਾਈ ਗਈ ਸੀ, ਅਤੇ ਉਸਨੇ ਇੱਕ ਸਾਲ ਤੱਕ ਉਸ ਦੇ ਅਧੀਨ ਸਿਖਲਾਈ ਲਈ। ਨਿਖਤ ਨੂੰ 2009 ਵਿੱਚ ਦਰੋਣਾਚਾਰੀਆ ਅਵਾਰਡੀ, ਿੲ ਰਾਓ ਦੇ ਅਧੀਨ ਸਿਖਲਾਈ ਦੇਣ ਲਈ ਵਿਸ਼ਾਖਾਪਟਨਮ ਵਿੱਚ ਸਪੋਰਟਸ ਅਥਾਰਟੀ ਆਫ਼ ਇੰਡੀਆ ਵਿੱਚ ਸ਼ਾਮਲ ਕੀਤਾ ਗਿਆ ਸੀ। ਇੱਕ ਸਾਲ ਬਾਅਦ, ਉਸਨੂੰ 2010 ਵਿੱਚ ਇਰੋਡ ਨੈਸ਼ਨਲਜ਼ ਵਿੱਚ 'ਗੋਲਡਨ ਸਰਵੋਤਮ ਮੁੱਕੇਬਾਜ਼' ਵਜੋਂ ਘੋਸ਼ਿਤ ਕੀਤਾ ਗਿਆ ਸੀ।

### ਜ਼ਰੀਨ ਦਾ ਖੇਡ ਕੈਰੀਅਰ

2011 ਮਹਿਲਾ ਜੂਨੀਅਰ ਅਤੇ ਯੂਥ ਵਿਸ਼ਵ






**ਮੁੱਕੇਬਾਜ਼ੀ ਚੈਂਪੀਅਨਸ਼ਿਪ** – ਤੁਰਕੀ ਵਿੱਚ AIBAਮਹਿਲਾ ਜੂਨੀਅਰ ਅਤੇ ਯੂਥ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਆਯੋਜਿਤ ਫਲਾਈਵੇਟ ਡਿਵੀਜ਼ਨ ਵਿੱਚ ਸੋਨ ਤਗਮਾ ਜਿੱਤਿਆ। ਜ਼ਰੀਨ ਦਾ ਮੁਕਾਬਲਾ ਤੁਰਕੀ ਦੇ ਮੁੱਕੇਬਾਜ਼ ਉਲਕੁ ਦੇਮਿਰ ਨਾਲ ਸੀ ਅਤੇ ਤਿੰਨ ਰਾਊਂਡਾਂ ਦੇ ਬਾਅਦ 27:16 ਨਾਲ ਮੁਕਾਬਲਾ ਜਿੱਤਿਆ। 2014 ਯੁਵਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ- ਉਸਨੇ 2014 ਵਿੱਚ ਬੁਲਗਾਰੀਆ ਵਿੱਚ ਆਯੋਜਿਤ ਯੂਥ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। 2014 ਨੇਸ਼ਨ ਕੱਪ ਅੰਤਰਰਾਸ਼ਟਰੀ ਮੁੱਕੇਬਾਜ਼ੀ ਟੂਰਨਾਮੈਂਟ- ਉਸਨੇ 12 ਜਨਵਰੀ 2014 ਨੂੰ ਨੋਵੀ ਸਾਦ, ਸਰਬੀਆ ਵਿੱਚ ਆਯੋਜਿਤ ਤੀਜੇ ਨੇਸ਼ਨ ਕੱਪ ਅੰਤਰਰਾਸ਼ਟਰੀ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਸੋਨ ਤਗਮਾ ਜਿੱਤਿਆ। ਜ਼ਰੀਨ ਨੇ 51 ਕਿਲੋ ਭਾਰ ਵਰਗ ਵਿੱਚ ਰੂਸ ਦੀ ਪਲਤਸੇਵਾ ਏਕਾਤੇਰੀਨਾ ਨੂੰ ਹਰਾਇਆ।2015 16ਵੀਂ ਸੀਨੀਅਰ ਵੂਮੈਨ ਨੈਸ਼ਨਲ ਬਾਕਸਿੰਗ ਚੈਂਪੀਅਨਸ਼ਿਪ-ਉਸਨੇ ਆਸਾਮ ਵਿਖੇ 16ਵੀਂ ਸੀਨੀਅਰ ਵੂਮੈਨ ਨੈਸ਼ਨਲ ਬਾਕਸਿੰਗ ਚੈਂ-ਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤਿਆ, 2019 ਥਾਈਲੈਂਡ ਓਪਨ ਅੰਤਰਰਾਸ਼ਟਰੀ ਮੁੱਕੇਬਾਜ਼ੀ ਟੂਰਨਾਮੈਂਟ- ਉਸਨੇ ਬੈਂਕਾਕ ਵਿੱਚ ਆਯੋਜਿਤ ਥਾਈਲੈਂਡ ਓਪਨ ਅੰਤਰਰਾਸ਼ਟਰੀ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਚਾਂਦੀ ਦਾ ਤਗਮਾ ਜਿੱਤਿਆ। 2019 ਸਟ੍ਰੈਂਡਜਾ ਮੈਮੋਰੀਅਲ ਮੁੱਕੇਬਾਜ਼ੀ ਟੂਰਨਾਮੈਂਟ- ਉਸਨੇ ਸੋਫੀਆ, ਬੁਲਗਾਰੀਆ ਵਿੱਚ ਆਯੋਜਿਤ ਸਟ੍ਰੈਂਡਜਾ ਮੈਮੋਰੀਅਲ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਸੋਨ ਤਗਮਾ ਜਿੱਤਿਆ।

2022 ਸਟ੍ਰੈਂਡਜਾ ਮੈਮੋਰੀਅਲ ਮੁੱਕੇਬਾਜ਼ੀ ਟੂਰਨਾਮੈਂਟ- ਜ਼ਰੀਨ ਨੇ ਸੋਫੀਆ, ਬੁਲਗਾਰੀਆ ਵਿੱਚ 73ਵੇਂ ਸਟ੍ਰੈਂਡਜਾ ਮੈਮੋਰੀਅਲ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਤਿੰਨ ਵਾਰ ਦੀ ਯੂਰਪੀਅਨ ਚੈਂਪੀਅਨਸ਼ਿਪ ਤਮਗਾ ਜੇਤੂ ਯੂਕਰੇਨ ਦੀ ਟੈਟੀਆਨਾ ਕੋਬ ਨੂੰ 4-1 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਮਹਿਲਾ ਟੀਮ ਦੀ ਅਗਵਾਈ ਕੋਚ ਭਾਸਕਰ ਭੱਟ ਕਰ ਰਹੇ ਸਨ। ਉਸਨੇ ਸੈਮੀਫਾਈਨਲ ਵਿੱਚ ਟੋਕੀਓ ਓਲੰਪਿਕ ਦੀ ਚਾਂਦੀ ਦਾ ਤਗਮਾ ਜੇਤੂ ਬੁਸ ਨਾਜ਼ ਕਾਕੀਰੋਗਲੂ ਨੂੰ ਵੀ ਹਰਾਇਆ।

2022 IBA ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ - 19 ਮਈ 2022 ਨੂੰ, ਜ਼ਰੀਨ ਨੇ ਇਸਤਾਂਬੁਲ, ਤੁਰਕੀ ਵਿੱਚ ਫਲਾਈ-ਵੇਟ ਫਾਈਨਲ ਵਿੱਚ ਥਾਈਲੈਂਡ ਦੀ ਜਿਤਪੋਂਗ ਜੁਟਾਮਾਸ ਨੂੰ ਹਰਾ ਕੇ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਵਿੱਚ 52 ਕਿਲੋਗ੍ਰਾਮ ਵਰਗ ਵਿੱਚ ਸੋਨ ਤਮਗਾ ਜਿੱਤਿਆ। ਜ਼ਰੀਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਣ ਵਾਲੀ ਪੰਜਵੀਂ ਭਾਰਤੀ ਮਹਿਲਾ ਮੁੱਕੇਬਾਜ਼ ਬਣ ਗਈ,ਮੈਰੀਕਾਮ, ਲੈਸ਼ਰਾਮ ਸਰਿਤਾ ਦੇਵੀ, ਜੈਨੀ ਆਰ।ਐਲ।, ਅਤੇ ਲੇਖਾ ਕੇ।ਸੀ। ਨਾਲ ਸ਼ਾਮਲ ਹੋ ਕੇ. [1] ਉਹ ਐਮਸੀ ਤੋਂ ਬਾਅਦ ਵਿਦੇਸ਼ਾਂ (ਭਾਰਤ ਤੋਂ ਬਾਹਰ) ਵਿਸ਼ਵ ਚੈਂਪੀਅਨਸ਼ਿਪ ਗੋਲਡ ਮੈਡਲ ਜਿੱਤਣ ਵਾਲੀ ਦੂਜੀ ਭਾਰਤੀ ਮੁੱਕੇਬਾਜ਼ ਸੀ। ਮੈਰੀਕਾਮ ਨੇ ਆਪਣੇ ਛੇ ਗੋਲਡ ਮੈਡਲਾਂ ਵਿੱਚੋਂ ਚਾਰ ਵਾਰ ਅਜਿਹਾ ਕੀਤਾ।



ਹਰਦੀਪ ਸਿੰਘ ਚੁੰਬਰ
+91-94636-01616

**ਬ੍ਰਾਂਡ ਵਲੋਂ ਸਮਰਥਨ**

2018 ਵਿੱਚ, ਜ਼ਰੀਨ ਨੇ ਐਡੀਡਾਸ ਨਾਲ ਬ੍ਰਾਂਡ ਐਂਡੋਰਸਮੈਂਟ ਸੌਦੇ 'ਤੇ ਹਸਤਾਖਰ ਕੀਤੇ। ਜ਼ਰੀਨ ਨੂੰ ਵੈਲਸਪਨ ਸਮੂਹ ਦੁਆਰਾ ਸਮਰਥਨ ਪ੍ਰਾਪਤ ਹੈ ਅਤੇ ਸਪੋਰਟਸ ਅਥਾਰਟੀ ਆਫ਼ ਇੰਡੀਆ ਦੀ ਟਾਰਗੇਟ ਓਲੰਪਿਕ ਪੋਡੀਅਮ ਸਕੀਮ ਵਿੱਚ ਸ਼ਾਮਲ ਕੀਤਾ ਗਿਆ ਹੈ।

ਅਵਾਰਡ, ਖੇਡਾਂ 2019 ਵਿੱਚ ਉੱਤਮਤਾ ਲਈ JFWਪੁਰਸਕਾਰ।

ਨਿਖਤ ਨੂੰ ਉਸਦੇ ਗ੍ਰਹਿ ਸ਼ਹਿਰ ਨਿਜ਼ਾਮਾਬਾਦ, ਤੇਲੰਗਾਨਾ ਦਾ ਅਧਿਕਾਰਤ ਰਾਜਦੂਤ ਨਿਯੁਕਤ ਕੀਤਾ ਗਿਆ ਸੀ।

ਆਲ ਇੰਡੀਆ ਇੰਟਰ-ਯੂਨੀਵਰਸਿਟੀ ਬਾਕਸਿੰਗ ਚੈਂਪੀਅਨਸ਼ਿਪ, ਜਲੰਧਰ, ਭਾਰਤ ਵਿੱਚ 'ਸਰਬੋਤਮ ਮੁੱਕੇਬਾਜ਼' - ਫਰਵਰੀ 2015।

ਸਲਮਾਨ ਖਾਨ ਨੇ ਵਿਸ਼ਵ ਮੁੱਕੇਬਾਜ਼ੀ ਦਾ ਤਾਜ ਜਿੱਤਣ ਲਈ ਵਧਾਈ ਦਿੱਤੀ

ਭਾਰਤੀ ਮੁੱਕੇਬਾਜ਼ੀ ਦੀ ਨਵੀਨਤਮ ਸਨਸਨੀ ਨਿਖਤ ਜ਼ਰੀਨ ਦੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੀ ਮਹਿਮਾ ਨੇ ਪੂਰੇ ਦੇਸ਼ ਨੂੰ ਉਤਸ਼ਾਹਿਤ ਕਰ ਦਿੱਤਾ ਹੈ। ਨਵੀਂ ਤਾਜ ਵਾਲੀ ਵਿਸ਼ਵ ਚੈਂਪੀਅਨ ਮੁੱਕੇਬਾਜ਼ ਜੋ ਇਸ ਸਮੇਂ ਆਪਣੇ ਸਟਾਰ ਰੁਤਬੇ ਦਾ ਆਨੰਦ ਮਾਣ ਰਹੀ ਹੈ, ਨੇ ਖੁਲਾਸਾ ਕੀਤਾ ਹੈ ਕਿ ਉਸ ਨੂੰ ਸਲਮਾਨ ਖਾਨ ਨਾਲ ਬਹੁਤ ਪਿਆਰ ਹੈ। ਮਸ਼ਹੂਰ ਬਾਲੀਵੁੱਡ ਅਭਿਨੇਤਾ ਨੇ ਵੀ ਨਿਖਤ ਨੂੰ ਵਿਸ਼ਵ ਮੁੱਕੇਬਾਜ਼ੀ ਦਾ ਤਾਜ ਜਿੱਤਣ ਲਈ ਵਧਾਈ ਦਿੱਤੀ ਹੈ।

ਹਾਲ ਹੀ ਵਿੱਚ ਇੱਕ ਇੰਟਰਵਿਊ ਦੇ ਦੌਰਾਨ, ਨਿਖਤ ਨੂੰ ਪੁੱਛਿਆ ਗਿਆ ਸੀ ਕਿ ਕੀ ਉਸਨੂੰ ਸਲਮਾਨ ਖਾਨ ਤੋਂ ਅਜੇ ਤੱਕ ਕੋਈ ਵਧਾਈ ਸੰਦੇਸ਼ ਮਿਲਿਆ ਹੈ ਅਤੇ ਮੁੱਕੇਬਾਜ਼ ਸ਼ਰਮੀਲੇ ਦਿਖਾਈ ਦੇ ਰਹੀ ਸੀ ਕਿਉਂਕਿ ਉਸਨੇ ਕਬੂਲ ਕੀਤਾ ਕਿ ਉਸਨੇ ਕਦੇ ਵੀ ਸਲਮਾਨ ਨੂੰ 'ਭਾਈ' ਨਹੀਂ ਕਿਹਾ। ਉਸਨੇ ਅੱਗੇ ਕਿਹਾ ਕਿ ਸਲਮਾਨ ਦੂਜਿਆਂ ਲਈ 'ਭਾਈ' ਹੋ ਸਕਦੇ ਹਨ ਪਰ ਉਸ ਲਈ, ਅਭਿਨੇਤਾ 'ਜਾਨ' ਹੈ। ਬਹੁਤ ਹੀ ਪ੍ਰਤਿਭਾਸ਼ਾਲੀ ਮੁੱਕੇਬਾਜ਼ ਨੇ ਇਹ ਵੀ ਮੰਨਿਆ ਕਿ ਉਸਦਾ ਇੱਕੋ ਇੱਕ ਸੁਪਨਾ ਓਲੰਪਿਕ ਤਮਗਾ ਜਿੱਤਣਾ ਅਤੇ ਮੁੰਬਈ ਵਿੱਚ ਸਲਮਾਨ ਨੂੰ ਮਿਲਣਾ ਹੈ।

ਇੰਟਰਵਿਊ ਦੀ ਇੱਕ ਵੀਡੀਓ ਕਲਿੱਪ ਜਲਦੀ ਹੀ ਵਾਇਰਲ ਹੋ ਗਈ ਅਤੇ ਬਾਲੀਵੁੱਡ ਅਦਾਕਾਰ ਦਾ ਧਿਆਨ ਵੀ ਆਪਣੇ ਵੱਲ ਖਿੱਚ ਲਿਆ। ਆਪਣੇ ਟਵਿੱਟਰ 'ਤੇ ਵੀਡੀਓ ਨੂੰ ਸਾਂਝਾ ਕਰਦੇ ਹੋਏ, ਉਸਨੇ ਹਵਾਲਾ-ਟਵੀਟ ਕੀਤਾ: "ਇਸ ਸੋਨੇ ਦੇ ਨਿਖਤ 'ਤੇ ਵਧਾਈ।"

# ਲਿਥੀਅਮ ਨੂੰ ਪਾਣੀ ਤੋਂ ਪ੍ਰਾਪਤ ਕਰਨ ਲਈ ਢੰਗ ਵਿਕਸਿਤ ਕੀਤਾ ਖੋਜਕਰਤਾਵਾਂ ਨੇ


ਜਿਵੇਂ ਕਿ ਵਿਸ਼ਵ ਲਿਥੀਅਮ 'ਤੇ ਚੱਲਦਾ ਹੈ, ਖੋਜਕਰਤਾਵਾਂ ਨੇ ਇਸਨੂੰ ਪਾਣੀ ਤੋਂ ਪ੍ਰਾਪਤ ਕਰਨ ਲਈ ਢੰਗ ਵਿਕਸਿਤ ਕੀਤਾ ਹੈ। ਸਦੀਆਂ ਪਹਿਲਾਂ, ਅਲਕੀਮਿਸਟਾਂ ਨੇ ਸੋਚਿਆ ਕਿ ਉਹ ਸੀਸੇ ਨੂੰ ਸੋਨੇ ਵਿੱਚ ਬਦਲ ਸਕਦੇ ਹਨ। ਅੱਜ, ਬਹੁਤ ਸਾਰੇ ਸਰੋਤਾਂ ਤੋਂ ਕੀਮਤੀ ਸਮੱਗਰੀ ਇਕੱਠੀ ਕਰਨ ਦੀ ਸੰਭਾਵਨਾ ਵਿਗਿਆਨੀਆਂ ਦੀ ਅਗਵਾਈ ਕਰਦੀ ਹੈ ਜਿਨ੍ਹਾਂ ਨੇ ਇੱਕ ਸੁਨਹਿਰੀ ਮੌਕਾ ਦੇਖਿਆ ਹੈ।ਸੰਯੁਕਤ ਰਾਜ ਦੇ ਊਰਜਾ ਵਿਭਾਗ ਦੀ ਪੈਸੀਫਿਕ ਨਾਰਥਵੈਸਟ ਨੈਸ਼ਨਲ ਲੈਬਾਰਟਰੀ ਕੰਪਨੀਆਂ ਦੇ ਨਾਲ ਇੱਕ ਅਜਿਹੀ ਪਹੁੰਚ ਦੀ ਜਾਂਚ ਕਰਨ ਲਈ ਕੰਮ ਕਰ ਰਹੀ ਹੈ ਜੋ ਵੱਖ-ਵੱਖ ਗੰਦੇ ਪਾਣੀ ਦੇ ਸਰੋਤਾਂ ਤੋਂ ਲਿਥੀਅਮ ਵਰਗੀਆਂ ਮਹੱਤਵਪੂਰਣ ਸਮੱਗਰੀਆਂ ਨੂੰ ਹਾਸਲ ਕਰਨ ਲਈ ਚੁੰਬਕੀ ਨੈਨੋਪਾਰਟਿਕਲ ਦੀ ਵਰਤੋਂ ਕਰਦੀ ਹੈ।

ਲਿਥੀਅਮ ਬਹੁਤ ਸਾਰੀਆਂ ਇਲੈਕਟ੍ਰਾਨਿਕ ਅਤੇ ਊਰਜਾ ਤਕਨੀਕਾਂ ਵਿੱਚ ਇੱਕ ਜ਼ਰੂਰੀ ਸਾਮੱਗਰੀ ਹੈ, ਜਿਸ ਵਿੱਚ ਹਲਕੇ ਭਾਰ ਵਾਲੀਆਂ ਲਿਥੀਅਮ-ਆਇਨ ਬੈਟਰੀਆਂ ਸ਼ਾਮਲ ਹਨ ਜੋ ਸਾਡੇ ਫ਼ੋਨ ਤੋਂ ਲੈ ਕੇ ਇਲੈਕਟ੍ਰਿਕ ਵਾਹਨਾਂ ਤੱਕ ਹਰ ਚੀਜ਼ ਨੂੰ ਪਾਵਰ ਦਿੰਦੀਆਂ ਹਨ।ਲਿਥੀਅਮ ਲਈ ਗਲੋਬਲ ਮਾਰਕੀਟ ਬਹੁਤ ਵੱਡਾ ਹੈ, ਪਰ ਸੰਯੁਕਤ ਰਾਜ ਵਿੱਚ ਕੀਮਤੀ ਬਹੁਤ ਘੱਟ ਪੈਦਾ ਹੁੰਦਾ ਹੈ।

ਰਿਚਲੈਂਡ, ਵਾਸ਼ਿੰਗਟਨ ਵਿੱਚ ਲੈਬ ਵਿੱਚ ਵਿਕਸਤ ਕੀਤੀ ਜਾ ਰਹੀ ਪੇਟੈਂਟ-ਬਕਾਇਆ ਤਕਨਾਲੋਜੀ ਨਾ ਸਿਰਫ਼ ਲਿਥੀਅਮ ਅਤੇ ਹੋਰ ਨਾਜ਼ੁਕ ਸਮੱਗਰੀ ਪੈਦਾ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ, ਇਹ ਕੰਮ ਬਹੁਤ ਤੇਜ਼ੀ ਨਾਲ ਅਤੇ ਘੱਟ ਕੀਮਤ 'ਤੇ ਕਰਦੀ ਹੈ।

ਪ੍ਰਕਿਰਿਆ ਦੇ ਕੇਂਦਰ ਵਿੱਚ ਚੁੰਬਕੀ ਨੈਨੋਪਾਰਟਿਕਲ ਇੱਕ ਸੋਜ਼ਸ਼ ਵਾਲੇ ਸ਼ੈੱਲ ਨਾਲ ਘਿਰੇ ਹੋਏ ਹਨ ਜੋ ਪਾਣੀ ਵਿੱਚ ਪਾਈਆਂ ਗਈਆਂ ਲਿਥੀਅਮ ਅਤੇ ਹੋਰ ਧਾਤਾਂ ਨਾਲ ਜੁੜਦੇ ਹਨ ਜੋ ਵੱਖ-ਵੱਖ ਉਦਯੋਗਿਕ ਪ੍ਰਕਿਰਿਆਵਾਂ ਵਿੱਚ ਵਰਤੇ ਜਾਂਦੇ ਹਨ। ਇਸ ਵਿੱਚ ਜੀਓਥਰਮਲ ਪਾਵਰ ਪਲਾਂਟਾਂ ਵਿੱਚ ਪਾਣੀ ਸ਼ਾਮਲ ਹੁੰਦਾ ਹੈ, ਜਿਸਨੂੰ ਜੀਓਥਰਮਲ ਬ੍ਰਾਈਨ ਕਿਹਾ ਜਾਂਦਾ ਹੈ, ਜਾਂ ਤੇਲ ਜਾਂ ਗੈਸ ਉਤਪਾਦਨ ਦੇ ਦੌਰਾਨ ਸਤ੍ਹਾ ਤੋਂ ਖਿੱਚਿਆ ਗਿਆ ਪਾਣੀ ਸ਼ਾਮਲ ਹੁੰਦਾ ਹੈ।

ਲਿਥੀਅਮ ਅਮਰੀਕਾ ਅਤੇ ਕੈਨੇਡਾ ਵਿੱਚ ਤੇਲ ਅਤੇ ਗੈਸ ਕੱਢਣ ਦੌਰਾਨ ਪੰਪ ਕੀਤੇ ਗਏ ਬਹੁਤ ਸਾਰੇ ਪਾਣੀ ਵਿੱਚ ਮੌਜੂਦ ਹੁੰਦਾ ਹੈ। ਫ਼ੰਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਜੇਕਰ ਅੱਜ ਅਜਿਹੇ ਪਾਣੀ ਵਿੱਚ ਸਿਰਫ਼ 25 ਪ੍ਰਤੀਸ਼ਤ ਲਿਥੀਅਮ ਇਕੱਠਾ ਕੀਤਾ ਜਾਂਦਾ ਹੈ, ਤਾਂ ਇਹ ਮੌਜੂਦਾ ਸਾਲਾਨਾ ਵਿਸ਼ਵ ਵਿਆਪੀ ਉਤਪਾਦਨ ਦੇ ਬਰਾਬਰ ਹੋਵੇਗਾ। ਟੈਸਟਿੰਗ ਜਾਰੀ ਹੈ, ਜਿਸ ਵਿੱਚ PNNL, Moselle Technoloiges, Canada Natural Resources iLimted, aqy Conoco Pihlilps ਸ਼ਾਮਲ ਹਨ। ਫ਼ੰਰਿ-ਪੋਰਟ ਕਰਦਾ ਹੈ ਕਿ ਟੀਮ "ਚੁੰਬਕੀ ਵਿਭਾਜਕ ਪ੍ਰਣਾਲੀ ਦੇ ਨਾਲ ਵਿਸਤ੍ਰਿਤ ਚੱਕਰ ਟੈਸਟਿੰਗ ਦੇ ਅਧੀਨ, ਪੂਰੇ ਪੈਮਾਨੇ ਦੇ ਉ-ਦਯੋਗਿਕ ਉਤਪਾਦਨ ਲਈ ਇੱਕ ਲੋੜੀਂਦਾ ਕਦਮ" ਦੁਆਰਾ ਤਕਨਾਲੋਜੀ ਦੀ ਤਣਾਅ-ਜਾਂਚ ਕਰ ਰਹੀ ਹੈ।



ਛਓੁ ਜੈਰੀ ਨੇ ਕਿਹਾ, "ਘੋਲ ਵਿੱਚ ਲਿਥੀਅਮ ਕਣਾਂ ਨੂੰ ਜੋੜਨ ਲਈ ਚੁੰਬਕੀ ਨੈਨੋਪਾਰਟਿਕਲ ਦੀ ਵਰਤੋਂ ਕਰਕੇ, ਅਸੀਂ ਉਮੀਦ ਕਰਦੇ ਹਾਂ ਕਿ ਸਿੱਟੇ ਵਜੋਂ ਸੰਗ੍ਰਹਿ ਸ਼ੁੱਧ ਰੂਪ ਵਿੱਚ ਹੋਵੇਗਾ, ਜਿਸ ਨਾਲ ਅੱਗੇ ਦੀ ਪ੍ਰੋਸੈਸਿੰਗ ਦੀ ਲਾਗਤ ਘਟੇਗੀ, ਅਤੇ ਇਹ ਅੱਧੇ ਤੋਂ ਵੱਧ ਖਰਚੇ ਲੈ ਜਾਵੇਗਾ," ਸੀਈਓ ਜੈਰੀ ਨੇ ਕਿਹਾ। ਮਿੱਲਜ਼ ਆਫ਼ ਮੋਸੇਲ, ਟੈਕਸਾਸ ਦੀ ਕੰਪਨੀ ਜਿਸ ਨੇ ਤਕਨੀਕ ਨੂੰ ਲਾਇਸੰਸ ਦਿੱਤਾ ਹੈ ਅਤੇ ਇਸ ਨੂੰ ਕਈ ਥਾਵਾਂ 'ਤੇ ਪਾਇਲਟ ਕਰਨ ਦੀ ਯੋਜਨਾ ਬਣਾ ਰਹੀ ਹੈ।

ਇੱਕ ਵਾਰ ਜਦੋਂ ਪਾਣੀ ਵਿੱਚ ਛੋਟੇ, ਲੋਹੇ-ਅਧਾਰਿਤ ਕਣ ਸ਼ਾਮਲ ਕੀਤੇ ਜਾਂਦੇ ਹਨ, ਤਾਂ ਲਿਥੀਅਮ ਪਾਣੀ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ ਅਤੇ ਉਹਨਾਂ ਨਾਲ ਜੁੜ ਜਾਂਦਾ ਹੈ। ਫਿਰ, ਇੱਕ ਚੁੰਬਕ ਦੀ ਮਦਦ ਨਾਲ, ਨੈਨੋ ਕਣਾਂ ਨੂੰ ਇੱਕ ਰਾਈਡ ਵਿੱਚ ਲਿਥਿਅਮ ਦੇ ਨਾਲ ਕੁਝ ਮਿੰਟਾਂ ਵਿੱਚ ਇਕੱਠਾ ਕੀਤਾ ਜਾ ਸਕਦਾ ਹੈ, ਹੁਣ ਤਰਲ ਵਿੱਚ ਮੁਅੱਤਲ ਨਹੀਂ ਕੀਤਾ ਜਾਵੇਗਾ ਅਤੇ ਆਸਾਨੀ ਨਾਲ ਕੱਢਣ ਲਈ ਤਿਆਰ ਹੈ।

ਸਭ ਤੋਂ ਵਧੀਆ ਗੱਲ ਇਹ ਹੈ ਕਿ ਲਿਥੀਅਮ ਕੱਢਣ ਤੋਂ ਬਾਅਦ, ਰੀਚਾਰਜ ਕੀਤੇ ਨੈਨੋਪਾਰਟਿਕਲ ਦੁਬਾਰਾ ਵਰਤੇ ਜਾ ਸਕਦੇ ਹਨ। ਇਸ ਪ੍ਰਕਿਰਿਆ ਦੀ ਵਰਤੋਂ ਡੀਸਲੀਨੇਸ਼ਨ ਪਲਾਂਟਾਂ ਤੋਂ ਜਾਂ ਸਿੱਧੇ ਸਮੁੰਦਰੀ ਪਾਣੀ ਤੋਂ ਨਿਕਲਣ ਵਾਲੇ ਗੰਦੇ ਪਾਣੀ ਵਿੱਚ ਵੀ ਕੀਤੀ ਜਾ ਸਕਦੀ ਹੈ।

PNNL ਪ੍ਰਕਿਰਿਆ ਤੁਰੰਤ ਕੰਮ ਕਰਦੀ ਹੈ। ਇਸਦੀ ਤੁਲਨਾ ਰਵਾਇਤੀ ਲਿਥਿਅਮ ਕੱਢਣ ਦੇ ਤਰੀਕਿਆਂ ਨਾਲ ਕਰੋ ਜੋ ਭੂਮੀਗਤ ਪਾਣੀ ਨੂੰ ਵੱਡੇ, ਮਹਿੰਗੇ ਭਾਫੀਕਰਨ ਵਾਲੇ ਤਾਲਾਬਾਂ ਵਿੱਚ ਪੰਪ ਕਰਦੇ ਹਨ — ਜੋ ਲਿਥੀਅਮ ਤੱਕ ਪਹੁੰਚਣ ਲਈ ਕਾਫ਼ੀ ਭਾਫ਼ ਬਣਨ ਵਿੱਚ ਮਹੀਨਿਆਂ ਜਾਂ ਸਾਲ ਵੀ ਲੈਂਦੀਆਂ ਹਨ, ਅਤੇ ਸੁੱਕੇ ਖੇਤਰਾਂ ਵਿੱਚ ਭੂਮੀਗਤ ਪਾਣੀ ਦੇ ਪ੍ਰਬੰਧਨ ਨੂੰ ਪ੍ਰਭਾਵਤ ਕਰਦੀਆਂ ਹਨ ਜਿੱਥੇ ਉਹ ਮੁੱਖ ਤੌਰ 'ਤੇ (ਜ਼ਿਆਦਾਤਰ ਆਸਟਰੇਲੀਆ, ਚਿਲੀ, ਅਤੇ ਚੀਨ) ਤਾਇਨਾਤ ਹਨ।

### ਜੀਅਥਰਮਲ ਬੂਸਟ ਓਤੇ ਇਸ ਤੋਂ ਓਜਗੇ

ਜੇ ਇਸ ਤਕਨਾਲੋਜੀ ਨੂੰ ਭੂ-ਥਰਮਲ ਪਲਾਂਟਾਂ 'ਤੇ ਤਾਇਨਾਤ ਕੀਤਾ ਗਿਆ ਸੀ, ਤਾਂ ਬਰਾਮਦ ਕੀਤੇ ਗਏ ਲਿਥੀਅਮ ਦਾ ਮੁੱਲ ਸੰਭਾਵੀ ਤੌਰ 'ਤੇ ਸਾਫ਼ ਨਵਿਆਉਣਯੋਗ ਊਰਜਾ ਦੇ ਇਸ ਰੂਪ ਦੀ ਲਾਗਤ-ਪ੍ਰਭਾਵ ਨੂੰ ਵਧਾ ਸਕਦਾ ਹੈ, ਜੋ ਧਰਤੀ ਦੀ ਸਤ੍ਹਾ ਤੋਂ ਹੇਠਾਂ ਗਰਮੀ ਨੂੰ ਹਾਸਲ ਕਰਨ ਲਈ ਪਾਣੀ ਦੀ ਵਰਤੋਂ ਕਰਦਾ ਹੈ ਅਤੇ ਫਿਰ ਇਸਨੂੰ ਹਰੀ ਬਿਜਲੀ ਵਿੱਚ ਬਦਲਦਾ ਹੈ। ਮੋਸੇਲ ਤੋਂ ਇਲਾਵਾ, ਉਹ ਨੇਵਾਡਾ ਅਤੇ ਕੈਨੇਡਾ ਵਿੱਚ ਆਪਣੇ ਲਿਥੀਅਮ ਸਰੋਤਾਂ ਲਈ ਤਕਨਾਲੋਜੀ ਦੀ ਵਰਤੋਂ ਦਾ ਮੁਲਾਂਕਣ ਕਰਨ ਲਈ ਹੋਰ ਵਪਾਰਕ ਭਾਈਵਾਲਾਂ ਨਾਲ ਟੀਮ ਬਣਾ ਰਹੇ ਹਨ।ਅੰਤ ਵਿੱਚ, ਐਪਲੀਕੇਸ਼ਨਾਂ ਦੇ ਇੱਕ ਵੱਖਰੇ ਸੈੱਟ 'ਤੇ ਨਜ਼ਰ ਦੇ ਨਾਲ, ਫ਼ੰਦੇ ਖੋਜਕਰਤਾ ਊਰਜਾ ਤਕਨਾਲੋਜੀਆਂ, ਮੈਡੀਕਲ ਇਮੇਜਿੰਗ ਡਿਵਾਈਸਾਂ, ਅਤੇ ਹੋਰ ਬਹੁਤ ਕੁਝ ਵਿੱਚ ਵਰਤੇ ਜਾਂਦੇ ਵਪਾਰਕ ਤੌਰ 'ਤੇ ਕੀਮਤੀ ਤੱਤਾਂ ਅਤੇ ਖਣਿਜਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਉਣ ਲਈ ਨੈਨੋਪਾਰਟਿਕਲ ਦੇ ਸ਼ੈੱਲ ਨੂੰ ਅਨੁਕੂਲਿਤ ਕਰ ਰਹੇ ਹਨ।

ਉਦਾਹਰਨ ਲਈ, ਉਹ ਨਿਊਜ਼ੀਲੈਂਡ ਵਿੱਚ ਇੱਕ ਭੂ-ਥਰਮਲ ਪਲਾਂਟ ਵਿੱਚ ਜੀਓਥਰਮਲ ਬ੍ਰਾਈਨ ਤੋਂ ਸੀਜ਼ੀਅਮ ਅਤੇ ਐਂਟੀਮੋਨੀ ਕੱਢਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਮੋਸੇਲ ਅਤੇ ਜੀਓ 40 ਨਾਲ ਸਹਿਯੋਗ ਕਰ ਰਹੇ ਹਨ।ਪੈਸੀਫਿਕ ਨਾਰਥਵੈਸਟ ਨੈਸ਼ਨਲ ਲੈਬਾਰਟਰੀ ਦੇ ਡਾਇਰੈਕਟਰ ਸਟੀਵਨ ਐਸ਼ਬੀ ਕਹਿੰਦੇ ਹਨ, “ਪੀਐਨਐਨਐਲ ਦੀ ਨਵੀਂ ਪਹੁੰਚ ਸੱਚਮੁੱਚ ਕਮਾਲ ਦੀ ਹੈ। "ਇਹ ਇੱਕ ਤੇਜ਼, ਲਾਗਤ-ਪ੍ਰਭਾਵਸ਼ਾਲੀ ਢੰਗ ਨਾਲ ਨਾਜ਼ੁਕ ਖਣਿਜਾਂ ਨੂੰ ਕੱਢਣ ਦਾ ਵਾਅਦਾ ਕਰਦਾ ਹੈ। ਅਤੇ ਇਸ ਤਰ੍ਹਾਂ ਦੀ ਨਵੀਨਤਾ ਇਸ ਦੇ ਸੋਨੇ ਵਿੱਚ ਭਾਰ ਦੇ ਯੋਗ ਹੋ ਸਕਦੀ ਹੈ।”

-ਹਰਦੀਪ ਸਿੰਘ ਚੁੰਬਰ

# 23 ਸਾਲਾ ਕਰੋੜਪਤੀ, ਪੰਜਾਬ ਰਾਜ ਦਾ IT ਸਲਾਹਕਾਰ, CBI, ਰਿਲਾਇੰਸ ਤੋਂ ਲੈ ਕੇ ਸਰਕਾਰੀ ਅਧਿਕਾਰੀ ਅਤੇ ਹੋਰ ਬਹੁਤ ਸਾਰੇ ਗਾਹਕ



ਹਰਦੀਪ ਸਿੰਘ ਚੁੰਬਰ
+91-94636-01616

ਤ੍ਰਿਸ਼ਨੀਤ ਅਰੋੜਾ ਦਾ ਜਨਮ 2 ਨਵੰਬਰ 1993 ਨੂੰ ਹੋਇਆ। ਇੱਕ ਸਾਈਬਰ ਸੁਰੱਖਿਆ ਕੰਪਨੀ, ਠਓਛ ਸੁਰੱਖਿਆ ਦਾ ਸੰ-ਸਥਾਪਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਹੈ। ਅਰੋੜਾ ਨੇ ਸਾਈਬਰ ਸੁਰੱਖਿਆ, ਨੈਤਿਕ ਹੈਕਿੰਗ ਅਤੇ ਵੈੱਬ ਰੱਖਿਆ 'ਤੇ ਕਿਤਾਬਾਂ ਲਿਖੀਆਂ ਹਨ। ਉਸਦਾ ਨਾਮ ਫੋਰਬਸ ਦੀ 30 ਅੰਡਰ 30 2018 ਏਸ਼ੀਆ ਸੂਚੀ ਅਤੇ ਫਾਰਚੂਨ (ਮੈਗਜ਼ੀਨ) 40 ਅੰਡਰ 40 2019 ਦੀ ਭਾਰਤ ਦੇ ਸਭ ਤੋਂ ਚਮਕਦਾਰ ਕਾਰੋਬਾਰੀ ਦਿਮਾਗਾਂ ਦੀ ਸੂਚੀ ਵਿੱਚ ਰੱਖਿਆ ਗਿਆ ਸੀ।

ਅਰੋੜਾ ਨੇ TAC ਸੁਰੱਖਿਆ ਦੀ ਸਥਾਪਨਾ ਕੀਤੀ, ਇੱਕ ਸਾਈਬਰ ਸੁਰੱਖਿਆ ਕੰਪਨੀ ਜੋ ਕਾਰਪੋਰੇਸ਼ਨਾਂ ਨੂੰ ਨੈੱਟਵਰਕ ਕਮਜ਼ੋਰੀਆਂ ਅਤੇ ਡਾਟਾ ਚੋਰੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਉਸਦੇ ਕੁਝ ਗਾਹਕ ਰਿਲਾਇੰਸ ਇੰਡਸਟਰੀਜ਼, ਕੇਂਦਰੀ ਜਾਂਚ ਬਿਊਰੋ, ਪੰਜਾਬ ਪੁਲਿਸ (ਭਾਰਤ) ਅਤੇ ਗੁਜਰਾਤ ਪੁਲਿਸ ਹਨ। ਉਹ ਸਾਈਬਰ ਅਪਰਾਧਾਂ ਦੀ ਜਾਂਚ ਵਿੱਚ ਪੰਜਾਬ ਅਤੇ ਗੁਜਰਾਤ ਪੁਲਿਸ ਦੀ ਮਦਦ ਕਰਦਾ ਹੈ, ਜਿਸ ਲਈ ਉਸਨੇ ਅਧਿਕਾਰੀਆਂ ਨਾਲ ਸਿਖਲਾਈ ਸੈਸ਼ਨ ਆਯੋਜਿਤ ਕੀਤੇ ਹਨ।

ਫਿਲਮ ਨਿਰਮਾਤਾ ਸੁਨੀਲ ਬੋਹਰਾ ਅਰੋੜਾ ਦੀ ਜੀਵਨੀ 'ਤੇ ਬਣੀ ਫਿਲਮ 'ਤੇ ਕੰਮ ਕਰ ਰਹੇ ਹਨ, ਹੰਸਲ ਮਹਿਤਾ ਫਿਲਮ ਦਾ ਨਿਰਦੇਸ਼ਨ ਕਰਨਗੇ ਅਤੇ ਇਸ ਸਮੇਂ ਕਹਾਣੀ 'ਤੇ ਕੰਮ ਕਰ ਰਹੇ ਹਨ। ਅਰੋੜਾ ਦੀ ਕੰਪਨੀ ਮੁੱਖ ਤੌਰ 'ਤੇ ਕਮਜ਼ੋਰੀ ਦਾ ਮੁਲਾਂਕਣ ਅਤੇ ਪ੍ਰਵੇਸ਼ ਜਾਂਚ ਸੇਵਾਵਾਂ ਪ੍ਰਦਾਨ ਕਰਦੀ ਹੈ। ਅਰੋੜਾ ਦੇ ਅਨੁਸਾਰ, ਕੰਪਨੀਆਂ ਦੇ ਪੋਰਟਲ 'ਤੇ ਹਮਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਅਰੋੜਾ ਫੋਰਬਸ ਟੈਕਨਾਲੋਜੀ ਕੌਂਸਲ ਦੇ ਮੈਂਬਰ ਵੀ ਹਨ।

ਹੈਰਾਨੀਜਨਕ ਕਹਾਣੀ! ਉਹ 8ਵੀਂ ਜਮਾਤ ਵਿੱਚ ਫੇਲ੍ਹ ਹੋ ਗਿਆ, ਹੁਣ ਸਾਈਬਰ ਸੁਰੱਖਿਆ ਫਰਮ ਦਾ ਮਾਲਕ ਹੈ; 23 ਸਾਲਾ ਕਰੋੜਪਤੀ ਐਥੀਕਲ ਹੈਕਰ ਦੇ ਰਿਲਾਇੰਸ ਵਰਗੇ ਗਾਹਕ ਹਨ, ਉਹ 8ਵੀਂ ਜਮਾਤ ਵਿੱਚ ਫੇਲ੍ਹ ਹੋ ਗਿਆ ਸੀ ਅਤੇ ਹੁਣ ਉਹ ਇੱਕ ਮਸ਼ਹੂਰ ਸਾਈਬਰ ਸੁਰੱਖਿਆ ਮਾਹਰ ਹੈ। ਉਹ ਇੱਕ ਪੇਸ਼ੇਵਰ ਐਥੀਕਲ ਹੈਕਰ ਹੈ। ਉਸਦਾ ਨਾਮ ਤ੍ਰਿਸ਼ਨੀਤ ਅਰੋੜਾ ਹੈ।

ਇਹ ਇੱਕ ਸਕੂਲ ਛੱਡਣ ਵਾਲੇ ਦੀ ਇੱਕ ਬਹੁਤ ਪ੍ਰਭਾਵਸ਼ਾਲੀ ਕਹਾਣੀ ਹੈ ਜੋ ਹੁਣ ਇੱਕ ਕਰੋੜਪਤੀ ਹੈ ਕਿਉਂਕਿ ਉਸਨੇ ਆਪਣੇਕੰਪਿਊਟਰ ਲਈ ਬੇਅੰਤ ਪਿਆਰ ਦੇ ਜਨੂੰਨ ਦਾ ਪਿੱਛਾ ਕੀਤਾ। ਉਹ 8ਵੀਂ ਜਮਾਤ ਵਿੱਚ ਫੇਲ੍ਹ ਹੋ ਗਿਆ ਸੀ ਅਤੇ ਹੁਣ ਉਹ ਇੱਕ ਮਸ਼ਹੂਰ ਸਾਈਬਰ ਸੁਰੱਖਿਆ ਮਾਹਰ ਹੈ! ਉਹ ਇੱਕ ਪੇਸ਼ੇਵਰ ਐਥੀਕਲ ਹੈਕਰ ਹੈ। ਉਸਦਾ ਨਾਮ ਤ੍ਰਿਸ਼ਨੀਤ ਅਰੋੜਾ ਹੈ। ਉਹ ਸਿਰਫ਼ 19 ਸਾਲ ਦਾ ਸੀ ਜਦੋਂ ਉਸਨੇ ਆਪਣੀ ਕੰਪਨੀ - TAC ਸੁਰੱਖਿਆ ਹੱਲ ਸ਼ੁਰੂ ਕੀਤੀ। ਉਸਦੇ ਭਾਰਤ ਵਿੱਚ 4 ਅਤੇ ਦੁਬਈ ਵਿੱਚ 1 ਦਫਤਰ ਹਨ। ਉਸ ਨੇ ਸੀ ਬੀ ਆਈ ਅਧਿਕਾਰੀਆਂ ਨੂੰ ਵੀ ਸਿਖਲਾਈ ਦਿੱਤੀ ਹੈ। ਇੰਨਾ ਹੀ ਨਹੀਂ ਉਹ ਪੰਜਾਬ ਸਰਕਾਰ ਅਤੇ ਅਪਰਾਧ ਸ਼ਾਖਾ ਦੇ ਅਧਿਕਾਰੀਆਂ ਦੇ ਸਲਾਹਕਾਰ ਰਹਿ ਚੁੱਕੇ ਹਨ। ਤ੍ਰਿਸ਼ਨੀਤ ਅਰੋੜਾ ਸਿਰਫ਼ 23 ਸਾਲ ਦੇ ਹਨ ਅਤੇ ਰਿਲਾਇੰਸ ਵਰਗੀਆਂ ਵੱਕਾਰੀ ਫਰਮਾਂ ਵੀ ਉਨ੍ਹਾਂ ਦੇ ਗਾਹਕਾਂ ਵਿੱਚੋਂ ਹਨ। ਤ੍ਰਿਸ਼ਨੀਤ ਦਾ ਸੁਪਨਾ ਅਰਬ ਡਾਲਰ ਦੀ ਸਾਈਬਰ ਸੁਰੱਖਿਆ ਕੰਪਨੀ ਬਣਾਉਣ ਦਾ ਹੈ। ਹਿਊਮਨਜ਼ ਆਫ ਬਾਂਬੇ ਦੇ ਅਧਿਕਾਰਤ ਫੇਸ-ਬੁੱਕ ਪੇਜ ਨੇ ਉਸ ਦੀ ਕਹਾਣੀ ਸਾਂਝੀ ਕੀਤੀ ਸੀ। ਹਿਊਮਨਜ਼ ਆਫ਼ ਬਾਂਬੇ ਦੁਆਰਾ ਐਫਬੀ ਪੋਸਟ ਦੇ ਅਨੁਸਾਰ, ਇੱਕ ਬੱਚੇ ਦੇ ਰੂਪ ਵਿੱਚ, ਤ੍ਰਿਸ਼ਨੀਤ ਨੂੰ ਖਿਡੌਣੇ ਅਤੇ ਯੰਤਰ ਖੋਲ੍ਹਣ ਵਿੱਚ ਮਜ਼ਾ ਆਉਂਦਾ ਸੀ ਕਿ ਉਹ ਉਨ੍ਹਾਂ ਨਾਲ ਖੇਡਣ ਦੇ ਉਲਟ ਅੰਦਰੂਨੀ ਤੌਰ 'ਤੇ ਕਿਵੇਂ ਕੰਮ ਕਰਦੇ ਰਹੇ ਹਨ। ਅਤੇ, ਜਦੋਂ ਉਸਨੂੰ ਘਰ ਵਿੱਚ ਇੱਕ ਕੰਪਿਊਟਰ ਮਿਲਿਆ, ਤਾਂ ਉਹ ਜਨੂੰਨ ਹੋ ਗਿਆ। ਸਿਸਟਮ ਦੇ ਹਾਰਡਵੇਅਰ ਨੂੰ ਸਮਝਣ ਲਈ ਵਾਈਸ ਸਿਟੀ ਵਰਗੀਆਂ ਕੰਪਿਊਟਰ ਗੇਮਾਂ ਖੇਡਣ ਤੋਂ ਤ੍ਰਿਸ਼ਨੀਤ ਦਾ ਜਨੂੰਨ ਵਧਿਆ। ਉਸ ਦੇ ਪਿਤਾ ਨੂੰ ਉਦੋਂ ਚਿੰਤਾ ਹੋ ਗਈ ਜਦੋਂ ਉਸ ਨੇ ਉਸ ਨੂੰ ਕੰਪਿਊਟਰ 'ਤੇ ਇੰਨਾ ਸਮਾਂ ਬਿਤਾਉਂਦੇ ਦੇਖਿਆ। ਉਸਦੇ ਪਿਤਾ ਨੇ ਇੱਕ ਪਾਸਵਰਡ ਲਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਤ੍ਰਿਸ਼ਨੀਤ ਨੇ ਇਹ ਸਮਝ ਲਿਆ ਕਿ ਇਸਨੂੰ ਕਿਵੇਂ ਤੋੜਨਾ ਹੈ! ਉਸਦਾ ਪਿਤਾ ਇੰਨਾ ਪ੍ਰਭਾਵਿਤ ਹੋਇਆ ਕਿ ਉਸਨੇ ਉਸਨੂੰ ਇੱਕ ਨਵਾਂ ਸਿਸਟਮ ਖਰੀਦ ਲਿਆ।

ਹਿਊਮਨਜ਼ ਆਫ਼ ਬਾਂਬੇ ਦੁਆਰਾ ਸਾਂਝੀ ਕੀਤੀ ਗਈ ਉਸਦੀ ਕਹਾਣੀ ਦੇ ਅਨੁਸਾਰ, ਉਸਦੇ ਮਾਪਿਆਂ ਨੇ ਆਖਰਕਾਰ ਉਸਨੂੰ ਸਕੂਲ ਛੱਡਣ ਦੀ ਇਜਾਜ਼ਤ ਦਿੱਤੀ ਪਰ ਇਸਦਾ ਮਤਲਬ ਇਹ ਨਹੀਂ ਕਿ ਉਸਨੇ ਸਿੱਖਣਾ ਬੰਦ ਕਰ ਦਿੱਤਾ। “ਅਸਲ ਵਿੱਚ, ਮੇਰੀ ਸਿੱਖਣ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ! ਮੈਂ ਛੋਟੇ ਪ੍ਰੋਜੈਕਟਾਂ ਨਾਲ ਸ਼ੁਰੂਆਤ ਕੀਤੀ - ਕੰਪਿਊਟਰ ਨੂੰ ਠੀਕ ਕਰਨਾ ਅਤੇ ਸਾਫਟਵੇਅਰ ਸਾਫ਼ ਕਰਨਾ ਅਤੇ 19 ਸਾਲ ਦੀ ਉਮਰ ਵਿੱਚ, ਮੈਨੂੰ 60,000 ਰੁਪਏ ਦਾ ਪਹਿਲਾ ਵੱਡਾ ਚੈੱਕ ਮਿਲਿਆ। ਮੈਂ ਆਪਣੀ ਖੁਦ ਦੀ ਕੰਪਨੀ - ਠਓਛ ਸੁਰੱਖਿਆ ਹੱਲ ਵਿੱਚ ਨਿਵੇਸ਼ ਕਰਨ ਲਈ ਬਚਤ ਕੀਤੀ ਹਰ ਚੀਜ਼ ਦੀ ਵਰਤੋਂ ਕੀਤੀ, "ਪੋਸਟ ਵਿੱਚ ਲਿਖਿਆ ਹੈ।

ਤ੍ਰਿਸ਼ਨੀਤ ਦੱਸਦਾ ਹੈ, “ਮੇਰੇ ਪੇਸ਼ੇਵਰ ਸਿਰਲੇਖ ਦਾ ਵਰਣਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੋਵੇਗਾ ਕਿ ਮੈਨੂੰ ਨੈਤਿਕ ਹੈਕਰ ਕਿਹਾ ਜਾਵੇ। ਮੈਂ ਲੋਕਾਂ ਦੇ ਸਿਸਟਮਾਂ ਨੂੰ ਹੈਕ ਕਰਾਂਗਾ ਤਾਂ ਜੋ ਉਹ ਉਨ੍ਹਾਂ ਵਿੱਚ ਕਮੀਆਂ ਦੇਖ ਸਕਣ ਅਤੇ ਉਨ੍ਹਾਂ ਦੀ ਸਾਈਬਰ ਸੁਰੱਖਿਆ ਨੂੰ ਆਪਣੇ ਹੱਥ ਵਿੱਚ ਲੈ ਸਕਣ। ਮੈਂ ਵਰਤਮਾਨ ਵਿੱਚ ਪੰਜਾਬ ਰਾਜ ਦਾ IT ਸਲਾਹਕਾਰ ਹਾਂ ਅਤੇ ਛਬੀ, ਪੰਜਾਬ ਰਾਜ ਅਤੇ ਅਪਰਾਧ ਸ਼ਾਖਾ ਲਈ ਸਿਖਲਾਈ ਸੈਸ਼ਨਾਂ ਦਾ ਆਯੋਜਨ ਕੀਤਾ ਹੈ। ਸਾਡੇ ਗਾਹਕ ਰਿਲਾਇੰਸ ਤੋਂ ਲੈ ਕੇ ਸਰਕਾਰੀ ਅਧਿਕਾਰੀਆਂ ਤੱਕ ਵੱਖੋ-ਵੱਖ ਹੁੰਦੇ ਹਨ ਅਤੇ ਅਸੀਂ ਹਾਲ ਹੀ ਵਿੱਚ ਭਾਰਤ ਦੇ 4 ਸ਼ਹਿਰਾਂ ਅਤੇ ਦੁਬਈ ਵਿੱਚ, ਸ਼ਹਿਰਾਂ ਵਿੱਚ ਦਫ਼ਤਰਾਂ ਦਾ ਵਿਸਤਾਰ ਕੀਤਾ ਹੈ।”

ਤ੍ਰਿਸ਼ਨੀਤ ਕਹਿੰਦਾ ਹੈ, "23 ਸਾਲ ਦੀ ਉਮਰ ਵਿੱਚ, ਮੇਰਾ ਸੁਪਨਾ ਇੱਕ ਅਰਬ ਡਾਲਰ ਦੀ ਸਾਈਬਰ ਸੁਰੱਖਿਆ ਕੰਪਨੀ ਬਣਾਉਣਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਅੱਜ ਇੱਥੇ ਹਾਂ ਕਿਉਂਕਿ ਜਦੋਂ ਮੈਂ ਅਸਫਲ ਰਿਹਾ, ਤਾਂ ਮੇਰੇ ਮਾਤਾ-ਪਿਤਾ ਨੇ ਮੈਨੂੰ ਹੋਰ ਟਿਊਸ਼ਨਾਂ ਲੈਣ ਲਈ ਚਿਲਾਏ ਜਾਂ ਮਜਬੂਰ ਨਹੀਂ ਕੀਤਾ - ਉਹਨਾਂ ਨੇ ਮੈਨੂੰ ਸਮਝਿਆ ਅਤੇ ਮੈਨੂੰ ਕਰਦੇ ਰਹਿਣ ਦਿਤਾ। ਮੈਂ ਇਹ ਨਹੀਂ ਕਹਿ ਰਿਹਾ ਕਿ ਸਿੱਖਿਆ ਮਹੱਤਵਪੂਰਨ ਨਹੀਂ ਹੈ - ਮੈਂ ਸਿਰਫ ਇਹ ਕਹਿ ਰਿਹਾ ਹਾਂ ਕਿ ਤੁਸੀਂ ਸਿੱਖਣ ਦੀ ਚੋਣ ਕਿਵੇਂ ਕਰਦੇ ਹੋ, ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਸਕੂਲ ਵਿੱਚ ਅਸਫਲ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਅਸਫਲ ਹੋ।



ਤ੍ਰਿਸਨੀਤ ਅਰੋੜਾ - 2 ਨਵੰਬਰ 1993
ਸੁਰੱਖਿਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਟੀਏਸੀ

“ਬੱਚੇ ਦੇ ਰੂਪ ਵਿੱਚ, ਮੈਂ ਇਹ ਦੇਖਣ ਲਈ ਖਿਡੌਣੇ ਅਤੇ ਯੰਤਰ ਖੋਲ੍ਹਣ ਦਾ ਆਨੰਦ ਮਾਣਾਂਗਾ ਕਿ ਉਹ ਉਹਨਾਂ ਨਾਲ ਖੇਡਣ ਦੇ ਉਲਟ ਅੰਦਰੂਨੀ ਤੌਰ 'ਤੇ ਕਿਵੇਂ ਕੰਮ ਕਰਦੇ ਹਨ। ਜਦੋਂ ਸਾਨੂੰ ਘਰ ਵਿੱਚ ਇੱਕ ਕੰਪਿਊਟਰ ਮਿਲਿਆ - ਮੇਰਾ ਜਨੂੰਨ ਹੋ ਗਿਆ। ਮੇਰਾ ਜਨੂੰਨ ਵਾਈਸ ਸਿਟੀ ਵਰਗੀਆਂ ਕੰ-ਪਊਟਰ ਗੇਮਾਂ ਖੇਡਣ ਤੋਂ ਸਿਸਟਮ ਦੇ ਹਾਰਡਵੇਅਰ ਨੂੰ ਸਮਝਣ ਤੱਕ ਵਧਿਆ ਹੈ।

ਮੇਰੇ ਪਿਤਾ ਜੀ ਚਿੰਤਤ ਹੋ ਗਏ ਜਦੋਂ ਉਨ੍ਹਾਂ ਨੇ ਮੈਨੂੰ ਕੰਪਿਊਟਰ 'ਤੇ ਘੰਟਿਆਂ ਬੱਧੀ ਬੈਠੇ ਦੇਖਿਆ- ਉਨ੍ਹਾਂ ਨੇ ਪਾਸਵਰਡ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਦਿਨ ਦੇ ਅੰਤ ਤੱਕ ਮੈਂ ਇਸਨੂੰ ਬਾਈਪਾਸ ਕਰਨ ਦਾ ਤਰੀਕਾ ਲੱਭ ਲਿਆ ਸੀ। ਆਖਰਕਾਰ ਉਹ ਨਾਰਾਜ਼ ਹੋਣ ਦੇ ਨਾਲ ਨਾਲ ਮੇਰੇ ਤੋਂ ਪ੍ਰਭਾਵਿਤ ਹੋ ਕੇ ਚਲੇ ਗਏ ਅਤੇ ਮੇਰੇ ਲਈ ਇੱਕ ਨਵਾਂ ਸਿਸਟਮ ਖਰੀਦਣਾ ਬੰਦ ਕਰ ਦਿੱਤਾ! ਜਦੋਂ ਵੀ ਸਾਡੇ ਸਿਸਟਮ ਨੂੰ ਫਿਕਸਿੰਗ ਦੀ ਲੋੜ ਹੁੰਦੀ ਸੀ, ਮੈਂ ਮਾਹਰ ਨੂੰ ਨੇੜਿਓਂ ਦੇਖਦਾ ਸੀ ਅਤੇ ਕੁਝ ਹੀ ਹਫ਼ਤਿਆਂ ਦੇ ਅੰਦਰ ਮੈਂ ਆਪਣੇ ਆਪ ਦੋ ਕੰਪਿਊਟਰਾਂ ਨੂੰ ਨੈਟਵਰਕ ਕਰ ਲਿਆ ਸੀ। ਜੇ ਕੋਈ ਮਸ਼ੀਨ ਖਰਾਬ ਸੀ ਜਿਸ ਨੂੰ ਠੀਕ ਕਰਨ ਦੀ ਲੋੜ ਸੀ, ਤਾਂ ਮੇਰੇ ਗੁਆਂਢੀ ਮੇਰੇ ਕੋਲ ਆਉਣ ਲਗੇ- ਅਤੇ ਮੈਂ ਬਹੁਤ ਛੋਟਾ ਸੀ!

ਇਹ ਦੇਖਦੇ ਹੋਏ ਕਿ ਮੈਂ ਕੰਪਿਊਟਰਾਂ ਦੀ ਇਸ ਦੁਨੀਆ ਦੁਆਰਾ ਬਹੁਤ ਜੁਟ ਹੋ ਗਿਆ ਸੀ। ਮੈਂ 8ਵੀਂ ਜਮਾਤ ਵਿੱਚ ਫੇਲ ਹੋ ਗਿਆ ਸੀ। ਮੈਨੂੰ ਇਤਿਹਾਸ ਅਤੇ ਭੂਗੋਲ ਦੀ ਸਮਝ ਨਹੀਂ ਸੀ। ਮੇਰੇ 'ਤੇ ਚੀਕਣ ਦੀ ਬਜਾਏ, ਮੇਰੇ ਮਾਤਾ-ਪਿਤਾ ਮੈਨੂੰ ਪ੍ਰਿੰਸੀਪਲ ਦੇ ਦਫਤਰ ਬੁਲਾਏ ਜਾਣ ਤੋਂ ਬਾਅਦ ਪਾਰਕ ਲੈ ਗਏ ਅਤੇ ਮੈਨੂੰ ਕਿਉਂ ਪੁੱਛਿਆ— ਮੈਂ ਉਨ੍ਹਾਂ ਨੂੰ ਸਿਰਫ ਇਹ ਦੱਸਿਆ ਕਿ ਮੇਰਾ ਦਿਮਾਗ ਕੇਵਲ ਕੰਪਿਊਟਰਾਂ ਨੂੰ ਸਮਝ ਰਿਹਾ ਹੈ। ਸਾਫਟਵੇਅਰ ਅਤੇ ਹਾਰਡਵੇਅਰ ਅਤੇ ਮੇਰੇ ਲਈ ਹੋਰ ਕੁਝ ਵੀ ਮਾਇਨੇ ਨਹੀਂ ਰੱਖਦਾ।

ਆਖਰਕਾਰ ਉਨ੍ਹਾਂ ਨੇ ਮੈਨੂੰ ਸਕੂਲ ਛੱਡਣ ਦੀ ਇਜਾਜ਼ਤ ਦਿੱਤੀ ਪਰ ਇਸਦਾ ਮਤਲਬ ਇਹ ਨਹੀਂ ਕਿ ਮੈਂ ਸਿੱਖਣਾ ਛੱਡ ਦਿੱਤਾ। ਅਸਲ ਵਿੱਚ, ਮੇਰੀ ਸਿੱਖਣ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ! ਮੈਂ ਛੋਟੇ ਪ੍ਰੋਜੈਕਟਾਂ ਨਾਲ ਸ਼ੁਰੂਆਤ ਕੀਤੀ - ਕੰਪਿਊਟਰ ਨੂੰ ਠੀਕ ਕਰਨਾ ਅਤੇ ਸਾਫਟਵੇਅਰ ਸਾਫ਼ ਕਰਨਾ ਅਤੇ 19 ਸਾਲ ਦੀ ਉਮਰ ਵਿੱਚ, ਮੈਨੂੰ 60,000 ਰੁਪਏ ਦਾ ਪਹਿਲਾ ਵੱਡਾ ਚੈੱਕ ਮਿਲਿਆ। ਮੈਂ ਆਪਣੀ ਖੁਦ ਦੀ ਕੰਪਨੀ - ਠਓਛ ਸੁਰੱਖਿਆ ਹੱਲਾਂ ਵਿੱਚ ਨਿਵੇਸ਼ ਕਰਨ ਲਈ ਬਚਤ ਕੀਤੀ ਹਰ ਚੀਜ਼ ਦੀ ਵਰਤੋਂ ਕੀਤੀ।

ਮੇਰੇ ਪੇਸ਼ੇਵਰ ਸਿਰਲੇਖ ਦਾ ਵਰਣਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੋਵੇਗਾ ਕਿ ਮੈਨੂੰ ਨੈਤਿਕ ਹੈਕਰ ਕਿਹਾ ਜਾਵੇ। ਮੈਂ ਲੋਕਾਂ ਦੇ ਸਿਸਟਮਾਂ ਨੂੰ ਹੈਕ ਕਰਾਂਗਾ ਤਾਂ ਜੋ ਉਹ ਉਨ੍ਹਾਂ ਵਿੱਚ ਕਮੀਆਂ ਦੇਖ ਸਕਣ ਅਤੇ ਉਨ੍ਹਾਂ ਦੀ ਸਾਈਬਰ ਸੁਰੱਖਿਆ ਨੂੰ ਆਪਣੇ ਹੱਥ ਵਿੱਚ ਲੈ ਸਕਣ। ਮੈਂ ਵਰਤਮਾਨ ਵਿੱਚ ਪੰਜਾਬ ਰਾਜ ਦਾ IT ਸਲਾਹਕਾਰ ਹਾਂ ਅਤੇ CBI, ਪੰਜਾਬ ਰਾਜ ਅਤੇ ਅਪਰਾਧ ਸ਼ਾਖਾ ਲਈ ਸਿਖਲਾਈ ਸੈਸ਼ਨਾਂ ਦਾ ਆਯੋਜਨ ਕੀਤਾ ਹੈ।

ਸਾਡੇ ਗਾਹਕ ਰਿਲਾਇੰਸ ਤੋਂ ਲੈ ਕੇ ਸਰਕਾਰੀ ਅਧਿਕਾਰੀਆਂ ਤੱਕ ਵੱਖੋ-ਵੱਖਰੇ ਹਨ ਅਤੇ ਅਸੀਂ ਹਾਲ ਹੀ ਵਿੱਚ ਭਾਰਤ ਦੇ 4 ਸ਼ਹਿਰਾਂ ਅਤੇ ਦੁਬਈ ਵਿੱਚ 1 ਵਿੱਚ ਦਫ਼ਤਰਾਂ ਦਾ ਵਿਸਤਾਰ ਕੀਤਾ ਹੈ।

23 ਸਾਲ ਦੀ ਉਮਰ ਵਿੱਚ, ਮੇਰਾ ਸੁਪਨਾ ਇੱਕ ਅਰਬ ਡਾਲਰ ਦੀ ਸਾਈਬਰ ਸੁਰੱਖਿਆ ਕੰਪਨੀ ਬਣਾਉਣਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਅੱਜ ਇੱਥੇ ਹਾਂ ਕਿਉਂਕਿ ਜਦੋਂ ਮੈਂ ਅਸਫਲ ਰਿਹਾ, ਤਾਂ ਮੇਰੇ ਮਾਤਾ-ਪਿਤਾ ਨੇ ਮੈਨੂੰ ਹੋਰ ਟਿਊਸ਼ਨਾਂ ਲੈਣ ਲਈ ਚੀਕਿਆ ਜਾਂ ਮਜਬੂਰ ਨਹੀਂ ਕੀਤਾ - ਉਨ੍ਹਾਂ ਨੇ ਮੈਨੂੰ ਸਮਝਿਆ ਅਤੇ ਮੈਨੂੰ ਰਹਿਣ ਦਿੱਤਾ। ਮੈਂ ਇਹ ਨਹੀਂ ਕਹਿ ਰਿਹਾ ਕਿ ਸਿੱਖਿਆ ਮਹੱਤਵਪੂਰਨ ਨਹੀਂ ਹੈ - ਮੈਂ ਸਿਰਫ ਇਹ ਕਹਿ ਰਿਹਾ ਹਾਂ ਕਿ ਤੁਸੀਂ ਸਿੱਖਣ ਦੀ ਚੋਣ ਕਿਵੇਂ ਕਰਦੇ ਹੋ, ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਸਕੂਲ ਵਿੱਚ ਅਸਫਲ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਅਸਫਲ ਹੋ।

## ਅਵਾਰਡ ਅਤੇ ਮਾਨਤਾ

| ਸਾਲ | ਅਵਾਰਡ | ਅਵਾਰਡ ਦੇਣ ਵਾਲੀ ਸੰਸਥਾ |
|---|---|---|
| 2020 | ਸਾਲ ਦਾ ਉੱਦਮੀ | ਉਦਯੋਗਪਤੀ (ਮੈਗਜ਼ੀਨ) |
| 2020 | ਚੋਟੀ ਦੇ 100 ਮਹਾਨ ਲੋਕਪ੍ਰਬੰਧਕ | ਫੋਰਬਸ ਇੰਡੀਆ ਅਤੇ ਘੀ |
| 2019 | ਫਾਰਚਿਊਨ ਇੰਡੀਆਜ਼ 40 ਅੰਡਰ 40 | ਫਾਰਚਿਊਨ (ਮੈਗਜ਼ੀਨ) |
| 2018 | ਕੱਲ੍ਹ ਦੇ ਆਗੂ | ਸੇਂਟ ਗੈਲਨ ਸਿੰਪੋਜ਼ੀਅਮ |
| 2018 | ਫੋਰਬਸ 30 ਅੰਡਰ 30। | ਫੋਰਬਸ ਏਸ਼ੀਆ |
| 2017 | 50 ਸਭ ਤੋਂ ਪ੍ਰਭਾਵਸ਼ਾਲੀ ਨੌਜਵਾਨ ਭਾਰਤੀ | GQ ਮੈਗਜ਼ੀਨ |
| 2015 | ਪੰਜਾਬੀ ਆਈਕਨ ਅਵਾਰਡ | PCHB |
| 2014 | ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਰੋੜਾ ਨੰ 65ਵੇਂ ਗਣਤੰਤਰ ਦਿਵਸ (ਪੰਜਾਬ ਸਰਕਾਰ) ਪੰਜਾਬ ਸਰਕਾਰ ਵੱਲੋਂ 'ਸਟੇਟ ਐਵਾਰਡ' ਪ੍ਰਦਾਨ ਕੀਤਾ। | |

# ਪਰਵਾਸ ਮੁੱਦੇ ਨੂੰ ਬਾਖੂਬੀ ਢੰਗ ਨਾਲ ਪੇਸ਼ ਕਰੇਗੀ ਫਿਲਮ ‘ਪੀਆਰ’

ਪੰਜਾਬੀ ਸਿਨੇਮਾ ਨੂੰ ਨਵੀਂ ਨੁਹਾਰ ਦੇਣ ਵਾਲੇ ਉੱਘੇ ਗਾਇਕ ਤੇ ਅਦਾਕਾਰ ਹਰਭਜਨ ਮਾਨ ਆਪਣੀ ਆਉਣ ਵਾਲੀ ਫਿਲਮ ‘ਪੀਆਰ’ ਬਾਰੇ ਦੱਸਿਆ ਕਿ ਪੰਜਾਬ ਇਸ ਸਮੇਂ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਨ੍ਹਾਂ ਵਿੱਚੋਂ ਪਰਵਾਸ ਪ੍ਰਮੁੱਖ ਮੁੱਦਾ ਬਣ ਕੇ ਉੱਭਰਿਆ ਹੈ।

ਸਾਡੀ ਨਵੀਂ ਪੀੜ੍ਹੀ ਪੜ੍ਹਾਈ ਹਾਸਲ ਕਰਨ ਤੋਂ ਬਾਅਦ ਵਿਦੇਸ਼ ਜਾਣ ਨੂੰ ਉਤਾਵਲੀ ਹੈ ਕਿਉਂਕਿ ਇੱਥੇ ਰਹਿ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਪਰਵਾਜ਼ ਮਿਲਣੀ ਮੁਸ਼ਕਲ ਜਾਪਦੀ ਹੈ। ਮਾਪੇ ਵੀ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਕਾਹਲੇ ਹਨ ਕਿਉਂਕਿ ਉਨ੍ਹਾਂ ਨੂੰ ਇੱਥੇ ਭਵਿੱਖ ਧੁੰਦਲਾ ਜਾਪਦਾ ਹੈ।

ਪਰਵਾਸ ਬਾਰੇ ਕਈ ਪੰਜਾਬੀ ਫਿਲਮਾਂ ਬਣ ਚੁੱਕੀਆਂ ਹਨ। ਇਸੇ ਤਰ੍ਹਾਂ ਦੀ ਇਕ ਹੋਰ ਫਿਲਮ 27 ਮਈ ਨੂੰ ਰਿਲੀਜ਼ ਹੋ ਰਹੀ ਹੈ, ਜਿਸ ਵਿਚ ਇਸ ਵਿਸ਼ੇ ਨੂੰ ਬਿਲਕੁਲ ਨਵੇਂ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਬੜੇ ਸੁਲਝੇ ਹੋਏ ਲੇਖਕ ਤੇ ਨਿਰਦੇਸ਼ਕ ਮਨਮੋਹਨ ਸਿੰਘ ਦੀ ਸਖ਼ਤ ਘਾਲਣਾ ਸਦਕਾ ਤਿਆਰ ਕੀਤੀ ਗਈ ਇਸ ਫਿਲਮ ’ਚ ਹਰਭਜਨ ਮਾਨ ਮੁੱਖ ਕਿਰਦਾਰ ’ਚ ਨਜ਼ਰ ਆਉਣਗੇ। ਦੋਵਾਂ ਦੀ ਜੋੜੀ ਨੂੰ ਲੋਕਾਂ ਨੇ ਬਹੁਤ ਜ਼ਿਆਦਾ ਪਿਆਰ ਦਿੱਤਾ ਹੈ। ‘ਜੀ ਆਇਆਂ ਨੂੰ’, ‘ਅਸਾਂ ਨੂੰ ਮਾਣ ਵਤਨਾਂ ਦਾ’, ‘ਦਿਲ ਆਪਣਾ ਪੰਜਾਬੀ’, ‘ਮਿੱਟੀ ’ਵਾਜ਼ਾਂ ਮਾਰਦੀ’ ਤੇ ‘ਮੇਰਾ ਪਿੰਡ ਮਾਈ ਹੋਮ’ ਤੋਂ ਬਾਅਦ ਇਹ ਜੋੜੀ ਹੁਣ ‘ਪੀਆਰ’ ਦੇ ਰੂਪ ’ਚ ਇਕ ਹੋਰ ਸ਼ਾਨਦਾਰ ਫਿਲਮ ਲੈ ਕੇ ਆਈ ਹੈ।




ਹਰਭਜਨ ਮਾਨ ਦਾ ਕਹਿਣਾ ਹੈ ਕਿ ਜੋ ਮਾਪੇ ਆਪਣੇ ਬੱਚਿਆਂ ਨੂੰ ਬਾਜ਼ਾਰ ਭੇਜਣ ਤੋਂ ਵੀ ਡਰਦੇ ਸਨ, ਉਹ ਹੁਣ ਆਪਣੇ ਬੱਚਿਆਂ ਨੂੰ ਆਪਣੀਆਂ ਨਜ਼ਰਾਂ ਤੋਂ ਦੂਰ ਸੱਤ ਸਮੁੰਦਰੋਂ ਪਾਰ ਭੇਜਣ ਲਈ ਵੀ ਤਿਆਰ ਹਨ। ਇਸ ਪਿੱਛੇ ਕਈ ਕਾਰਨ ਹਨ। ਕਾਫ਼ੀ ਸਮੇਂ ਬਾਅਦ ਮਨਮੋਹਨ ਸਿੰਘ ਹੁਰਾਂ ਨਾਲ ਕੰਮ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਨ ਭਾਜੀ ਜਿਹੇ ਸੁਲਝੇ ਫਿਲਮਸਾਜ਼ ਨਾਲ ਕੰਮ ਕਰ ਕੇ ਬਹੁਤ ਵਧੀਆ ਲੱਗਦਾ ਹੈ ਤੇ ਕਾਫ਼ੀ ਕੁਝ ਸਿੱਖਣ ਨੂੰ ਵੀ ਮਿਲਦਾ ਹੈ।

‘ਪੀਆਰ’ ਰਾਹੀਂ ਪੰਜਾਬੀ ਸਿਨੇਮਾ ਨੂੰ ਇਕ ਨਵੀਂ ਅਦਾਕਾਰਾ ਮਿਲੀ ਹੈ। ਜਰਮਨੀ ਦੀ ਜੰਮਪਲ ਦਿਲਬਰ ਆਰੀਆ ਨੂੰ ਮਨਮੋਹਨ ਸਿੰਘ ਇਸ ਫਿਲਮ ਰਾਹੀਂ ਲਾਂਚ ਕਰ ਰਹੇ ਹਨ। ਮਨਮੋਹਨ ਸਿੰਘ ਹੁਰਾਂ ਦੀ ਪ੍ਰੇਰਣਾ ਨਾਲ ਉਨ੍ਹਾਂ ਨੇ ਬੜੀ ਛੇਤੀ ਪੰਜਾਬੀ ਬੋਲਣੀ ਸਿੱਖ ਲਈ ਹੈ। ਪਹਿਲਾਂ ਉਹ ਗੁਰੂ ਰੰਧਾਵਾ ਦੇ ਗੀਤ ‘ਡਾਊਨਟਾਊਨ’ ਤੇ ਗੁਰਅਸੀਸ ਸਿੰਘ ਦੇ ਗੀਤ ‘ਓ ਓ ਜਾਨੇ ਜਾਨਾ’ ਦੇ ਵੀਡੀਓ ’ਚ ਨਜ਼ਰ ਆ ਚੁੱਕੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਭਜਨ ਮਾਨ ਨੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਸਹਿਯੋਗ ਦਿੱਤਾ ਹੈ ਤੇ ਉਹ ਅੱਗੇ ਹੋਰ ਵੀ ਪੰਜਾਬੀ ਫਿਲਮਾਂ ਦਾ ਹਿੱਸਾ ਬਣਨ ਦੀ ਚਾਹਵਾਨ ਹੈ।

ਹਰਭਜਨ ਮਾਨ ਦਾ ਕਹਿਣਾ ਹੈ ਕਿ ਅਦਾਕਾਰੀ ਦੇ ਖੇਤਰ ਵਾਲੇ ਇਨਸਾਨ ਦੇ ਮੁੱਖ ਮੰਤਰੀ ਬਣਨ ਨਾਲ ਕਲਾ ਖੇਤਰ ਨੂੰ ਵੀ ਨਵੀਂ ਆਸ ਜਾਗੀ ਹੈ। ਕਲਾ ਖੇਤਰ ’ਚੋਂ ਹੋਣ ਕਰ ਕੇ ਭਗਵੰਤ ਮਾਨ ਕਲਾ ਤੇ ਸੱਭਿਆਚਾਰ ਦੇ ਖੇਤਰ ’ਚ ਵਧੀਆ ਕੰਮ ਕਰਨਗੇ, ਇਹ ਉਮੀਦ ਹੀ ਨਹੀਂ ਸਗੋਂ ਯਕੀਨ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਸੱਭਿਆਚਾਰਕ ਪ੍ਰਦੂਸ਼ਣ ਦੇ ਖ਼ਾਤਮੇ ਲਈ ਜੋ ਸਖ਼ਤ ਕਦਮ ਚੁੱਕੇ ਹਨ, ਉਨ੍ਹਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

ਕੁਝ ਸਮਾਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਰਦੂਲ ਸਿਕੰਦਰ ਦਾ ਵੀ ਫਿਲਮ ‘ਪੀਆਰ’ ’ਚ ਬੜਾ ਖ਼ਾਸ ਕਿਰਦਾਰ ਹੈ ਤੇ ਉਨ੍ਹਾਂ ਨਾਲ ਅਮਰ ਨੂਰੀ ਵੀ ਪਰਦੇ ’ਤੇ ਨਜ਼ਰ ਆਉਣਗੇ। ਨੂਰੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਫਿਲਮ ’ਚ ਕੰਮ ਕਰ ਕੇ ਬਹੁਤ ਸਕੂਨ ਮਿਲਿਆ ਹੈ। ਸਰਦੂਲ ਸਿਕੰਦਰ ਹੁਰਾਂ ਨੂੰ ਇਸ ਫਿਲਮ ਦਾ ਹਿੱਸਾ ਬਣਨ ਦੀ ਬਹੁਤ ਖ਼ੁਸ਼ੀ ਸੀ। ਇਸ ਫਿਲਮ ’ਚ ਕਰਮਜੀਤ ਅਨਮੋਲ, ਕੰਵਲਜੀਤ ਸਿੰਘ ਵੀ ਬੜੇ ਅਹਿਮ ਕਿਰਦਾਰਾਂ ’ਚ ਨਜ਼ਰ ਆਉਣਗੇ।

# ਬਿਨਾਂ ਯੱਕਿਆਂ ਦੇ ਬਾਜ਼ੀ ਜਿੱਤਣ ਵਾਲਾ : ਸਾਗਰ ਸਰਹੱਦੀ



ਅਜੈ ਤਨਵੀਰ

ਕੁਝ ਲੋਕ ਆਪਣੇ ਪੈਰਾਂ 'ਤੇ ਤੁਰਦੇ ਹਨ। ਪਰ ਕੁਝ ਲੋਕ ਆਪਣੇ ਸਿਰ 'ਤੇ ਤੁਰਦੇ ਹਨ। ਆਪਣੇ ਸਿਰ 'ਤੇ ਤੁਰਨ ਵਾਲੇ ਮੰਜ਼ਿਲ ਵੱਲ ਨਹੀਂ ਵੇਖਦੇ ਸਗੋਂ ਮੰਜ਼ਿਲ ਉਨ੍ਹਾਂ ਵੱਲ ਵੇਖਦੀ ਹੈ। ਜਿਨ੍ਹਾਂ ਅੰਦਰ ਕੁਝ ਕਰਨ ਦਾ ਜਜ਼ਬਾ ਹੋਵੇ ਉਨ੍ਹਾਂ ਦੇ ਠੋਸ ਇਰਾਦੇ ਕਦੇ ਵੀ ਪਾਰੇ ਵਾਂਗ ਨਹੀਂ ਡੋਲਦੇ। ਹੁਨਰਮੰਦ ਲੋਕਾਂ ਦੀ ਅੱਖ ਨੂੰ ਤਾਂ ਸੁੱਤੀ ਹੋਈ ਝੀਲ ਵਿੱਚ ਵੀ ਦੋ ਚੰਦ ਦਿਸਦੇ ਹਨ। ਇਹ ਹੁਨਰ ਹਰ ਕਿਸੇ ਦੇ ਹਿੱਸੇ ਵਿੱਚ ਨਹੀਂ ਆਉਂਦਾ। ਪਰ ਇਹ ਹੁਨਰ ਸਰਹੱਦੀ ਸਾਹਿਬ ਦੇ ਹਿੱਸੇ ਜ਼ਰੂਰ ਆਇਆ ਸੀ।

ਸਰਦੂਲ ਸਿਕੰਦਰ ਦਾ ਗੀਤ 'ਸੂਰਮਾ' ਜਦ ਵੀ ਸੁਣਨਾ ਤਾਂ ਇਕ ਲਾਈਨ ਗੀਤ ਵਿੱਚ ਆਉਣੀ, 'ਸਰਹੱਦੀ ਨੇ ਫ਼ਿਲਮ ਬਣਾਈ ਨਾਂ ਹੈ ਵਗਦੇ ਪਾਣੀ।'

ਮਨ ਹੀ ਮਨ ਵਿੱਚ ਸੋਚਣਾ ਕਿ ਇਹ ਗੀਤ ਤਾਂ ਫ਼ਕੀਰ ਮੌਲੀਵਾਲੇ ਦਾ ਲਿਖਿਆ ਹੋਇਆ ਹੈ, ਫਿਰ ਇਸ ਵਿਚ ਸਰਹੱਦੀ ਦਾ ਨਾਂ ਕਿਉਂ ਆਉਂਦਾ ਹੈ। ਖ਼ੁਦ ਨੂੰ ਸਵਾਲ ਕਰਕੇ ਖ਼ੁਦ ਹੀ ਜਵਾਬ ਦੇਣਾ ਕਿ ਸ਼ਾਇਦ ਅੱਧਾ ਗੀਤ ਸਰਹੱਦੀ ਨੇ ਲਿਖਿਆ ਹੋਵੇ। ਪਰ ਚੈਨ ਕਿੱਥੇ ਆਉਂਦੀ ਘੋਖੀ ਨਜ਼ਰ ਨੂੰ? ਹੌਲੀ ਹੌਲੀ ਉਲਝੀ ਹੋਈ ਤਾਣੀ ਦਾ ਸਿਰਾ ਲੱਭਣ ਲੱਗਾ। ਪਤਾ ਲੱਗਾ ਇਹ 'ਸਾਗਰ ਸਰਹੱਦੀ' ਹੈ। ਫ਼ਿਲਮ ਇੰਡਸਟਰੀ ਵਿੱਚ ਇਸ ਦਾ ਬਹੁਤ ਵੱਡਾ ਨਾਂ ਹੈ। ਇਹ ਹਿੰਦੀ ਫ਼ਿਲਮਾਂ ਦੇ ਨਾਲ ਨਾਲ ਪੰਜਾਬੀ ਫ਼ਿਲਮਾਂ ਤੇ ਵੀ ਕੰਮ ਕਰ ਰਿਹਾ ਹੈ। ਆਪਣੀ ਪੰਜਾਬੀ ਮਾਂ ਬੋਲੀ ਨਾਲ ਇਸ ਦਾ ਗੂੜ੍ਹਾ ਰਿਸ਼ਤਾ ਹੀ ਨਹੀਂ ਅੰਤਾਂ ਦਾ ਮੋਹ ਵੀ ਹੈ। ਪਰ ਜਦੋਂ ਮੁਕੱਦਰਾਂ ਨੂੰ ਗ੍ਰਹਿਣ ਲੱਗ ਜਾਵੇ ਫਿਰ ਸ਼ਕੰਜਵੀ ਵੀ ਜ਼ਹਿਰ ਬਣ ਜਾਂਦੀ ਹੈ। ਪੰਜਾਬੀ ਸਿਨੇਮੇ ਦੀ ਇਹ ਬਦਕਿਸਮਤੀ ਰਹੀ ਹੈ ਕਿ ਜਦੋਂ ਵੀ ਪਤੰਗ ਸਿਖਰ ਤੇ ਗਈ ਤਾਂ ਡੋਰ ਟੁੱਟ ਗਈ। ਇਸ ਤਰ੍ਹਾਂ 'ਵਗਦੇ ਪਾਣੀ' ਫ਼ਿਲਮ ਪਰਦੇ ਦਾ ਸ਼ਿੰਗਾਰ ਨਾ ਬਣ ਸਕੀ, ਸਿਰਫ਼ ਬੁੱਲ੍ਹਾਂ ਤੇ ਚਰਚਾ ਦਾ ਵਿਸ਼ਾ ਹੀ ਬਣੀ ਰਹੀ। ਕਈ ਵਾਰੀ ਸਫ਼ਲਤਾ ਤੁਹਾਡੇ ਕੋਲ ਦੀ ਗੁਜ਼ਰ ਜਾਂਦੀ ਹੈ। ਅਸੀਂ ਧਿਆਨ ਵਿੱਚ ਹੁੰਦੇ ਹੋਏ ਵੀ ਬੇਧਿਆਨੇ ਹੁੰਦੇ ਹਾਂ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸਰਹੱਦੀ ਸਾਹਿਬ ਨੇ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਨਾਲ ਮਿਲ ਕੇ ਪੰਜਾਬੀ ਫ਼ਿਲਮ ਬਣਾਉਣ ਦਾ ਖ਼ਾਬ ਲਿਆ ਸੀ ਪਰ ਉਸ ਖ਼ਾਬ ਨੂੰ ਬੂਰ ਨਾ ਪਿਆ। ਇਸ ਫ਼ਿਲਮ ਦਾ ਹੀਰੋ ਉਹ ਰੰਗ-ਮੰਚ ਦੇ ਅਦਾਕਾਰ ਸੁਖਦੇਵ ਪ੍ਰੀਤ ਨੂੰ ਲੈਣਾ ਚਾਹੁੰਦੇ ਸਨ ਪਰ ਸੁਖਦੇਵ ਪ੍ਰੀਤ ਦਾ ਇਨਸਾਨੀਅਤ ਦੇ ਦੁਸ਼ਮਣਾਂ ਨੇ ਕਤਲ ਕਰ ਦਿੱਤਾ ਸੀ। ਸਰਹੱਦੀ ਸਾਹਿਬ ਕਹਿੰਦੇ ਸਨ ਕਿ ਅਜੇ ਤਾਂ ਸੰਤਾਲੀ ਦੀ ਵੰਡ ਦੇ ਜ਼ਖ਼ਮ ਨਾਸੂਰ ਬਣ ਕੇ ਰਿਸ ਰਹੇ ਸਨ ਅਤੇ ਉੱਤੋਂ ਚੁਰਾਸੀ ਦੇ ਜ਼ਖ਼ਮਾਂ ਨੇ ਸਾਰਾ ਸਰੀਰ ਹੀ ਨਾਸੂਰ ਬਣਾ ਦਿੱਤਾ। ਸੰਤਾਲੀ ਦੀ ਵੰਡ ਅਤੇ ਚੁਰਾਸੀ ਦੇ ਦੁਖਾਂਤ ਨੇ ਸਰਹੱਦੀ ਸਾਹਿਬ ਨੂੰ ਅੰਦਰੋਂ ਪੂਰੀ ਤਰਾਂ ਛਲਨੀ ਕਰ ਦਿੱਤਾ ਸੀ। ਉਹ ਆਪਣੇ ਅੰਦਰ ਦੇ ਦਰਦ ਨੂੰ ਬਾਹਰ ਕੱਢਣਾ ਚਾਹੁੰਦੇ ਸਨ। ਉਹ ਚੁਰਾਸੀ ਦੇ ਦੁਖਾਂਤ ਤੇ ਵੀ ਫ਼ਿਲਮ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਪਰ ਕੋਈ ਵੀ ਪੈਸਾ ਲਾਉਣ ਨੂੰ ਤਿਆਰ ਨਹੀਂ ਸੀ ਜਦ ਕਿ ਅਮੀਰ ਤੋਂ ਅਮੀਰ ਵਿਅਕਤੀ ਵੀ ਇਸ ਦਰਦ ਨੂੰ ਆਪਣਾ ਦਰਦ ਸਮਝਦੇ ਸਨ ਪਰ ਸਿਰਫ਼ ਤੇ ਸਿਰਫ਼ ਉਤਲੇ ਮਨੋਂ ਹੀ। ਬਾਕੀ ਸਰਹੱਦੀ ਸਾਹਿਬ ਨੂੰ ਇਹ ਵੀ ਪਤਾ ਸੀ ਕਿ ਇਹ ਜੋ ਸਾਡੀ ਸੈਂਸਰ ਬੋਰਡ ਹੈ ਇਹ ਕਿੰਨੀ ਕੁ ਇਮਾਨਦਾਰੀ ਨਾਲ ਕੰਮ ਕਰਦੀ ਹੈ। ਇਸ ਕੁਲਹਿਣੇ ਵਕਤ ਨੇ ਇਕ ਵਾਰ ਫਿਰ ਪੰਜਾਬੀ ਸਿਨੇਮੇ ਨੂੰ ਬਦਕਿਸਮਤੀ ਦੇ ਹਨੇਰੇ ਵੱਲ ਧੱਕ ਦਿੱਤਾ ਜਿੱਥੋਂ ਸਰਘੀ ਵੇਲਾ ਦਿਸਣ ਦੀ ਕੋਈ ਆਸ ਨਹੀਂ ਸੀ।


ਸਾਗਰ ਸਰਹੱਦੀ ਹੁਰਾਂ ਦਾ ਅਸਲ ਨਾਂ ਗੰਗਾ ਸਾਗਰ ਤਲਵਾਰ ਸੀ। ਉਨ੍ਹਾਂ ਦਾ ਜਨਮ 11 ਮਈ, 1933 ਨੂੰ ਜ਼ਿਲ੍ਹਾ ਪਿਸ਼ਾਵਰ ਦੇ ਪਿੰਡ ਬਾਫਾ ਵਿੱਚ (ਹੁਣ ਪਾਕਿਸਤਾਨ ਵਿੱਚ) ਪਿਤਾ ਥਾਨ ਸਿੰਘ ਤਲਵਾਰ ਤੇ ਮਾਤਾ ਪ੍ਰੇਮ ਦੇਵੀ ਦੇ ਘਰ ਹੋਇਆ। ਸਾਰਾ ਪਿੰਡ ਆਪਸੀ ਮੋਹ ਪਿਆਰ ਵਿੱਚ ਘੁੱਗ ਵਸਦਾ ਸੀ। ਇਸ ਇਲਾਕੇ ਦੀ ਇਹ ਵੀ ਖ਼ਾਸੀਅਤ ਸੀ ਕਿ ਇਹ ਪਿੰਡ ਹਰੀਆਂ ਭਰੀਆਂ ਪਹਾੜੀਆਂ ਦੀ ਗੋਦ ਵਿੱਚ ਵਸਿਆ ਸੀ। ਸਰਹੱਦੀ ਸਾਹਿਬ ਦਰਿਆ ਦੇ ਕੰਢੇ ਮਿੱਤਰਾਂ ਨਾਲ ਖ਼ੂਬ ਮਸਤੀ ਕਰਦੇ। ਸ਼ੁਰੂ ਦੀ ਪੜ੍ਹਾਈ ਪਿੰਡ ਹੀ ਕੀਤੀ। ਪਿੰਡ ਵਿੱਚ ਇਨ੍ਹਾਂ ਦਾ ਚੰਗਾ ਕਾਰੋਬਾਰ ਸੀ। ਭਾਰਤ ਦੀ ਅਜ਼ਾਦੀ ਦੇ ਖ਼ਾਬ ਵੇਖਣ ਵਾਲ਼ਿਆਂ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦੇਸ਼ ਦੋ ਟੁਕੜਿਆਂ ਵਿੱਚ ਵੰਡਿਆ ਜਾਵੇਗਾ। ਪਰ ਸਮੇਂ ਦੀ ਮਾਰ ਜਦੋਂ ਪੈਂਦੀ ਹੈ ਤਾਂ ਵੱਡੇ ਵੱਡੇ ਤਖ਼ਤਾਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਦੇਸ਼ ਦੀ ਅਜ਼ਾਦੀ ਦਾ ਦੇਸ਼ ਵਾਸੀਆਂ ਅੰਦਰ ਬੜਾ ਜੋਸ਼ ਸੀ। ਉਤਸ਼ਾਹ ਉਮੰਗ ਨਾਲ ਹਰ ਕਿਸੇ ਦੀ ਰੀਝ ਅੰਗੜਾਈ ਲੈ ਰਹੀ ਸੀ। ਪਰ ਦੁਸ਼ਮਣਾਂ ਨੇ ਭਾਰਤ ਦੀ ਹਿੱਕ ਉੱਪਰ ਐਸੀ ਲੀਕ ਵਾਹ ਦਿੱਤੀ ਸੀ ਕਿ ਧਰਤੀ ਇਨਸਾਨੀ ਲਹੂ ਨਾਲ ਲੱਥ-ਪੱਥ ਕਰ ਦਿੱਤੀ। ਭਰਾ ਭੈਣ ਦਾ ਦੁਸ਼ਮਣ, ਪੁੱਤ ਮਾਂ ਦਾ ਦੁਸ਼ਮਣ, ਪਿਉ ਧੀ ਦਾ ਦੁਸ਼ਮਣ। ਇਸ ਅਣਮਨੁੱਖੀ ਵਰਤਾਰੇ ਨੇ ਸਰਹੱਦੀ ਸਾਹਿਬ ਦੀ ਰੂਹ ਵਲੂੰਧਰ ਕੇ ਰੱਖ ਦਿੱਤੀ। ਉਨ੍ਹਾਂ ਦੀ ਆਤਮਾ ਕੁਰਲਾ ਉੱਠੀ। ਸਾਗਰ ਸਰਹੱਦੀ ਹੁਰਾਂ ਦਾ ਸਾਰਾ ਪਰਿਵਾਰ ਰਫ਼ਿਊਜੀ ਕੈਂਪਾਂ ਵਿੱਚ ਥਾਂ ਥਾਂ ਧੱਕੇ ਖਾਂਦਾ ਰਿਹਾ। ਕਦੇ ਕਿਤੇ, ਕਦੇ ਕਿਤੇ। ਮੰਜ਼ਲ ਦੀ ਗੱਲ ਤਾਂ ਦੂਰ, ਸਿਰ ਢਕਣ ਦਾ ਵੀ ਕੋਈ ਹੀਲਾ ਵਸੀਲਾ ਨਹੀਂ ਸੀ। ਉਹ ਆਖਦੇ ਹਨ ਕਿ ਆਖ਼ਰ ਵਿੱਚ ਉਨ੍ਹਾਂ ਦਾ ਸਾਰਾ ਪਰਿਵਾਰ ਦਿੱਲੀ ਪਹੁੰਚ ਗਿਆ। ਉਹ ਦਿੱਲੀ ਦੇ ਕਿੰਗਸਵੇ ਇਲਾਕੇ ਵਿੱਚ ਆ ਕੇ ਵੱਸ ਗਏ। ਸਮੇਂ ਦੀ ਡੋਰ ਕਦੇ ਵੀ ਕਿਸੇ ਦੇ ਹੱਥ ਨਹੀਂ ਆਉਂਦੀ। ਹੱਥ 'ਚੋਂ ਖਿਸਕਦੀ ਖਿਸਕਦੀ ਖਿਸਕ ਹੀ ਜਾਂਦੀ ਹੈ। ਉਨ੍ਹਾਂ ਦੇ ਮਨ ਵਿੱਚ ਇਕ ਗੱਲ ਵਾਰ ਵਾਰ ਖੌਰੂ ਪਾਉਂਦੀ ਕਿ ਇਹ ਲੋਕ ਕੌਣ ਹਨ ਜਿਨ੍ਹਾਂ ਨੂੰ ਸਾਡੇ ਹੱਸਦੇ ਵਸਦੇ ਘਰ ਉਜਾੜਨ ਦਾ ਅਧਿਕਾਰ ਹੈ? ਆਦਮੀ ਹੀ ਆਦਮੀ ਨੂੰ ਰਫ਼ਿਊਜੀ ਕਿਉਂ ਬਣਾ ਰਿਹਾ ਹੈ? ਇਸ ਦੁਖਾਂਤ ਨੇ ਉਨ੍ਹਾਂ ਦਾ ਸੁਭਾਅ ਬਹੁਤ ਚਿੜਚਿੜਾ ਬਣਾ ਦਿੱਤਾ ਸੀ।

ਜਦੋਂ ਉਹ ਦਿੱਲੀ ਰਹਿੰਦੇ ਸਨ, ਦੀਵਾਲੀ ਦਾ ਤਿਉਹਾਰ ਆਇਆ। ਇਸ ਤਿਉਹਾਰ ਨੂੰ ਹਰ ਧਰਮ ਦੇ ਲੋਕ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਉਸ ਦਿਨ ਸਭ ਲੋਕ ਆਪਣੇ ਘਰਾਂ ਚ ਦੀਪ ਮਾਲਾ ਕਰ ਰਹੇ ਸਨ। ਪਰ ਸਰਹੱਦੀ ਸਾਹਿਬ ਆਪਣੇ ਘਰ ਦੀ ਕੰਧ ਉੱਤੇ ਇਹ ਸ਼ੇਅਰ ਲਿਖ ਰਹੇ ਸਨ :

ਕੈਦੇ-ਹਯਾਤੋ-ਬੰਦੇ-ਗ਼ਮ ਅਸਲ ਮੇਂ ਦੋਨੋਂ ਏਕ ਹੈਂ

ਇਹ ਲਾਈਨ ਗ਼ਲਿਬ ਦੇ ਇਕ ਸ਼ੇਅਰ ਦੀ ਪਹਿਲੀ ਲਾਈਨ ਹੈ ਅਤੇ ਇਸ ਸ਼ੇਅਰ ਦੀ ਦੂਜੀ ਲਾਈਨ ਹੈ :

ਮੌਤ ਸੇ ਪਹਿਲੇ ਆਦਮੀ ਗ਼ਮ ਸੇ ਨਿਜਾਤ ਪਾਯੇ ਕਯੋਂ?



ਸਾਗਰ ਸਰਹੱਦੀ



ਗੱਲਬਾਤ ਸਮੇਂ ਸਰਹੱਦੀ

ਸਰਹੱਦੀ ਸਾਹਿਬ ਨੂੰ ਇਹ ਸ਼ੇਅਰ ਲਿਖਦੇ ਸਮੇਂ ਉਨ੍ਹਾਂ ਦੇ ਭਰਾ ਨੇ ਵੇਖ ਲਿਆ। ਇਨ੍ਹਾਂ ਦਾ ਭਰਾ ਇਨ੍ਹਾਂ ਤੋਂ ਤਕਰੀਬਨ ਪੰਦਰਾਂ ਸਾਲ ਵੱਡਾ ਸੀ। ਉਸ ਨੇ ਕਿਹਾ, "ਅੱਜ ਖੁਸ਼ੀ ਕਾ ਦਿਨ ਹੈ। ਆਪ ਕਿਆ ਲਿਖ ਰਹੇ ਹੋ? ਆਪ ਕਾ ਦਿਮਾਗ਼ ਠੀਕ ਹੈ ਜਾਂ ਫਿਰ ...?" ਸਰਹੱਦੀ ਸਾਹਿਬ ਕਹਿਣ ਲੱਗੇ, "ਪਤਾ ਨਈਂ ਯੇਹ ਮੈਂ ਕਿਉਂ ਲਿਖ ਰਹਾ ਹੂੰ।"

ਸਰਹੱਦੀ ਸਾਹਿਬ ਨੇ ਕਈ ਫ਼ਿਲਮਾਂ ਦੀਆਂ ਕਹਾਣੀਆਂ ਲਿਖੀਆਂ। ਉਨ੍ਹਾਂ ਫ਼ਿਲਮਾਂ ਨੇ ਦਰਸ਼ਕਾਂ ਦੇ ਦਿਲਾਂ ਤੇ ਰੱਜ ਕੇ ਰਾਜ ਕੀਤਾ। ਉਨ੍ਹਾਂ ਦੀ ਕਲਮ ਪੱਥਰ ਤੇ ਫੁੱਲ ਲਿਖ ਦੇਵੇ ਤਾਂ ਪੱਥਰ ਵੀ ਮਹਿਕਣ ਲੱਗ ਪੈਂਦਾ ਸੀ। ਉਨ੍ਹਾਂ ਦੀਆਂ ਗੱਲਾਂ ਵਿੱਚ ਬਾਤਾਂ ਅਤੇ ਬਾਤਾਂ ਵਿੱਚ ਕਹਾਣੀਆਂ ਸਨ। ਇਨ੍ਹਾਂ ਕਹਾਣੀਆਂ ਵਿੱਚ ਲੁਕਿਆ ਅਵਾਮ ਦਾ ਦਰਦ ਅਤੇ ਹਰ ਔਰਤ ਦੀ ਪੀੜ ਸੀ ਜਿਸ ਦਾ ਜ਼ਿਕਰ ਹਰ ਫ਼ਿਲਮ ਵਿੱਚ ਕਿਤੇ ਨਾ ਕਿਤੇ ਜ਼ਰੂਰ ਨਜ਼ਰ ਆਉਂਦਾ ਸੀ।

ਇਹ ਠੀਕ ਹੈ ਕਿ ਉਨ੍ਹਾਂ ਨੇ ਆਪਣੇ ਨਾਂ ਨਾਲ ਸਰਹੱਦੀ ਤਖ਼ੱਲਸ ਸਰਹੱਦ ਨਾਲ ਲੱਗਦੇ ਪਿੰਡ ਕਰਕੇ ਜਾਂ ਇਲਾਕੇ ਕਰਕੇ ਲਾਇਆ ਪਰ ਜਦੋਂ ਉਹ ਦਸਵੀਂ ਕਲਾਸ ਵਿੱਚ ਪੜ੍ਹਦੇ ਸਨ ਉਸ ਵਕਤ ਤੋਂ ਹੀ ਉਨ੍ਹਾਂ ਤੇ ਫ਼ਿਲਮਕਾਰ ਜੀਆ ਸਰਹੱਦੀ ਦਾ ਬਹੁਤ ਹੀ ਪ੍ਰਭਾਵ ਸੀ। ਜੀਆ ਸਰਹੱਦੀ ਹੁਰਾਂ ਦੀ ਹਰ ਫ਼ਿਲਮ ਦਾ ਕਰੈਕਟਰ ਉਨ੍ਹਾਂ ਦੇ ਅੰਦਰ ਘਰ ਕਰ ਜਾਂਦਾ ਸੀ। ਸਰਹੱਦੀ ਤਖ਼ੱਲਸ ਦਾ ਉਨ੍ਹਾਂ ਨਾਲ ਜੁੜਨਾ ਸਭ ਤੋਂ ਵੱਡਾ ਕਾਰਨ ਇਹ ਵੀ ਸੀ। ਜੀਆ ਸਰਹੱਦੀ ਹੁਰਾਂ ਦੀ ਉਹ ਹਰ ਫ਼ਿਲਮ ਵੇਖਦੇ ਸਨ।

ਉਹ ਆਖਦੇ, "ਮੈਂ ਸ਼ਰਾਬ ਬਹੁਤ ਪੀਂਦਾ ਸੀ। ਕਈ ਵਾਰ ਐਨੀ ਪੀ ਲੈਂਦਾ ਸੀ ਕਿ ਕਦੇ ਰਸਤੇ 'ਚ ਡਿਗ ਪੈਣਾ, ਕਦੇ ਨਾਲ਼ੇ 'ਚ ਡਿਗ ਪੈਣਾ। ਇਕ ਦਿਨ ਸ਼ਰਾਬ ਪੀਂਦੇ ਸਮੇਂ ਮੈਨੂੰ ਕੁਝ ਲਾਈਨਾਂ ਯਾਦ ਆਈਆਂ। ਜਦੋਂ ਮੈਂ ਲਿਖਣ ਲੱਗਾ ਉਹ ਸਭ ਕੁਝ ਭੁੱਲ ਗਿਆ। ਫਿਰ ਮਹਿਸੂਸ ਕੀਤਾ ਕਿ ਇਸ ਤਰਾਂ ਗੱਡੀ ਨਹੀਂ ਚੱਲਣੀ। ਅਗਰ ਗੱਡੀ ਚੱਲ ਵੀ ਪਈ ਤਾਂ ਮੰਜ਼ਿਲ ਤੇ ਨਹੀਂ ਜਾਵੇਗੀ। ਮੇਰੇ ਵਾਂਗ ਰਸਤੇ 'ਚ ਹੀ ਮੀਲ ਪੱਥਰ ਵਾਂਗ ਖੜੀ ਰਹੇਗੀ। ਉਸ ਦਿਨ ਤੋਂ ਬਾਅਦ ਮੈਂ ਨਾ ਸ਼ਰਾਬ ਪੀਤੀ, ਨਾ ਮੀਟ ਖਾਧਾ। ਹੁਣ ਤਾਂ ਮੈਂ ਕੱਟੇ ਹੋਏ ਬੱਕਰੇ ਨੂੰ ਵੇਖ ਕੇ ਰੋ ਪੈਂਦਾ ਹਾਂ। ਇਕ ਬਹੁਤ ਹੀ ਵੱਡੇ ਥਿੰਕਰ ਨੇ ਕਿਹਾ ਹੈ ਕਿ ਗ਼ਮ ਨੂੰ ਦੂਰ ਕਰਨ ਲਈ ਸ਼ਰਾਬ ਨਹੀਂ ਚੰਗੇ ਕੰਮ ਕਰੋ। ਇਕ ਹੋਰ ਸਾਈਕੌਲੋਜਿਸਟ ਯੁੰਗ ਨੇ ਆਖਿਆ ਹੈ ਕਿ ਹਰ ਆਦਮੀ ਦੇ ਅੰਦਰ ਤਿੰਨ ਹਜ਼ਾਰ ਸਭਿਅਤਾਵਾਂ ਹੁੰਦੀਆਂ ਹਨ। ਇਹ ਤੁਸੀਂ ਚੁਣਨਾ ਹੁੰਦਾ ਹੈ ਕਿ ਤੁਸੀਂ ਕੀ ਕਰਨਾ ਹੈ। ਤੁਸੀਂ ਕਿਸੇ ਵੀ ਕੰਮ ਨੂੰ ਸ਼ਿੱਦਤ ਨਾਲ ਕਰੋ, ਮਿਹਨਤ ਅਤੇ ਲਗਨ ਨਾਲ ਕਰੋ। ਇਕ ਦਿਨ ਜ਼ਰੂਰ ਕਾਮਯਾਬ ਹੋਵੋਗੇ।"

1976 ਵਿੱਚ ਸਰਹੱਦੀ ਨੂੰ ਯਸ਼ ਚੋਪੜਾ ਦੀ ਸੁਪਰਹਿੱਟ ਫ਼ਿਲਮ 'ਕਭੀ ਕਭੀ' ਲਿਖਣ ਦਾ ਸੁਭਾਗ ਪ੍ਰਾਪਤ ਹੋਇਆ। ਅਸਲ ਵਿੱਚ ਇਸ ਫ਼ਿਲਮ ਦੀ ਕਹਾਣੀ ਲਿਖਣ ਦਾ ਮੁੱਢ ਉਨ੍ਹਾਂ ਦੇ ਨਾਟਕ 'ਮਿਰਜ਼ਾ ਸਾਹਿਬਾਂ' ਅਤੇ 'ਮਸੀਹਾ' ਨੇ ਬੰਨ੍ਹਿਆ ਸੀ। ਇਸ ਫ਼ਿਲਮ ਵਿੱਚ ਅਹਿਮ ਰੋਲ ਸਰਹੱਦੀ ਸਾਹਿਬ ਦੇ ਭਤੀਜੇ ਰਮੇਸ਼ ਤਲਵਾਰ ਦਾ ਸੀ। ਉਹ ਯਸ਼ ਚੋਪੜਾ ਨਾਲ ਬਤੌਰ ਅਸਿਸਟੈਂਟ ਕੰਮ ਕਰ ਰਿਹਾ ਸੀ। ਇਹ ਨਾਟਕ ਬੰਬਈ ਵਿੱਚ ਜਦੋਂ ਯਸ਼ ਚੋਪੜਾ ਹੁਰਾਂ ਦੇਖਿਆ ਬੱਸ ਦੇਖਦੇ ਹੀ ਰਹਿ ਗਏ। ਉਨ੍ਹਾਂ ਨੇ ਰਮੇਸ਼ ਤਲਵਾਰ ਨੂੰ ਕਿਹਾ, "ਤੁਸੀਂ ਆਪਣੇ ਚਾਚਾ ਜੀ ਨਾਲ ਮੇਰੀ ਮੁਲਾਕਾਤ ਕਰਾਓ।" ਫਿਰ ਚੱਲ ਸੋ ਚੱਲ। ਯਸ਼ ਜੀ ਨੇ ਸਰਹੱਦੀ ਸਾਹਿਬ ਨੂੰ 'ਕਭੀ ਕਭੀ' ਫ਼ਿਲਮ ਲਿਖਣ ਦਾ ਸੱਦਾ ਦਿੱਤਾ। ਤਦੇ ਤਾਂ ਕਿਹਾ ਜਾਂਦਾ ਹੈ ਕਿ ਸੋਨੇ ਦੀ ਪਰਖ ਕਰਨ ਲਈ ਜੌਹਰੀ ਦੀ ਨਹੀਂ ਸਗੋਂ ਸਮਝ ਦੀ ਲੋੜ ਹੁੰਦੀ ਹੈ।

ਸਰਹੱਦੀ ਸਾਹਿਬ ਨੂੰ ਜੰਮੂ ਦੇ ਜ਼ਿਆਦਾ ਲੋਕ ਉਨ੍ਹਾਂ ਦੇ ਨਾਟਕ 'ਭੂਖੇ ਭਜਨ ਨਾ ਹੋਏ ਗੁਪਾਲਾ' ਕਰਕੇ ਵੀ ਜਾਣਦੇ ਸਨ। ਇਹ ਨਾਟਕ ਕਲਾ ਭਵਨ ਵਿੱਚ ਖੇਡਿਆ ਗਿਆ ਸੀ। ਇਸ ਨਾਟਕ ਨੂੰ ਬਹੁਤ ਹੀ ਸੀਨੀਅਰ ਨਿਰਦੇਸ਼ਕ

ਕਵੀ ਰਤਨ ਨੇ ਡਾਇਰੈਕਟ ਕੀਤਾ ਸੀ। ਅੱਜ ਵੀ ਲੋਕ ਇਸ ਨਾਟਕ ਦੇ ਦੀਵਾਨੇ ਹਨ।

ਸਰਹੱਦੀ ਸਾਹਿਬ ਨੇ ਬਹੁਤ ਨਾਟਕ ਪਲੇਅ ਕੀਤੇ। ਉਹ ਹਮੇਸ਼ਾ ਹੀ ਹਰ ਨਾਟਕ ਵਿੱਚ ਕਿਸੇ ਨਾ ਕਿਸੇ ਨਵੇਂ ਮੁੰਡੇ ਨੂੰ ਕੰਮ ਕਰਨ ਦਾ ਮੌਕਾ ਦਿੰਦੇ। ਉਨ੍ਹਾਂ ਨੇ ਆਪਣੇ ਨਾਟਕ 'ਮੇਰੇ ਦੇਸ਼ ਕਾ ਗਾਓਂ' ਵਿੱਚ ਰਾਜੇਸ਼ ਖੰਨਾ ਨੂੰ ਕੰਮ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਦਾ ਇਹ ਨਾਟਕ ਬਹੁਤ ਸਫਲ ਹੋਇਆ। ਇਸ ਨਾਟਕ ਨੇ ਸੱਤ ਐਵਾਰਡ ਜਿੱਤੇ। ਰਾਜੇਸ਼ ਖੰਨੇ ਦੇ ਘਰ ਅੱਗੇ ਡਾਇਰੈਕਟਰਾਂ ਦੀ ਲਾਈਨ ਲੱਗ ਗਈ ਸੀ।

ਸਰਹੱਦੀ ਸਾਹਿਬ ਹਰ ਕੰਮ ਇਮਾਨਦਾਰੀ ਨਾਲ ਕਰਦੇ ਸਨ। ਉਨ੍ਹਾਂ ਨੇ ਨਾਟਕ ਲਿਖੇ ਵੀ ਅਤੇ ਨਿਰਦੇਸ਼ਤ ਵੀ ਕੀਤੇ। ਉਨ੍ਹਾਂ ਦੇ ਪ੍ਰਸਿੱਧ ਨਾਟਕ ਮੇਰੇ ਦੇਸ਼ ਕੇ ਗਾਓਂ, ਖ਼ਿਆਲ ਕੀ ਦਸਤਕ, ਮਸੀਹਾ, ਮੈਂ ਆਸ਼ਾ ਹੋਤਾ ਹੂੰ, ਮਿਰਜ਼ਾ ਸਾਹਿਬਾਂ, ਭਗਤ ਸਿੰਘ ਕੀ ਵਾਪਸੀ, ਭੂਖੇ ਭਜਨ ਨਾ ਹੋਏ ਗੋਪਾਲਾ, ਅਸ਼ਫਾਕ ਉੱਲਾ, ਅਤੇ ਰਾਜ ਦਰਬਾਰ ਦੇਸ਼ ਭਰ ਵਿੱਚ ਖੇਡੇ ਗਏ।

ਜਦੋਂ 'ਕਭੀ ਕਭੀ' ਫ਼ਿਲਮ ਹਿੱਟ ਹੋਈ ਤਾਂ ਹਰ ਪਾਸੇ ਸਰਹੱਦੀ ਸਰਹੱਦੀ ਹੋਣ ਲੱਗੀ। ਹਰ ਵੱਡੇ ਹੀਰੋ ਅਤੇ ਵੱਡੇ ਨਿਰਦੇਸ਼ਕ ਦੀ ਮੰਗ ਸਰਹੱਦੀ ਸਾਹਿਬ ਹੀ ਸਨ। ਇਕ ਦਿਨ ਦਲੀਪ ਕੁਮਾਰ ਹੁਰਾਂ ਦਾ ਫ਼ੋਨ ਆਇਆ ਅਤੇ ਉਨ੍ਹਾਂ ਨੇ ਕਿਹਾ, "ਸਰਹੱਦੀ ਸਾਹਿਬ ਆਪ ਹਮਾਰੇ ਸਾਥ ਕਾਮ ਕਰੋਗੇ? ਆਪ ਹਮਾਰੇ ਲੀਏ ਕੋਈ ਅੱਛੀ ਰੁਮਾਂਟਿਕ ਫ਼ਿਲਮ ਲਿਖੋ।" ਸਰਹੱਦੀ ਸਾਹਿਬ ਚੁੱਪ-ਚਾਪ ਸਭ ਕੁਝ ਸੁਣ ਰਹੇ ਸਨ। ਦਲੀਪ ਕੁਮਾਰ ਹੁਰਾਂ ਕਿਹਾ, "ਆਪ ਬੋਲਤੇ ਕਿਉਂ ਨਹੀਂ?" ਸਰਹੱਦੀ ਸਾਹਿਬ ਨੇ ਕਿਹਾ, "ਹਮ ਬੋਲੇ ਤੋ ਤੁਮ ਨੇ ਕਹਿਨਾ ਹਮ ਜ਼ਿਆਦਾ ਬੋਲਤੇ ਹੈਂ। ਦਲੀਪ ਕੁਮਾਰ ਸਾਹਿਬ ਹਮ ਰਫ਼ਿਊਜੀ ਲੋਕ ਹੈਂ। ਹਰ ਵਾਰ ਰੁਮਾਂਟਿਕ ਫ਼ਿਲਮ ਨਹੀਂ ਲਿਖ ਸਕਤੇ। ਹਮਾਰੇ ਅੰਦਰ ਉਨ ਲੋਗੋਂ ਕਾ ਦਰਦ ਹੈ ਜੋ ਅਬ ਵੀ ਦਰ ਦਰ ਭਟਕਤੇ ਫਿਰ ਰਹੇ ਹੈਂ। ਆਪ ਲੋਗ ਉਨ ਲੋਗੋਂ ਕਾ ਦਰਦ ਨਹੀਂ ਸਮਝ ਸਕਤੇ। ਇਸ ਲੀਏ ਮੈਂ ਆਪ ਕੇ ਸਾਥ ਕਾਮ ਨਹੀਂ ਕਰ ਸਕਤਾ।"

'ਕਭੀ ਕਭੀ' ਫ਼ਿਲਮ ਦੇ ਡਾਇਲਾਗ ਸਭ ਦੀ ਜ਼ੁਬਾਨ ਤੇ ਅੱਜ ਮੁਹਾਰਨੀ ਬਣੇ ਹੋਏ ਹਨ। ਅਮਿਤਾਭ ਬਚਨ ਰਾਖੀ ਨੂੰ ਕਹਿੰਦਾ ਹੈ, "ਆਪ ਨੇ ਆਪਨੀ ਆਖੇਂ ਦੇਖੀ ਹੈਂ?" ਤੋ ਵੋਹ ਬੋਲੀ, "ਹਮਾਰੀ ਆਖੋਂ ਮੇਂ ਐਸੀ ਕਿਆ ਖ਼ਾਸ ਬਾਤ ਹੈ?" ਅਮਿਤਾਭ ਕਹਿਨੇ ਲਗੇ, "ਆਪ ਜਿਸ ਕੋ ਵੀ ਦੇਖ ਲੇਤੀ ਹੋ ਰਿਸ਼ਤਾ ਕਾਇਮ ਹੋ ਜਾਤਾ ਹੈ।"

ਇਕ ਥਾਂ ਸਰਹੱਦੀ ਸਾਹਿਬ ਜ਼ਿਕਰ ਕਰਦੇ ਹਨ ਕਿ 'ਕਭੀ ਕਭੀ' ਫ਼ਿਲਮ ਤੋਂ ਬਾਅਦ ਯਸ਼ ਜੀ ਸਲਮਾਂ ਆਗਾ ਨੂੰ ਲੈ ਕੇ ਇਕ ਫ਼ਿਲਮ ਬਣਾ ਰਹੇ ਸਨ। ਉਨ੍ਹਾਂ ਨੇ ਕਿਹਾ, "ਸਰਹੱਦੀ ਸਾਹਿਬ, ਆਪ ਅਬ ਇਸ ਕੀ ਆਖੋਂ ਪਰ ਕੁਝ ਲਿਖੋ।"

ਸਰਹੱਦੀ ਸਾਹਿਬ ਨੇ ਲਿਖਾ 'ਇਸ ਕੀ ਆਖੋਂ ਮੇਂ ਹਮੇਂ ਆਸਮਾਨ ਨਜ਼ਰ ਆਤਾ ਹੈ।' ਸਲਮਾਂ ਆਗਾ ਦੀਆਂ ਅੱਖਾਂ ਨੀਲੀਆਂ ਸਨ। ਇਸ ਵਾਕਿਆ ਤੋਂ ਬਾਅਦ ਸਰਹੱਦੀ ਸਾਹਿਬ ਸੋਚਣ ਲੱਗੇ, "ਅਗਰ ਹੁਣ ਯਸ਼ ਜੀ ਨੇ ਕਿਸੇ ਤੀਜੀ ਲੜਕੀ ਦੀਆਂ ਅੱਖਾਂ ਵਾਰੇ ਲਿਖਣ ਨੂੰ ਕਿਹਾ ਤਾਂ ਮੈਂ ਕਿਆ ਲਿਖੂੰਗਾ? ਮੈਂ ਇਕ ਰਫ਼ਿਊਜੀ ਆਦਮੀ ਹਾਂ। ਮੇਰੇ ਅੰਦਰ ਅਵਾਮ ਦਾ ਦਰਦ ਹੈ। ਇਸ ਲਈ ਮੈਂ ਹਰ ਵਾਰ ਔਰਤ ਦੇ ਹੁਸਨ ਅਤੇ ਅੱਖਾਂ ਦੀਆਂ ਬਾਤਾਂ ਨਹੀਂ ਪਾ ਸਕਦਾ।"

ਮੈਂ ਸਰਹੱਦੀ ਸਾਹਿਬ ਨੂੰ ਮਿਲਿਆ ਨਹੀਂ ਪਰ ਲਗਦਾ ਹੈ ਕਿ ਸਰਹੱਦੀ ਸਾਹਿਬ ਦੀਆਂ ਅੱਖਾਂ ਵੀ ਨੀਲੀਆਂ ਹੀ ਸਨ। ਉਹ ਜਦੋਂ ਵੀ ਕਿਤੇ ਆਪਣੀ ਮੁਹੱਬਤ ਦਾ ਜ਼ਿਕਰ ਕਰਦੇ ਤਾਂ ਆਖਦੇ, "ਮੇਰੀ ਜ਼ਿੰਦਗੀ ਵਿੱਚ ਘੱਟੋ ਘੱਟ ਵੀਹ ਕੁੜੀਆਂ ਆਈਆਂ। ਮੈਂ ਇਨ੍ਹਾਂ ਵੀਹ ਕੁੜੀਆਂ ਵਿੱਚੋਂ ਮੁਹੱਬਤ ਕਿਸੇ ਨੂੰ ਵੀ ਨਹੀਂ ਕਰ ਸਕਿਆ। ਉਹ ਮੇਰੇ ਵੱਡੇ ਨਾਂ ਅਤੇ ਤਨ ਤੱਕ ਹੀ ਸੀਮਤ ਰਹੀਆਂ। ਮੈਂ ਵੀ ਉਨ੍ਹਾਂ ਦੇ ਤਨ ਤੋਂ ਅੱਗੇ ਮਨ ਤੱਕ ਨਹੀਂ ਜਾ ਸਕਿਆ, ਪਤਾ ਨਹੀਂ ਕਿਉਂ। ਮੇਰੇ ਅਤੇ ਮੁਹੱਬਤ ਵਿੱਚ ਹਮੇਸ਼ਾ ਫ਼ਾਸਲਾ ਹੀ ਬਣਿਆ ਰਿਹਾ।"

ਆਖ਼ਰ ਵਿੱਚ ਇਕ ਹੋਰ ਕੁੜੀ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਈ। ਸਰਹੱਦੀ ਸਾਹਿਬ ਸੋਚਣ ਲੱਗੇ, "ਲਗਦਾ ਮੁਹੱਬਤ ਨੇ ਦਿਲ ਦੇ ਦਰ ਤੇ ਦਸਤਕ ਦਿੱਤੀ ਹੈ।" ਪਰ ਧੁੰਦ ਦੇ ਬੱਦਲ ਕਦੇ ਵੀ ਵਰ੍ਹਦੇ ਨਹੀਂ। ਲੰਮੇ ਸਫ਼ਰ ਤੋਂ ਬਾਅਦ ਇਕ ਦਿਨ ਉਹ ਕੁੜੀ ਕਹਿਣ ਲੱਗੀ, "ਮੈਂ ਹੁਣ ਜ਼ਿੰਦਗੀ ਵਿੱਚ ਸੈੱਟ ਹੋਣਾ ਚਾਹੁੰਦੀ ਹਾਂ।"

ਸਰਹੱਦੀ ਸਾਹਿਬ ਨੇ ਕਿਹਾ, "ਆਪ ਕੋ ਜ਼ਰੂਰ ਸੈੱਟ ਹੋਨਾ ਚਹੀਏ ਹਮ ਆਪ ਕੀ ਕਿਆ ਮਦਦ ਕਰ ਸਕਤੇ ਹੈਂ?"

ਉਹ ਕੁੜੀ ਬੋਲੀ, "ਆਪ ਹਮਾਰੀ ਸ਼ਾਦੀ ਮੇਂ ਜ਼ਰੂਰ ਆਨਾ।"

ਇਹ ਸੁਣ ਕੇ ਸਰਹੱਦੀ ਸਾਹਿਬ ਹੱਸ ਪਏ ਅਤੇ ਆਖਣ ਲੱਗੇ, "ਜ਼ਰੂਰ ਆਵਾਂਗਾ।"

ਉਸ ਰਾਤ ਤੋਂ ਬਾਅਦ ਜਾਣ ਸਮੇਂ ਉਹ ਕੁੜੀ ਆਖਣ ਲੱਗੀ, "ਆਪ ਮੇਰੇ ਬਿਨਾਂ ਕਿਆ ਕਰੋਗੇ?"

ਸਰਹੱਦੀ ਸਾਹਿਬ ਕਹਿਣ ਲੱਗੇ, "ਮੈਂ ਆਪ ਕੀ ਯਾਦ ਮੇਂ ਰੋਇਆ ਕਰਾਂਗਾ।"

ਬੱਸ ਉਹ ਹੀ ਹੋਇਆ ਜੋ ਪਹਿਲਾਂ ਹੋਇਆ ਸੀ। ਪੱਕੀ ਹੋਈ ਫ਼ਸਲ ਨੂੰ ਫਿਰ ਗੜਿਆਂ ਦੀ ਬਾਰਸ਼ ਨੇ ਤਬਾਹ ਕਰ ਦਿੱਤਾ ਸੀ। ਅੱਠ ਦਸ ਸਾਲ ਦੇ ਸਫ਼ਰ ਤੋਂ ਬਾਅਦ ਉਹ ਕੁੜੀ ਵੀ ਅਲਵਿਦਾ ਆਖ ਗਈ ਸੀ।

ਸਰਹੱਦੀ ਸਾਹਿਬ ਨੇ ਵਿਆਹ ਨਹੀਂ ਸੀ ਕਰਾਇਆ। ਸਾਰੀ ਜ਼ਿੰਦਗੀ ਇਕੱਲਿਆਂ ਹੀ ਬਿਤਾਈ ਸੀ। ਉਨ੍ਹਾਂ ਦਾ ਆਪਣਾ ਕੋਈ ਘਰ ਨਹੀਂ ਸੀ। ਉਹ ਤਕਰੀਬਨ ਸਾਰੀ ਉਮਰ ਆਪਣੇ ਭਤੀਜੇ ਰਮੇਸ਼ ਤਲਵਾਰ ਦੇ ਨਾਲ ਹੀ ਰਹੇ। ਰਮੇਸ਼ ਤਲਵਾਰ ਭਾਵੇਂ ਯਸ਼ ਚੋਪੜਾ ਜੀ ਦੇ ਸਹਾਇਕ ਡਾਇਰੈਕਟਰ ਸਨ ਪਰ ਉਨ੍ਹਾਂ ਨੇ ਡਾਇਰੈਕਸ਼ਨ ਦੇ ਸਾਰੇ ਗੁਣ ਆਪਣੇ ਚਾਚੇ ਸਰਹੱਦੀ ਸਾਹਿਬ ਕੋਲੋਂ ਹੀ ਸਿੱਖੇ ਸਨ। ਰਮੇਸ਼ ਤਲਵਾਰ ਦੇ ਛੋਟੇ ਭਰਾ ਵਿਜੇ ਤਲਵਾਰ ਨੇ ਵੀ ਡਇਰੈਕਸ਼ਨ ਵਿੱਚ ਵਧੀਆ ਨਾਮ ਕਮਾਇਆ ਹੈ।

ਸਾਗਰ ਸਰਹੱਦੀ ਸਾਹਿਬ ਦੀਆਂ ਕਈ ਆਮ ਗੱਲਾਂ ਯਾਦਾਂ ਬਣ ਕੇ ਰਹਿ ਗਈਆਂ ਹਨ। ਇਕ ਵਾਰੀ ਮੀਨਾ ਕੁਮਾਰੀ ਨੇ ਉਨ੍ਹਾਂ ਦੀ ਕਿਸੇ ਲਿਖਤ ਉੱਤੇ ਟਿੱਪਣੀ ਕਰ ਦਿੱਤੀ। ਸਰਹੱਦੀ ਸਾਹਿਬ ਨੇ ਮੀਨਾ ਕੁਮਾਰੀ ਨੂੰ ਕਿਹਾ, "ਜਦ ਮੈਂ ਤੁਹਾਡੀ ਐਕਟਿੰਗ ਵਿੱਚ ਦਖ਼ਲ ਨਹੀਂ ਦਿੰਦਾ, ਤੁਸੀਂ ਮੇਰੀ ਲਿਖਤ ਵਿੱਚ ਲੱਤ ਕਿਉਂ ਅੜਾਉਂਦੇ ਹੋ। ਤੁਹਾਨੂੰ ਤਾਂ ਅਜੇ ਅਲਫ਼-ਬੇ ਦਾ ਵੀ ਨਹੀਂ ਪਤਾ।"

ਜਦੋਂ ਉਹ 'ਸਿਲਸਿਲਾ' ਫ਼ਿਲਮ ਦੇ ਸੈੱਟ ਤੇ ਕੁਝ ਵੀ ਪੜ੍ਹਦੇ ਲਿਖਦੇ ਸਨ ਤਾਂ ਅਮਿਤਾਭ ਬਚਨ ਉਨ੍ਹਾਂ ਦੇ ਕੋਲ ਹੀ ਬੈਠਾ ਰਹਿੰਦਾ ਸੀ। ਉਨ੍ਹਾਂ ਨੇ ਅਮਿਤਾਭ ਬਚਨ ਨੂੰ ਕਹਿਣਾ, "ਕਿਉਂ ਮੇਰੇ ਸਿਰਹਾਣੇ ਬੈਠੇ ਹੋ? ਅਪਣੇ ਸ਼ਾਟ ਕੀ ਤਿਆਰੀ ਕਰੋ।" ਅਮਿਤਾਭ ਬਚਨ ਨੇ ਕਹਿਣਾ, "ਜੇ ਸਿਰਹਾਣੇ ਨਹੀਂ, ਆਪ ਦੇ ਪੈਰਾਂ ਵੱਲ ਬੈਠ ਜਾਂਦਾ ਹਾਂ।" ਉਹ ਹਮੇਸ਼ਾ ਉਨ੍ਹਾਂ ਦੇ ਪੈਰਾਂ ਵਿੱਚ ਬੈਠਾ ਸਰਹੱਦੀ ਸਾਹਿਬ ਦੀਆਂ ਲੱਤਾਂ ਘੁੱਟਣ ਲੱਗ ਜਾਂਦਾ। ਇਕ ਵਾਰ ਸਰਹੱਦੀ ਸਾਹਿਬ ਨੇ ਹੱਸਦੇ ਹੋਏ ਅਮਿਤਾਭ ਬਚਨ ਨੂੰ ਕਿਹਾ, "ਰੇਖਾ ਆਪ ਕੀ ਤਰਫ਼ ਨਜ਼ਰੇਂ ਟਿਕਾ ਕਰ ਦੇਖ ਰਹੀ ਹੈ। ਜਾਓ ਉਸ ਸੇ ਬਾਤ ਕਰੋ ਔਰ ਪੂਛੋ ਕਿਆ

**(ਬਾਕੀ ਅਗਲੇ ਸਫੇ 'ਤੇ)**

# ਪ੍ਰੋ. ਰਤਨ ਲਾਲ ਨਾਲ ਇਹ ਕਿਉਂ ਵਾਪਰਿਆ?



ਰਵੀਸ਼ ਕੁਮਾਰ

**ਅਨੁਵਾਦ – ਕੇਹਰ ਸ਼ਰੀਫ਼**

ਕੀ ਅੱਜ ਦੇ ਯੁੱਗ ਵਿੱਚ ਦਯਾਨੰਦ ਸਰਸਵਤੀ ਇਹ ਕਹਿ ਸਕਦੇ ਕਿ ਉਹ ਮੂਰਤੀ ਪੂਜਾ ਦੇ ਵਿਰੋਧੀ ਹਨ? ਦਯਾਨੰਦ ਸਰਸਵਤੀ ਨੇ ਕਾਸ਼ੀ ਵਿੱਚ ਇਸ਼ਤਿਹਾਰ ਬਗੈਰਾ ਵੀ ਲਗਵਾਇਆ ਸੀ ਕਿ ਉਹ ਮੂਰਤੀ ਪੂਜਾ ਦੇ ਖਿਲਾਫ ਬਹਿਸ ਕਰਨਾ ਚਾਹੁੰਦੇ ਹਨ। ਜੇਕਰ ਕਿਸੇ ਕੋਲ ਸਬੂਤ ਹਨ ਤਾਂ ਉਨ੍ਹਾਂ ਨਾਲ ਬਹਿਸ ਕਰੇ। ਕਾਸ਼ੀ ਵਿੱਚ ਬਹਿਸ ਹੋਈ ਅਤੇ ਬਹਿਸ ਤੋਂ ਬਾਅਦ ਦਯਾਨੰਦ ਸਰਸਵਤੀ ਕਈ ਦਿਨਾਂ ਤੱਕ ਕਾਸ਼ੀ ਵਿੱਚ ਰਹੇ। ਉਥੋਂ ਦੇ ਲੋਕ ਉਸ ਨੂੰ ਮਾਰਨ ਲਈ ਕਾਹਲੇ ਨਹੀਂ ਪਏ ਅਤੇ ਨਾ ਹੀ ਦਯਾਨੰਦ ਸਰਸਵਤੀ ਨੂੰ ਲੱਗਦਾ ਸੀ ਕਿ ਕਾਸ਼ੀ ਹੁਣ ਸੁਰੱਖਿਅਤ ਥਾਂ ਨਹੀਂ ਰਹੀ। ਸੋਚੋ ਕਿ ਭਾਰਤ ਅੰਦਰ ਸਮਾਜ ਦਾ ਉਹ ਰੂਪ ਵੀ ਰਿਹਾ ਜੋ "ਸ਼੍ਰੇਸ਼ਟ ਭਾਰਤ" ਦੀ ਡੌਂਡੀ ਪਿੱਟੇ ਬਿਨਾ ਵੀ ਗਿਆਨ, ਤਰਕ ਅਤੇ ਵਿਚਾਰਾਂ ਦੇ ਵਖਰੇਵੇਂ ਅਨੁਸਾਰ ਵਿਹਾਰ ਕਰਨ ਦੇ ਯੋਗ ਸੀ।



ਜਿਹੜਾ ਸਮਾਜ ਮੂਰਤੀ ਪੂਜਾ ਦੇ ਸਬੰਧ ਵਿਚ ਕਿਸੇ ਕਿਸਮ ਦਾ ਸਵਾਲ ਸਵੀਕਾਰ ਨਹੀਂ ਕਰ ਸਕਦਾ, ਉਸੇ ਸਮਾਜ ਅੰਦਰ ਦਯਾਨੰਦ ਸਰਸਵਤੀ ਨੇ ਮੂਰਤੀ ਪੂਜਾ ਨੂੰ ਚੁਣੌਤੀ ਦਿੱਤੀ। ਕੀ ਅੱਜ ਦੇ ਸਮੇਂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਕੋਈ ਵਿਅਕਤੀ ਇਸ ਤਰ੍ਹਾਂ ਦਾ ਪਰਚਾ ਛਪਵਾ ਕੇ ਵੰਡ ਦੇਵੇ ਕਿ ਮੂਰਤੀ ਪੂਜਾ ਨੂੰ ਚੁਣੌਤੀ ਦਿੰਦਾ ਹਾਂ? ਅੱਜ ਦਾ ਗੋਦੀ ਮੀਡੀਆ ਦਇਆਨੰਦ ਸਰਸਵਤੀ ਦੇ ਸਾਹਮਣੇ ਕਿਸ ਤਰ੍ਹਾਂ ਦੇ ਬੇਸ਼ਰਮੀ ਵਾਲੇ ਸਵਾਲ ਪੁੱਛ ਰਿਹਾ ਹੁੰਦਾ? ਕੀ ਉਨ੍ਹਾਂ ਦਾ ਸਤਿਕਾਰ ਕਰਦਾ? ਉਨ੍ਹਾਂ ਨੂੰ ਧਰਮਧ੍ਰੋਹੀ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਅਤੇ ਉਮਰ ਭਰ ਲਈ ਜੇਲ ਵਿਚ ਭੇਜ ਦਿੱਤਾ ਜਾਂਦਾ। ਉਨ੍ਹਾਂ ਦੇ ਬਾਰੇ ਵਟਸਐਪ ਰਾਹੀਂ ਮੁਹਿੰਮ ਚਲਾਈ ਜਾਂਦੀ।

ਦਯਾਨੰਦ ਸਰਸਵਤੀ ਨੇ ਹਿੰਦੂ ਸਮਾਜ ਨੂੰ ਚੁਣੌਤੀ ਦੇ ਕੇ ਇਸ ਨੂੰ ਬਿਹਤਰ ਹੀ ਬਣਾਇਆ। ਭਾਵੇਂ ਅੱਜ ਦਾ ਆਰੀਆ ਸਮਾਜ ਬਦਲ ਗਿਆ ਹੈ, ਕਈ ਮੌਕਿਆਂ 'ਤੇ ਸੰਘ ਦਾ ਸੰਗੀ-ਸਾਥੀ ਨਜ਼ਰ ਆਉਂਦਾ ਹੈ, ਪਰ ਉਸ ਦਾ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਨੇ ਕਰਮ-ਕਾਂਡਾਂ ਨੂੰ ਚੁਣੌਤੀ ਦਿੱਤੀ।

ਇਸੇ ਤਰ੍ਹਾਂ ਫੂਲੇ ਤੋਂ ਪੇਰੀਆਰ ਤੱਕ ਅਤੇ ਅੰਬੇਡਕਰ ਤੋਂ ਲੈ ਕੇ ਕਾਂਸ਼ੀ ਰਾਮ ਤੱਕ ਉਨ੍ਹਾਂ ਨੇ ਧਰਮ ਦੀਆਂ ਸਾਰੀਆਂ ਮਾਨਤਾਵਾਂ ਨੂੰ ਚੁਣੌਤੀ ਦਿੱਤੀ। ਦੱਸਿਆ ਕਿ ਇੱਜਤ-ਮਾਣ ਦੇ ਪਰਦੇ ਪਿੱਛੇ ਸ਼ਰਮ ਦਾ ਕਿੰਨਾ ਵੱਡਾ ਭੰਡਾਰ ਹੈ। ਜਿੱਥੇ ਲੋਕ ਇਕ ਦਲਿਤ ਨੂੰ ਪਾਣੀ ਨਹੀਂ ਦਿੰਦੇ, ਰਸਤਾ ਨਹੀਂ ਦਿੰਦੇ। ਉਸ ਨਾਲ ਖਾਣਾ ਸਾਂਝਾ ਨਹੀਂ ਕਰਦੇ। ਜੇਕਰ ਉਹ ਭੋਜਨ ਨੂੰ ਛੂੰਹਦਾ ਹੈ, ਤਾਂ ਉਹ ਅਸ਼ੁੱਧ ਮੰਨਿਆ ਜਾਂਦਾ ਹੈ। ਅਜਿਹਾ ਸਮਾਂ ਵੀ ਆਇਆ ਕਿ ਇਸੇ ਸਮਾਜ ਵਿਚ ਛੂਤ-ਛਾਤ ਵਿਰੁੱਧ ਮੁਹਿੰਮ ਚਲਾਈ ਗਈ। ਇਹ ਬਹੁਤ ਮਾੜੀ ਗੱਲ ਹੈ, ਇਸ ਦੀ ਪਛਾਣ ਤਾਂ ਇਨ੍ਹਾਂ ਰਹਿਬਰਾਂ ਨੇ ਹੀ ਕਰਵਾਈ, ਜਿਨ੍ਹਾਂ ਦੇ ਨਾਂ ਅਸੀਂ ਉਪਰ ਦੱਸ ਚੁੱਕੇ ਹਾਂ। ਜਿਨ੍ਹਾਂ ਦੇ ਜਤਨਾਂ ਨਾਲ ਸਮਾਜ ਅੰਦਰ ਸੁਧਾਰ ਹੋਏ ਅਤੇ ਉਨ੍ਹਾਂ ਸੁਧਾਰਾਂ ਨੂੰ ਸੰਵਿਧਾਨ ਨੇ ਗਰੰਟੀ ਦਿੱਤੀ। ਹੁਣ ਸਰਕਾਰ ਵੀ ਉਨ੍ਹਾਂ ਸੁਧਾਰਕਾਂ ਦਾ ਜਨਮ ਦਿਨ ਮਨਾਉਂਦੀ ਹੈ। ਸਮਾਜ ਉਨ੍ਹਾਂ ਨੂੰ ਨਾਇਕ (ਰਹਿਬਰ) ਮੰਨਦਾ ਹੈ।

ਪੇਰੀਆਰ ਅਤੇ ਅੰਬੇਡਕਰ ਲਈ ਇਹ ਨਾ ਉਦੋਂ ਸੌਖਾ ਸੀ ਅਤੇ ਨਾ ਹੀ ਹੁਣ ਸੁਖਾਲਾ ਹੈ। ਸੌਖਾ ਹੈ ਤਾਂ ਕਿਸੇ ਦਲਿਤ ਨੂੰ ਪਾਣੀ ਨਾ ਦੇਣਾ, ਬਰਾਤ ਵੇਲੇ ਘੋੜੀ ਉੱਤੇ ਸਵਾਰ ਹੋਣ 'ਤੇ ਉਸ ਨੂੰ ਮਾਰ ਦੇਣਾ। ਜਾਤ-ਪਾਤ ਦੇ ਕਲੰਕ ਤੋਂ ਦੁਖੀ ਹੋ ਕੇ ਰੋਹਿਤ ਵੇਮੂਲਾ ਵਰਗੀ ਪ੍ਰਤਿਭਾ ਦਾ ਅੰਤ ਹੋ ਜਾਣਾ। ਇਨ੍ਹੀਂ ਦਿਨੀਂ ਚਾਰੇ ਪਾਸਿਉਂ ਅਜਿਹੀ ਕੋਸ਼ਿਸ਼ ਹੋ ਰਹੀ ਹੈ ਬੇਰਹਿਮੀ ਨੂੰ ਮੁੜ ਸਰਵ ਵਿਆਪਕ ਅਤੇ ਨਿਰਵਿਘਨ ਸਥਾਪਿਤ ਕਰ ਦਿੱਤਾ ਜਾਵੇ। ਜਦੋਂ ਕਾਸ਼ੀ ਕਾਰੀਡੋਰ ਬਣ ਰਿਹਾ ਸੀ, ਤਾਂ ਉਸੇ ਬਨਾਰਸ ਵਿੱਚ ਲੋਕ ਅੰਦੋਲਨ ਕਰ ਰਹੇ ਸਨ ਕਿ ਸਦੀਆਂ ਪੁਰਾਣੇ ਘਰ ਢਾਹੇ ਜਾ ਰਹੇ ਹਨ, ਉਨ੍ਹਾਂ ਘਰਾਂ ਵਿੱਚ ਨਿੱਜੀ ਮੰਦਰ ਹਨ, ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਹੈ, ਉਨ੍ਹਾਂ ਨੂੰ ਤੋੜਿਆ ਜਾ ਰਿਹਾ ਹੈ। ਉਦੋਂ ਤਾਂ ਕਿਸੇ ਦੀ ਆਸਥਾ ਨੂੰ ਠੇਸ ਨਹੀਂ ਲੱਗੀ?

ਧਰਮ ਅਤੇ ਜਾਤ ਦੀ ਵਿਵਸਥਾ ਇੱਕ ਦੂਜੇ ਨਾਲ ਜੁੜੀਆਂ ਹਨ। ਜੋ ਵੀ ਜਾਤ-ਪਾਤ ਵਿਰੁੱਧ ਲੜੇਗਾ, ਉਹ ਧਰਮ ਨਾਲ ਹੀ ਟਕਰਾਏਗਾ। ਅੱਜ ਵਾਰ-ਵਾਰ ਗੁਲਾਮੀ ਦੀ ਯਾਦ ਦਿਵਾਈ ਜਾਂਦੀ ਹੈ, ਮੇਰਾ ਮੰਨਣਾ ਹੈ ਕਿ ਭਾਰਤ ਵਿੱਚ ਜਾਤ-ਪਾਤ ਤੋਂ ਵੱਡਾ ਗੁਲਾਮੀ ਦਾ ਦੌਰ ਕੋਈ ਹੋਰ ਨਹੀਂ ਸੀ। ਜਾਤੀ ਨਾਲ ਜੁੜੀ ਗੁਲਾਮੀ ਦਾ ਇਹ ਦੌਰ ਅੱਜ ਵੀ ਚੱਲ ਰਿਹਾ ਹੈ। ਜਾਤ-ਪਾਤ ਦੇ ਨਾਂ 'ਤੇ ਪਤਾ ਨਹੀਂ ਇਸ ਹਫਤੇ ਦੇ ਅਖ਼ਬਾਰਾਂ ਵਿੱਚ ਹੀ ਜ਼ੁਲਮ ਦੀਆਂ ਕਿੰਨੀਆਂ ਘਟਨਾਵਾਂ ਛਪੀਆਂ ਹੋਣਗੀਆਂ। ਸਾਬਿਤਰੀ ਬਾਈ ਫੂਲੇ ਤੋਂ ਲੈ ਕੇ ਪੇਰੀਆਰ ਅਤੇ ਅੰਬੇਡਕਰ ਤੱਕ ਨੇ ਜੇਕਰ ਇਸ ਸਮਾਜ ਨੂੰ ਨਾ ਝੰਜੋੜਿਆ ਹੁੰਦਾ ਤਾਂ ਕੀ ਤੁਸੀਂ ਆਪਣੇ ਆਪ ਨੂੰ ਦੁਨੀਆ ਦੇ ਸਾਹਮਣੇ ਮਨੁੱਖ ਅਖਵਾਉਣ ਦੇ ਯੋਗ ਵੀ ਹੁੰਦੇ? ਕੀ ਮਾਣ ਕਰ ਸਕਦੇ ? ਇਹਨਾਂ ਰਹਿਬਰਾਂ ਨੇ ਤੁਹਾਨੂੰ, ਸਮਾਜ ਅਤੇ ਸੱਭਿਆਚਾਰ ਨੂੰ ਮਾਣ ਕਰਨ ਯੋਗ ਬਣਾਇਆ। ਚੰਗੀ ਭਾਰਤੀ ਪਛਾਣ ਦਿੱਤੀ ਹੈ, ਜਿਸ 'ਤੇ ਤੁਸੀਂ ਮਾਣ ਕਰਦੇ ਹੋ, ਯਾਦ ਰੱਖਣਾ ਜਦੋਂ ਵੀ ਤੁਸੀਂ ਕਹਿੰਦੇ ਹੋ, ਭਾਵੇਂ ਕਿ ਤੁਸੀਂ ਝੂਠ ਬੋਲਦੇ ਹੋ ਕਿ ਤੁਸੀਂ ਜਾਤ-ਪਾਤ ਨੂੰ ਨਹੀਂ ਮੰਨਦੇ, ਤਾਂ ਤੁਸੀਂ ਸਿਰਫ ਅਤੇ ਸਿਰਫ ਅੰਬੇਡਕਰ ਅਤੇ ਪੇਰੀਆਰ ਵਰਗੇ ਰਹਿਬਰਾਂ ਦੀ ਗੱਲ ਕਹਿ ਰਹੇ ਹੁੰਦੇ ਹੋ। ਆਪਣੇ ਅੰਦਰਲੇ ਅੰਬੇਡਕਰ ਨੂੰ ਪਹਿਚਾਣੋ। ਭਾਰਤ ਮਾਣ ਕਰਨ ਯੋਗ ਹੈ, ਇਸ 'ਤੇ ਮਾਣ ਕਰੋ।

ਜਰੂਰ ਹੀ ਕੋਈ ਵੱਡੀ ਗਲਤੀ ਹੋ ਗਈ ਹੈ। ਇਨ੍ਹਾਂ ਮਹਾਨ ਨਾਇਕਾਂ ਦੇ ਜਨਮ ਦਿਨ / ਸ਼ਤਾਬਦੀਆਂ ਤਾਂ ਬਹੁਤ ਮਨਾਏ ਜਾ ਰਹੇ ਹਨ ਪਰ ਉਨ੍ਹਾਂ ਦੀਆਂ ਫੋਟੋਆਂ ਨੂੰ ਅੱਗੇ ਕਰਕੇ ਕੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਪਿੱਛੇ ਕਰ ਦਿੱਤਾ ਗਿਆ ਹੈ। ਪੇਰੀਆਰ ਤੋਂ ਅੰਬੇਡਕਰ ਤੱਕ ਦੀਆਂ ਕਹੀਆਂ ਗੱਲਾਂ ਨੂੰ ਜੇ ਦਿਨ-ਰਾਤ ਲਿਖਿਆ ਤੇ ਬੋਲਿਆ ਜਾਂਦਾ ਤਾਂ ਆਸਥਾ ਦੀ ਦੁਹਾਈ ਪਾਉਣ ਵਾਲਿਆਂ ਦੀ ਦਰਿਆਦਿਲੀ ਵੀ ਪਰਖੀ ਜਾਂਦੀ। ਪਤਾ ਲੱਗ ਜਾਂਦਾ ਕਿ ਉਹ ਅੰਬੇਦਕਰ ਦੇ ਜਨਮ ਦਿਹਾੜੇ 'ਤੇ ਮੀਮਜ਼ ਤਾਂ ਫਾਰਵਰਡ ਕਰ ਰਹੇ ਹਨ ਪਰ ਜਨਮ ਦਿਨ ਨਹੀਂ ਮਨਾ ਰਹੇ।

ਅਜਿਹਾ ਜਾਪਦਾ ਹੈ ਕਿ ਧਰਮ ਅਤੇ ਸੱਭਿਆਚਾਰ ਦੇ ਰਾਖੇ ਉਹ ਹੀ ਲੋਕ ਹਨ ਜੋ ਆਸਥਾ ਦੇ ਨਾਂ 'ਤੇ ਖਾਹਮਖਾਹ ਦੁਖੀ ਹੁੰਦੇ ਰਹਿੰਦੇ ਹਨ। ਅਜਿਹੇ ਅਖੌਤੀ ਧਰਮ ਰੱਖਿਅਕ ਹਰ ਧਰਮ ਵਿਚ ਹਨ ਜੋ ਕਿਧਰਿਉਂ ਵੀ ਹੰਗਾਮਾ ਕਰਨ ਵਾਸਤੇ ਆ ਪਹੁੰਚਦੇ ਹਨ। ਪਰ, ਧਰਮਾਂ ਦੇ ਮੰਨਣ ਵਾਲੇ ਤਾਂ ਉਹ ਅਣ-ਗਿਣਤ ਲੋਕ ਹਨ ਜੋ ਚੁੱਪਚਾਪ ਆਪਣੇ ਵਿਸ਼ਵਾਸ / ਆਸਥਾ ਨੂੰ ਮਾਣਦੇ ਹਨ। ਉਨ੍ਹਾਂ ਨੂੰ ਆਪਣੇ ਇਸ਼ਟ ਨਾਲ ਗੱਲਾਂ ਕਰਨ ਤੋਂ ਹੀ ਵਕਤ ਨਹੀਂ ਮਿਲਦਾ। ਪਰ ਹੁਣ ਇੱਕ ਨਵਾਂ ਗੈਂਗ ਬਣ ਗਿਆ ਹੈ। ਜੋ ਹਰ ਰੋਜ਼ ਇਹ ਫੈਸਲਾ ਕਰਦਾ ਹੈ ਕਿ ਕੀ ਬੋਲਣਾ ਚਾਹੀਦਾ ਹੈ, ਕੀ ਨਹੀਂ ਬੋਲਣਾ ਚਾਹੀਦਾ। ਇਸ ਦਾ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਹੈ ਕਿ ਬੋਲਣ ਲਈ ਥਾਂ ਨਹੀਂ ਬਚੀ। ਇਹ ਕਿਵੇਂ ਸੰਭਵ ਹੈ ਕਿ ਤੁਸੀਂ ਬੋਲੋ ਹੀ ਨਾ ਅਤੇ ਜੇ ਤੁਸੀਂ ਬੋਲੋ ਤਾਂ ਕੀ ਹਰ ਗੱਲ ਲਈ ਤੁਹਾਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ?

ਰਤਨ ਲਾਲ 'ਤੇ ਕੇਸ ਕਰਨ ਵਾਲੇ ਅਤੇ ਉਸ ਦੀ ਗ੍ਰਿਫਤਾਰੀ ਤੋਂ ਖੁਸ਼ ਹੋਣ ਵਾਲਿਆਂ ਨੂੰ ਇਕ ਵਾਰ ਸੋਚਣਾ ਚਾਹੀਦਾ ਹੈ। ਰਤਨ ਦੀਆਂ ਕਈ ਸਾਰੀਆਂ ਦਲੀਲਾਂ ਦਾ ਜੇ ਜਵਾਬ ਨਹੀਂ ਹੈ, ਤਾਂ ਆਸਥਾ ਦੇ ਨਾਂ 'ਤੇ ਉਸ ਉੱਤੇ ਹਮਲਾ ਕਰਨ ਦੀ ਕੋਈ ਲੋੜ ਨਹੀਂ ਹੈ। ਰਤਨ ਲਾਲ ਵਰਗੇ ਦਲਿਤਾਂ ਨੂੰ ਬੋਲਣ ਦਿਓ। ਉਸ ਦੀਆਂ ਕੁਝ ਗੱਲਾਂ ਮਾੜੀਆਂ ਲਗਦੀਆਂ ਹਨ, ਤਾਂ ਉਨ੍ਹਾਂ ਨੂੰ ਸਹਿਣ ਕਰੋ ਕਿਉਂਕਿ ਉਹ ਸਿਰਫ ਗੱਲਾਂ ਹਨ। ਜੋ ਕਿ ਦਲੀਲ ਅਤੇ ਬਹਿਸ ਦੇ ਖੇਤਰ ਵਿੱਚ ਕਹੀਆਂ ਜਾਂਦੀਆਂ ਹਨ। ਜਿਸ ਕਿਸੇ ਵਿਅਕਤੀ ਨੇ ਰਤਨ 'ਤੇ ਕੇਸ ਕੀਤਾ ਹੈ, ਕੀ ਉਹ ਨਹੀਂ ਜਾਣਦਾ ਕਿ ਧਰਮ ਦੇ ਨਾਂ 'ਤੇ ਇਸ ਦੇਸ਼ ਅੰਦਰ ਕਿੰਨੀ ਠੱਗੀ ਹੁੰਦੀ ਹੈ। ਜਾਂ ਫੇਰ ਹੁਣ ਇਹ ਕਹਿਣਾ ਗੁਨਾਹ ਹੋ ਗਿਆ ਹੈ? ਲਖਨਊ ਯੂਨੀਵਰਸਿਟੀ ਦੇ ਪ੍ਰੋ: ਰਵੀਕਾਂਤ ਦੀ ਕੁੱਟਮਾਰ ਹੋਈ, ਕੀ ਅਜਿਹਾ ਕਰਨ ਵਾਲਿਆਂ ਦਾ ਹੌਂਸਲਾ ਨਹੀਂ ਵਧਾਇਆ ਗਿਆ? ਕਿਸ ਕਾਨੂੰਨ ਨੇ ਰਵੀਕਾਂਤ ਨੂੰ ਕੁੱਟਣ-ਮਾਰਨ ਦੀ ਇਜਾਜ਼ਤ ਦਿੱਤੀ ਹੈ? ਧਰਮ ਦਾ ਨਾਂ ਆਉਂਦੇ ਹੀ ਧੜਾ-ਧੜ ਫੈਸਲੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕੀ ਅਸੀਂ ਸਾਰੇ ਇਹ ਨਹੀਂ ਦੇਖ ਰਹੇ ਕਿ ਇਹ ਫੈਸਲੇ ਕਿਨ੍ਹਾਂ ਦੇ ਹੱਕ ਵਿੱਚ ਦਿੱਤੇ ਜਾ ਰਹੇ ਹਨ, ਕੀ ਹਿੰਸਾ ਵਿੱਚ ਸ਼ਾਮਲ ਕਿਸੇ ਵਿਦਿਆਰਥੀ ਨੂੰ ਕੱਢਿਆ ਗਿਆ? ਪ੍ਰੋ: ਰਵੀਕਾਂਤ ਨੇ ਤਾਂ ਮੁਆਫੀ ਵੀ ਮੰਗ ਲਈ, ਕੀ ਇਹ ਕਾਫੀ ਨਹੀਂ ਸੀ? ਫਿਰ ਵੀ ਉਹਨੂੰ ਡਰਾਇਆ ਜਾ ਰਿਹਾ ਹੈ।

ਰਤਨ ਲਾਲ ਦੇ ਪਰਿਵਾਰ ਨੂੰ ਗਾਲ੍ਹਾਂ ਕੱਢੀਆਂ ਗਈਆਂ/ ਬਦਸਲੂਕੀ ਕੀਤੀ ਗਈ, ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਦੇ ਖਿਲਾਫ ਪੁਲੀਸ ਨੇ ਕੀ ਕੀਤਾ? ਅੱਜ ਹੀ ਨਹੀਂ, ਰਤਨ ਲਾਲ ਨੂੰ ਕਈਆਂ ਸਾਲਾਂ ਤੋਂ ਗਾਲ੍ਹਾਂ ਕੱਢੀਆਂ ਜਾ ਰਹੀਆਂ ਹਨ। ਜਾਤ ਅਧਾਰਤ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ, ਅਪਮਾਨਤ ਕੀਤਾ ਜਾਂਦਾ ਹੈ। ਵਿਦਿਆਰਥੀ ਜੀਵਨ ਤੋਂ ਹੀ ਉਹਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਰਹੀਆਂ ਹਨ। ਉਹ ਗਾਲ੍ਹਾਂ ਨੂੰ ਸਹਿੰਦਾ ਰਿਹਾ ਹੈ। ਉਹਨੂੰ, ਉਨ੍ਹਾਂ ਗੱਲਾਂ ਲਈ ਗਾਲ੍ਹਾਂ ਕੱਢੀਆਂ ਗਈਆਂ ਜਿਸ ਲਈ ਉਹ ਦੋਸ਼ੀ ਹੀ ਨਹੀਂ ਸੀ। ਜੇ ਤੁਸੀਂ ਉਨ੍ਹਾਂ ਕੱਢੀਆਂ ਗਾਲ੍ਹਾਂ, ਕੀਤੇ ਦੁਰਵਿਵਹਾਰ ਲਈ ਪਛਤਾਵਾ ਵੀ ਕਰਦੇ ਹੋ, ਤਾਂ ਇਸ ਵਿੱਚ ਹੀ ਇੱਕ ਪੀੜ੍ਹੀ ਲੰਘ ਜਾਵੇਗੀ।

# ਬਿਨਾਂ ਯੱਕਿਆਂ ਦੇ ਬਾਜ਼ੀ ਜਿੱਤਣ ਵਾਲਾ : ਸਾਗਰ ਸਰਹੱਦੀ

(ਸਫਾ 23 ਦੀ ਬਾਕੀ)

ਚਾਹਤੀ ਹੈ।"

ਅਮਿਤਾਭ ਜੀ ਮੁਸਕਰਾਏ ਔਰ ਕਹਿਣੇ ਲੱਗੇ, "ਦੂਸਰੀ ਤਰਫ ਜੈਅ ਭਾਦੁਰੀ ਵੀ ਵੇਖ ਰਹੀ ਹੈ।" ਸਰਹੱਦੀ ਸਾਹਿਬ ਹੱਸਣ ਲੱਗ ਪਏ। ਵੱਡੇ ਵੱਡੇ ਹੀਰੋ ਉਨ੍ਹਾਂ ਦਾ ਐਨਾ ਸਤਿਕਾਰ ਕਰਦੇ ਸਨ। 'ਸਿਲਸਿਲਾ' ਫ਼ਿਲਮ ਦੀ ਸ਼ੂਟਿੰਗ ਸਮੇਂ ਇਕ ਸੀਨ ਯਸ਼ ਜੀ ਵਾਰ ਵਾਰ ਕਰ ਰਹੇ ਸਨ ਪਰ ਫਿਰ ਵੀ ਓ ਕੇ ਨਹੀਂ ਹੋ ਰਿਹਾ ਸੀ। ਸਰਹੱਦੀ ਸਾਹਿਬ ਯਸ਼ ਜੀ ਨੂੰ ਕਹਿਣ ਲਗੇ, "ਅਗਰ ਆਪ ਠੀਕ ਨਹੀਂ ਕਰ ਸਕਤੇ ਤੋ ਘਰ ਬੈਠ ਜਾਓ। ਕੋਈ ਔਰ ਧੰਦਾ ਕਰੋ। ਕਿਉਂ ਸਮਾਂ ਬਰਬਾਦ ਕਰਤੇ ਹੋ।" ਕਿਸੇ ਵੀ ਵੱਡੇ ਨਿਰਮਾਤਾ ਜਾਂ ਨਿਰਦੇਸ਼ਕ ਦਾ ਹੌਸਲਾ ਨਾ ਪੈਂਦਾ ਉਨ੍ਹਾਂ ਦੀ ਕਹੀ ਗੱਲ ਨੂੰ ਟਾਲ ਦੇਣ ਦਾ।

'ਸਿਲਸਿਲਾ' ਫ਼ਿਲਮ ਦੀ ਇਕ ਹੋਰ ਦਿਲਚਸਪ ਘਟਨਾ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ। ਇਸ ਫ਼ਿਲਮ ਵਿੱਚ ਸਭ ਤੋਂ ਪਹਿਲਾਂ ਪ੍ਰਵੀਨ ਬਾਬੀ ਅਤੇ ਸਮਤਾ ਪਾਟਿਲ ਨੂੰ ਲਿਆ ਗਿਆ ਸੀ। ਯਸ਼ ਚੋਪੜਾ ਜੀ ਦੋ ਤਿੰਨ ਮਹੀਨੇ ਦੀ ਸ਼ੂਟਿੰਗ ਸ੍ਰੀ ਨਗਰ ਵਿੱਚ ਕਰ ਚੁੱਕੇ ਸਨ ਪਰ ਪਤਾ ਨਹੀਂ ਕਿਉਂ ਯਸ਼ ਜੀ ਦਾ ਸ਼ੂਟਿੰਗ ਤੇ ਕੰਮ ਕਰਦੇ ਸਮੇਂ ਮਨ ਨਹੀਂ ਜੰਮਦਾ ਸੀ। ਕੁਝ ਭਰਿਆ ਹੋਇਆ ਵੀ ਖਾਲੀ ਖਾਲੀ ਲੱਗ ਰਿਹਾ ਸੀ। ਉਨ੍ਹਾਂ ਨੇ ਇਹ ਗੱਲ ਸਰਹੱਦੀ ਹੁਰਾਂ ਤੇ ਅਮਿਤਾਭ ਹੁਰਾਂ ਨਾਲ ਸਾਂਝੀ ਕੀਤੀ। ਕੁਝ ਦਿਨ ਸੋਚ ਵਿਚਾਰ ਕਰਨ ਮਗਰੋਂ ਸਰਹੱਦੀ ਸਾਹਿਬ ਕਹਿਣ ਲੱਗੇ ਕਿ ਫ਼ਿਲਮ ਦੀਆਂ ਦੋਵੇਂ ਐਕਟਰੈਸ ਬਦਲ ਦਿਓ। ਸਭ ਹੈਰਾਨ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ।

ਯਸ਼ ਜੀ ਬੋਲੇ, "ਯੇਹ ਕਿਆ ਕਹਿ ਰਹੇ ਹੋ ?"

ਸਰਹੱਦੀ ਸਾਹਿਬ ਬੋਲੇ, "ਮੈਂ ਠੀਕ ਕਹਿ ਰਹਾਂ ਹੂੰ।"

"ਫਿਰ ਫ਼ਿਲਮ ਮੇਂ ਕਿਸ ਕੋ ਲੇਨਾ ਹੈ?"

ਸਰਹੱਦੀ ਸਾਹਿਬ ਨੇ ਕਿਹਾ, "ਰੇਖਾ ਔਰ ਜੈਅ ਭਾਦੁਰੀ ਕੋ।"

ਅਮਿਤਾਭ ਬੋਲੇ, "ਯੇਹ ਕਭੀ ਨਹੀਂ ਹੋ ਸਕਤਾ।"

ਸਰਹੱਦੀ ਸਾਹਿਬ ਬੋਲੇ, "ਯੇਹ ਹੋਗਾ ਔਰ ਹੋ ਕਰ ਹੀ ਰਹੇਗਾ।"

ਆਖਰ ਉਹੀ ਹੋਇਆ ਜੋ ਸਰਹੱਦੀ ਸਾਹਿਬ ਨੇ ਕਿਹਾ ਸੀ। ਚਿੜੀ ਦੀ ਅੱਖ ਅਰਜਨ ਨੂੰ ਹੀ ਨਹੀਂ ਦਿਸਦੀ ਸੀ, ਸਰਹੱਦੀ ਹੁਰਾਂ ਨੂੰ ਵੀ ਦਿਸਦੀ ਸੀ। 'ਸਿਲਸਿਲਾ' ਫ਼ਿਲਮ ਨੇ ਐਸੀ ਧੂਮ ਮਚਾਈ ਕਿ ਸਭ ਕੁਝ ਦਰਸ਼ਕ ਜਾਣਦੇ ਹਨ।

ਜਦੋਂ ਉਨ੍ਹਾਂ ਦੀ ਫ਼ਿਲਮ ਇੰਡਸਟਰੀ ਵਿਚ ਪੂਰੀ ਧੁੰਮ ਪੈ ਚੁੱਕੀ ਸੀ ਤਾਂ ਵੀ ਸਰਹੱਦੀ ਸਾਹਿਬ ਨੇ ਸਾਦਾ ਜ਼ਿੰਦਗੀ ਨੂੰ ਹੀ ਪਹਿਲ ਦਿੱਤੀ ਸੀ। ਉਹ ਜਦੋਂ ਵੀ ਸਫ਼ਰ ਕਰਦੇ ਤਾਂ ਟਰੇਨ ਵਿੱਚ ਹੀ ਕਰਦੇ ਸੀ। ਕਈ ਵਾਰ ਉਨ੍ਹਾਂ ਦੇ ਮਿੱਤਰਾਂ ਦੋਸਤਾਂ ਨੇ ਕਹਿਣਾ, "ਐਨੀ ਸੂਰਤ ਮਿਲਣ ਤੇ ਵੀ ਸਰਹੱਦੀ ਸਾਹਿਬ ਤੁਸੀਂ ਟਰੇਨ ਵਿੱਚ ਹੀ ਸਫ਼ਰ ਕਿਉਂ ਕਰਦੇ ਹੋ?" ਤਾਂ ਉਨ੍ਹਾਂ ਕਹਿਣਾ, "ਜਿਨ੍ਹਾਂ ਲੋਕਾਂ ਤੇ ਲਿਖ ਲਿਖ ਕੇ ਐਨਾ ਰੁਪਇਆ ਕਮਾਉਂਦੇ ਹੋ ਫਿਰ ਉਨ੍ਹਾਂ ਵਿੱਚ ਵਿਚਰਨ ਤੋਂ ਕਿਉਂ ਡਰਦੇ ਹੋ। ਇਹ ਲੋਕ ਤੁਹਾਡੀ ਸਫਲਤਾ ਦਾ ਜ਼ਰੀਆ ਹੈ। ਅਗਰ ਅਵਾਮ ਤੁਹਾਡੇ ਨਾਲ ਹੈ, ਤੁਹਾਡੀ ਪਛਾਣ ਹੈ। ਬੇ-ਪਛਾਣ ਲੋਕਾਂ ਦੀ ਭੀੜ ਤਾਂ ਬਥੇਰੀ ਤੁਰੀ ਫਿਰਦੀ ਹੈ। ਮੈਂ ਭੀੜ ਦਾ ਹਿੱਸਾ ਨਹੀਂ ਇਨ੍ਹਾਂ ਲੋਕਾਂ ਦਾ ਹਿੱਸਾ ਹਾਂ।"

'ਨੂਰੀ' ਫ਼ਿਲਮ ਦੀ ਕਹਾਣੀ ਉਨ੍ਹਾਂ ਦੇ ਪਿੰਡ ਦੀ ਅਸਲੀ ਕਹਾਣੀ ਸੀ। ਬਚਪਨ ਤੋਂ ਹੀ ਇਹ ਕਹਾਣੀ ਉਨ੍ਹਾਂ ਦੇ ਨਾਲ ਟਰੈਵਲ ਕਰ ਰਹੀ ਸੀ। ਜਦੋਂ ਉਨ੍ਹਾਂ ਇਸ ਪਿੰਡ ਦੀ ਕਹਾਣੀ ਨੂੰ ਅਸਲੀ ਕਹਾਣੀ ਦਾ ਰੂਪ ਦਿੱਤਾ ਤਾਂ ਇਸ ਦਾ ਨਾਮ 'ਰਾਕਾ' ਰੱਖਿਆ ਸੀ। ਉਨ੍ਹਾਂ ਦੀ ਇਹ ਕਹਾਣੀ ਉਰਦੂ ਦੇ ਕਈ ਮਸ਼ਹੂਰ ਪੇਪਰਾਂ ਵਿੱਚ ਛਪੀ ਸੀ। ਅਖੀਰ ਇਹ 'ਰਾਕਾ' ਹੀ ਫਿਰ 'ਨੂਰੀ' ਵਿੱਚ ਤਬਦੀਲ ਹੋਈ। ਫਿਰ ਇਸ ਅਸਲੀ ਕਹਾਣੀ ਤੇ ਅਧਾਰਿਤ ਹੀ 'ਨੂਰੀ' ਫ਼ਿਲਮ ਦਾ ਨਿਰਮਾਣ ਹੋਇਆ ਸੀ। ਸਰਹੱਦੀ ਸਾਹਿਬ ਨੇ ਆਪਣੇ ਪਿੰਡ ਵਰਗੀ ਲੋਕੇਸ਼ਨ ਲੱਭ ਕੇ ਉਸ ਨੂੰ ਆਪਣੇ ਪਿੰਡ ਬਾਫਾ ਦਾ ਰੂਪ ਦਿੱਤਾ। 'ਨੂਰੀ' ਦਾ ਸੰਗੀਤ ਖ਼ਿਆਮ ਹੁਰਾਂ ਤਿਆਰ ਕੀਤਾ ਸੀ। ਅੱਜ ਵੀ ਹਰ ਦਰਸ਼ਕ ਗਾਉਂਦਾ ਹੈ ਨੂਰੀ, ਨੂਰੀ, ਨੂਰੀ। ਜਦ 'ਨੂਰੀ' ਫ਼ਿਲਮ ਬਣ ਰਹੀ ਸੀ ਤਾਂ ਸਰਹੱਦੀ ਸਾਹਿਬ ਇਕ ਹੋਰ ਵਾਕਿਆ ਦਾ ਵੀ ਜ਼ਿਕਰ ਕਰਦੇ ਹਨ। ਉਹ ਕਹਿੰਦੇ ਹਨ, "ਜੰਮੂ ਕਸ਼ਮੀਰ ਦੇ ਜਿਸ ਪਿੰਡ ਵਿੱਚ ਸ਼ੂਟਿੰਗ ਚੱਲ ਰਹੀ ਸੀ ਉਸ ਤੋਂ ਥੋੜ੍ਹੀ ਦੂਰ ਇਕ ਸਰਦਾਰ ਜੀ ਦਾ ਢਾਬਾ ਸੀ। ਮੈਂ ਰੋਜ਼ਾਨਾ ਇਸ ਢਾਬੇ ਤੇ ਖਾਣਾ ਖਾਣ ਜਾਣਾ। ਉਸ ਨੇ ਰੋਜ਼ ਹੀ ਮਸਰ-ਮੂੰਗੀ ਦੀ ਦਾਲ ਅਤੇ ਦੋ ਫੁਲਕੇ ਮੇਰੇ ਅੱਗੇ ਰੱਖ ਦੇਣੇ। ਮੈਂ ਕੁਝ ਨਾ ਕਹਿਣਾ। ਖਾਣਾ ਖਾ ਕੇ ਆਪਣੇ ਸੈੱਟ ਤੇ ਆ ਜਾਣਾ। ਇਕ ਦਿਨ ਮੈਂ ਕਿਹਾ, ਸਰਦਾਰ ਸਾਹਿਬ, ਕੱਲ੍ਹ ਨੂੰ ਮੇਰੇ ਸਾਥ ਬਹੁਤ ਵੱਡਾ ਆਦਮੀ ਆ ਰਿਹਾ ਹੈ। ਖਾਣਾ ਕੁਝ ਸਪੈਸ਼ਲ ਬਣਾ ਲੈਣਾ।" ਸਰਦਾਰ ਸਾਹਿਬ ਅੰਦਰ ਉਤਸੁਕਤਾ ਪੈਦਾ ਹੋਈ। ਉਹ ਸਰਹੱਦੀ ਸਾਹਿਬ ਨੂੰ ਪੁੱਛਣ ਲੱਗਾ, "ਐਸਾ ਕੌਣ ਸਾਬ ਆ ਰਿਹਾ ਹੈ?"

ਸਰਹੱਦੀ ਸਾਹਿਬ ਨੇ ਕਿਹਾ, "ਯਸ਼ ਚੋਪੜਾ ਜੀ ਆ ਰਹੇ ਹਨ।" ਸਰਦਾਰ ਜੀ ਝੱਟ ਬੋਲੇ, "ਕਭੀ ਕਭੀ ਫ਼ਿਲਮ ਵਾਲੇ?" "ਹਾਂ, ਕਭੀ ਕਭੀ ਫ਼ਿਲਮ ਵਾਲੇ।" ਪਰ ਸਰਹੱਦੀ ਸਾਹਿਬ ਨੇ ਆਪਣੇ ਬਾਰੇ ਕੁਝ ਵੀ ਨਾ ਦੱਸਿਆ। ਸਰਦਾਰ ਜੀ ਅੰਦਰੋ ਅੰਦਰ ਖੁਸ਼ੀ ਮਹਿਸੂਸ ਕਰ ਰਹੇ ਸਨ। ਯਸ਼ ਜੀ ਮੇਰੇ ਛੋਟੇ ਜਿਹੇ ਢਾਬੇ ਤੇ ਆ ਰਹੇ ਹਨ।

ਦੂਸਰੇ ਦਿਨ ਸਰਹੱਦੀ ਸਾਹਿਬ ਯਸ਼ ਜੀ ਨੂੰ ਨਾਲ ਲੈ ਕੇ ਉਸ ਢਾਬੇ ਤੇ ਖਾਣਾ ਖਾਣ ਗਏ। ਜਦ ਸਰਦਾਰ ਜੀ ਨੇ ਖਾਣਾ ਤਿਆਰ ਕਰਕੇ ਟੇਬਲ ਤੇ ਰੱਖਿਆ ਤਾਂ ਦਾਲ ਫਿਰ ਮਸਰ-ਮੂੰਗੀ ਦੀ। ਸਰਹੱਦੀ ਜੀ ਸਰਦਾਰ ਜੀ ਨੂੰ ਕਹਿਣ ਲੱਗੇ, "ਮੈਂ ਤੁਹਾਨੂੰ ਕੁਝ ਸਪੈਸ਼ਲ ਬਣਾਉਣ ਨੂੰ ਕਿਹਾ ਸੀ।" ਸਰਦਾਰ ਜੀ ਬੋਲੇ, "ਸਪੈਸ਼ਲ ਹੀ ਹੈ। ਅੱਜ ਮੈਂ ਦਾਲ ਨੂੰ ਤੜਕਾ ਲਗਾ ਦਿੱਤਾ ਹੈ।" ਸਰਹੱਦੀ ਸਾਹਿਬ ਅਤੇ ਯਸ਼ ਜੀ ਖਿੜਖਿੜਾ ਕੇ ਹੱਸ ਪਏ। ਸਰਹੱਦੀ ਜੀ ਨੇ ਕਿਹਾ, "ਸਰਦਾਰ ਜੀ ਤੁਸੀਂ ਯਸ਼ ਜੀ ਨੂੰ ਮਿਲ ਸਕਦੇ ਹੋ। ਕੋਈ ਗੱਲ ਵੀ ਕਰ ਸਕਦੇ ਹੋ।" ਸਰਦਾਰ ਜੀ ਨੇ ਕਿਹਾ, "ਤੁਹਾਡੀ ਫ਼ਿਲਮ 'ਕਭੀ ਕਭੀ' ਮੈਂ ਕਈ ਵਾਰ ਵੇਖੀ। ਮੈਂ ਆਪਣੀ ਪਤਨੀ ਨੂੰ ਵੀ ਵਿਖਾਈ ਹੈ।" ਯਸ਼ ਜੀ ਨੇ ਕਿਹਾ, "ਵੋਹ ਫ਼ਿਲਮ ਮੇਰੀ ਨਹੀਂ ਇਸ ਆਦਮੀ ਕੀ ਹੈ।" ਸਰਦਾਰ ਜੀ ਵੇਖਦੇ ਹੀ ਰਹਿ ਗਏ। ਫਿਰ ਯਸ਼ ਜੀ ਨੇ ਕਿਹਾ, "ਇਹ ਸਾਗਰ ਸਰਹੱਦੀ ਹੈ। ਇਸ ਨੇ 'ਕਭੀ ਕਭੀ' ਫ਼ਿਲਮ ਦੀ ਕਹਾਣੀ ਅਤੇ ਡਾਇਲਾਗ ਲਿਖੇ ਹਨ। ਤਕਰੀਬਨ ਸਾਰਾ ਕੰਮ ਇਸ ਨੇ ਹੀ ਕੀਤਾ ਹੈ।" ਸਰਦਾਰ ਜੀ ਹੈਰਾਨ ਹੋ ਗਏ। ਐਨੇ ਦਿਨ ਤੋਂ ਇਹ ਆਦਮੀ ਉਸ ਦੇ ਢਾਬੇ ਤੇ ਆ ਰਿਹਾ ਸੀ ਪਰ ਦੱਸਿਆ ਕੁਝ ਨਹੀਂ ਸੀ। ਬੱਸ ਫਿਰ ਕੀ, ਸਰਦਾਰ ਜੀ ਅੰਦਰ ਪੰਜਾਬੀ ਜਾਗ ਪਿਆ। ਉਸ ਨੇ ਸਰਹੱਦੀ ਸਾਹਿਬ ਨੂੰ ਘੁੱਟ ਕੇ ਜੱਫੀ ਪਾ ਲਈ। ਖੁਸ਼ੀ ਵਿੱਚ ਖੀਵਾ ਹੋਇਆ ਕਹਿਣ ਲੱਗਾ, "ਸਾਬ ਬਹਾਦਰ, ਅੱਜ ਮੈਂ ਤੁਹਾਨੂੰ ਸਪੈਸ਼ਲ ਚਾਹ ਬਣਾ ਕੇ ਪਿਆਵਾਂਗਾ। ਦੁੱਧ ਰੋਕ ਕੇ ਅਤੇ ਪੱਤੀ ਜਰਾ ਠੋਕ ਕੇ ਪਾਵਾਂਗਾ। ਮੇਰੀ ਬਣੀ ਚਾਹ ਨੂੰ ਤੁਸੀਂ ਹਮੇਸ਼ਾ ਯਾਦ ਰੱਖੋਗੇ।" ਸਰਹੱਦੀ ਜੀ ਹਮੇਸ਼ਾ ਇਸ ਪਿਆਰੀ ਘਟਨਾ ਦਾ ਆਪਣੇ ਮਿੱਤਰਾਂ ਦੋਸਤਾਂ ਕੋਲ ਜ਼ਿਕਰ ਕਰਦੇ ਸੀ।

ਕਲਾ ਨੂੰ ਮਨੋਰੰਜਨ ਨਹੀਂ ਕਿਹਾ ਜਾ ਸਕਦਾ। ਕਲਾ ਤਾਂ ਅਨੰਦ ਹੈ। ਅਨੰਦ ਦੀ ਸਾਨੂੰ ਵਿਸਮਾਦ ਵਿੱਚ ਲੈ ਕੇ ਜਾਂਦਾ ਹੈ। ਕਲਾ ਸਾਨੂੰ ਸਿਖਲਾਈ ਚਸ਼ਮਿਆਂ ਦੇ ਡੂੰਘੇ ਪਾਣੀਆਂ ਵਿੱਚ ਉੱਤਰਨ ਦਾ ਸੁਨੇਹਾ ਦੇ ਕੇ ਅਨੰਦ ਦੀ ਪੱਧਰ ਨੂੰ ਉੱਚਾ ਚੁੱਕ ਦਿੰਦੀ ਹੈ। ਅਸੀਂ ਕਈ ਵਾਰ ਕੁਝ ਕੰਮ ਮਨੋਰੰਜਨ ਲਈ ਨਹੀਂ, ਅਨੰਦ ਲਈ ਕਰਦੇ ਹਾਂ, ਸਕੂਨ ਲਈ ਕਰਦੇ ਹਾਂ, ਜਿਸ ਵਿੱਚੋਂ ਮੁਨਾਫ਼ਾ ਨਹੀਂ ਅਨੰਦ ਭਾਲਦੇ ਹਾਂ।

1982 ਵਿੱਚ ਬਣੀ ਆਰਟ ਫ਼ਿਲਮ 'ਬਾਜ਼ਾਰ' ਦਾ ਬਾਲੀਵੁੱਡ ਵਿੱਚ ਆਪਣਾ ਮੁਕਾਮ ਹੈ। ਸਰਹੱਦੀ ਸਾਹਿਬ 'ਬਾਜ਼ਾਰ' ਫ਼ਿਲਮ ਦੇ ਨਿਰਮਾਤਾ, ਨਿਰਦੇਸ਼ਕ, ਅਤੇ ਰਾਈਟਰ ਖੁਦ ਹੀ ਸਨ। ਇਸ ਫ਼ਿਲਮ ਵਿੱਚ ਨਸੀਰੁਦੀਨ ਸ਼ਾਹ, ਸਮਿਤਾ ਪਾਟਿਲ, ਫ਼ਾਰੂਕ ਸ਼ੇਖ਼, ਤੇ ਸੁਪ੍ਰਿਆ ਪਾਠਕ ਨੇ ਕੰਮ ਕੀਤਾ ਸੀ। ਇਸ ਫ਼ਿਲਮ ਦਾ ਸੰਗੀਤ ਖ਼ਿਆਮ ਨੇ ਤਿਆਰ ਕੀਤਾ ਸੀ। 'ਬਾਜ਼ਾਰ' ਫ਼ਿਲਮ ਦੇ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ ਉੱਤੇ ਹਨ ਜਿਵੇਂ ਦਿਖਾਈ ਦੀਏ ਯੂੰ, ਫਿਰ ਛਿੜੀ ਰਾਤ, ਦੇਖ ਲੋ ਆਜ ਹਮ ਕੋ ਜੀ ਭਰ ਕੇ, ਆਦਿ। ਇਸ ਫ਼ਿਲਮ ਨੇ ਨਵੇਂ ਦਿਸਹੱਦਿਆਂ ਨੂੰ ਸਿਰਜਿਆ। ਸਰਹੱਦੀ ਸਾਹਿਬ ਜ਼ਿਕਰ ਕਰਦੇ ਹਨ, "ਇਹ ਫ਼ਿਲਮ ਤਿੰਨ ਵਾਰੀ ਦੂਰਦਰਸ਼ਨ ਤੇ ਦਿਖਾਈ ਗਈ। ਹਰ ਵਾਰੀ ਹੀ ਮੈਨੂੰ ਢਾਈ ਢਾਈ ਲੱਖ ਰੁਪਇਆ ਮਿਲਿਆ ਜਿਸ ਵਿਚੋਂ ਜਦੋਂ ਮੈਂ 11 ਹਜ਼ਾਰ ਸੁਪ੍ਰਿਆ ਨੂੰ ਦਿੱਤੇ, ਉਹ ਲਵੇ ਨਾ। ਉਸ ਨੇ ਕਿਹਾ, 'ਤੁਸੀਂ ਮੈਨੂੰ ਬਰੇਕ ਦਿੱਤੀ। ਮੈਂ ਰੁਪਏ ਨਹੀਂ ਲੈਣੇ।' ਪਰ ਮੈ ਫਿਰ ਵੀ ਦਿੱਤੇ। ਚਾਲੀ ਹਜ਼ਾਰ ਰੁਪਏ ਸਮਤਾ ਪਾਟਿਲ ਨੂੰ ਦਿੱਤੇ। ਉਸ ਨੇ ਕਿਹਾ, 'ਮੈਂ ਕੰਮ ਪੈਸੇ ਲਈ ਨਹੀਂ ਸਰਹੱਦੀ ਸਾਹਿਬ ਜੀ ਤੁਹਾਡੇ ਲਈ ਕੀਤਾ ਹੈ।' ਬਾਕੀ ਸਾਰੀ ਟੀਮ ਨੂੰ ਮੈਂ ਜੋ ਦਿੱਤਾ, ਉਨ੍ਹਾਂ ਨੇ ਹੱਸ ਕੇ ਕਬੂਲ ਕਰ ਲਿਆ।"

ਅੱਜ ਵੀ ਜਦੋਂ ਆਰਟ ਫ਼ਿਲਮਾਂ ਦੀ ਗੱਲ ਹੁੰਦੀ ਹੈ ਤਾਂ ਇਸ ਫ਼ਿਲਮ ਦਾ ਜ਼ਿਕਰ ਹੁੰਦਾ ਹੈ। ਜਦੋਂ 'ਬਾਜ਼ਾਰ' ਫ਼ਿਲਮ ਬਣ ਰਹੀ ਸੀ ਤਾਂ ਯਸ਼ ਚੋਪੜਾ ਨੇ ਸਰਹੱਦੀ ਸਾਹਿਬ ਨੂੰ ਫ਼ੋਨ ਕੀਤਾ, "ਸਰਹੱਦੀ ਸਾਹਿਬ ਆਪ ਇਸ ਫ਼ਿਲਮ ਕੋ ਹਮਾਰੇ ਬੈਨਰ ਕੇ ਨੀਚੇ ਬਨਾ ਲੇਤੇ ਤੋ ਅੱਛਾ ਲਗਤਾ।"

ਸਰਹੱਦੀ ਸਾਹਿਬ ਬੋਲੇ, "ਯਸ਼ ਸਾਹਿਬ ਮੈਂ ਇਸ ਫ਼ਿਲਮ ਕੋ ਰੁਮਾਂਸ ਸੇ ਦੂਰ ਰਖਨਾ ਚਾਹਤਾ ਹੂੰ।" ਯਸ਼ ਚੋਪੜਾ ਜੀ ਹੱਸ ਪਏ। ਪਰ ਯਸ਼ ਜੀ ਦੀ ਦਰਿਆ ਦਿਲੀ ਵੇਖੋ। ਉਨ੍ਹਾਂ ਨੇ ਸਰਹੱਦੀ ਸਾਹਿਬ ਦੀ ਇਸ ਫ਼ਿਲਮ ਲਈ ਹਰ ਤਰ੍ਹਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਅੱਜ ਵੀ ਇਸ ਫ਼ਿਲਮ ਦਾ ਹਰ ਥਾਂ ਹਵਾਲਾ ਦਿੱਤਾ ਜਾਂਦਾ ਹੈ। ਸਰਹੱਦੀ ਸਾਹਿਬ ਦਾ ਨਾਂ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਔਰਤ ਦਾ ਦਰਦ ਇਸ ਫ਼ਿਲਮ ਦੇ ਹਰ ਸੀਨ ਵਿੱਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਹ ਫ਼ਿਲਮ ਸਰਹੱਦੀ ਸਾਹਿਬ ਦੀ ਆਪਣੀ ਪ੍ਰੋਡਕਸ਼ਨ ਸੀ।

ਸਰਹੱਦੀ ਸਾਹਿਬ ਨੇ ਨਸੀਰੁਦੀਨ ਸ਼ਾਹ, ਸਮਿਤਾ ਪਾਟਿਲ, ਦੀਪਤੀ ਨਵਲ, ਅਤੇ ਮਾਰਕ ਜ਼ੁਬਰ ਦੀ ਭੂਮਿਕਾ ਵਾਲੀ 'ਤੇਰੇ ਸ਼ਹਿਰ ਮੇਂ' ਨਾਂ ਦੀ ਫ਼ਿਲਮ ਬਣਾਉਣ ਦੀ ਯੋਜਨਾ ਬਣਾਈ ਸੀ ਪਰ ਫ਼ਿਲਮ ਬਣ ਨਹੀਂ ਸੀ ਸਕੀ।

ਉਨ੍ਹਾਂ 'ਬਾਜ਼ਾਰ' ਦਾ ਦੂਜਾ ਭਾਗ ਬਣਾਉਣ ਬਾਰੇ ਵੀ ਸੋਚਿਆ ਸੀ ਪਰ ਉਨ੍ਹਾਂ ਦਾ ਸੁਫ਼ਨਾ ਸਾਕਾਰ ਨਹੀਂ ਸੀ ਹੋਇਆ। ਅਰਮਾਨਾਂ ਦੇ ਬੱਬਲ ਵੱਟਣੇ ਚਾਹੇ ਪਰ ਵੱਟ ਨਾ ਹੋਏ।

ਸਰਹੱਦੀ ਸਾਹਿਬ ਨੂੰ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹ ਆਪਣੀ ਇੰਟਰਵਿਊ ਵਿੱਚ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਨੇ ਮੁੰਬਈ ਦੇ ਖਾਲਸਾ ਕਾਲਜ ਵਿੱਚ ਪੜ੍ਹਾਈ ਕੀਤੀ। ਜਦੋਂ ਉਹ ਫ਼ਸਟ ਯੀਅਰ ਵਿੱਚ ਪੜ੍ਹਦੇ ਸਨ ਤਾਂ ਗੁਲਜ਼ਾਰ ਸਾਹਿਬ ਸੈਕੰਡ ਯੀਅਰ ਵਿੱਚ ਪੜ੍ਹਦੇ ਸੀ। ਜਦੋਂ ਵੀ ਗੁਲਜ਼ਾਰ ਸਾਹਿਬ ਨਾਲ ਤੇ ਬਾਕੀ ਮਿੱਤਰਾਂ ਨਾਲ ਮਿਲਣਾ ਤਾਂ ਗੁਲਜ਼ਾਰ ਸਾਹਿਬ ਨੇ ਹਮੇਸ਼ਾ ਵੱਡੇ ਲੇਖਕਾਂ ਦਾ ਜ਼ਿਕਰ ਕਰਕੇ ਗੱਲ ਕਰਨੀ। ਕਦੇ ਗਾਲਿਬ ਅਤੇ ਕਦੇ ਮੀਰ। ਹੋਰ ਵੀ ਬਹੁਤ। ਸਰਹੱਦੀ ਸਾਹਿਬ ਕਹਿੰਦੇ ਸਨ, "ਇਹਨਾਂ ਗੱਲਾਂ ਦਾ ਮੇਰੇ ਤੇ ਬਹੁਤ ਅਸਰ ਹੋਇਆ। ਫਿਰ ਮੈਂ ਵੀ ਆਪਣੇ ਅੰਦਰ ਸੁੱਤੇ ਠੋਸ ਇਰਾਦੇ ਨੂੰ ਜਗਾਇਆ।

ਮੈਂ ਰੋਜ਼ਾਨਾ ਅੱਠ-ਦੱਸ ਘੰਟੇ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿਸ ਵੀ ਵੱਡੇ ਲੇਖਕ ਦੀ ਕਿਤਾਬ ਮਿਲਦੀ ਮੈਂ ਪੜ੍ਹ ਕੇ ਹੀ ਸਾਹ ਲੈਂਦਾ। ਯਸ਼ ਪਾਲ ਸਾਰਤਰ ਅਤੇ ਉਨ੍ਹਾਂ ਦੀ (ਦੋਸਤ ਵਜੋਂ ਵਿਚਰੀ ਜੀਵਨ ਸਾਥਣ/ਪਤਨੀ ਨਹੀਂ) ਸਿਮੋਨ ਦਾ ਬੋਵੁਅਰ ਨੂੰ ਰੱਜ ਕੇ ਪੜ੍ਹਿਆ।"

ਕਾਲਜ ਦੇ ਦਿਨਾਂ ਨੂੰ ਯਾਦ ਕਰਕੇ ਉਹ ਹਮੇਸ਼ਾ ਆਖਦੇ ਸਨ। "ਮੈਨੂੰ ਹਮੇਸ਼ਾ ਹੀ ਸੱਯਾਦ ਜ਼ਾਹੀਰ ਹੁਰਾਂ ਨੇ ਬਹੁਤ ਸਪੋਰਟ ਕੀਤਾ। ਉਸ ਇਨਸਾਨ ਨੇ ਮੇਰੇ ਅੰਦਰ ਦੇ ਸਾਗਰ ਨੂੰ ਵੇਖ ਲਿਆ ਸੀ।

# 31 ਮਈ, 2022 ਲਈ ਵਿਸ਼ਵ ਤੰਬਾਕੂ ਰਹਿਤ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਵਿਸ਼ਵ ਸਿਹਤ ਸੰਸਥਾ ਵੱਲੋਂ ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਤੰਬਾਕੂ ਦੀ ਵਰਤੋਂ ਦੇ ਵਿਆਪਕ ਪ੍ਰਸਾਰ ਅਤੇ ਇਸਦੇ ਸਿਹਤ ਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਵੱਲ ਆਮ ਲੋਕਾਂ ਦਾ ਧਿਆਨ ਆਕਰਸ਼ਿਤ ਕਰਨਾ ਹੈ ਜਿਸ ਕਾਰਨ ਮੌਜੂਦਾ ਸਮੇਂ ਦੁਨੀਆਂ ਵਿੱਚ ਹਰ ਸਾਲ ਲੱਗਭੱਗ 70 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚ ਲੱਗਭੱਗ 890000 ਵਿਅਕਤੀ ਗੈਰ ਸਿਗਰਟਨੋਸ਼ੀ ਵਾਲੇ ਹਨ। ਤੰਬਾਕੂ ਦੀ ਵਰਤੋਂ ਵਿਸ਼ਵ ਪੱਧਰ ਤੇ ਜਨਤਕ ਸਿਹਤ ਲਈ ਇੱਕ ਵੱਡਾ ਖਤਰਾ ਹੈ। ਧੂੰਆਂ ਰਹਿਤ ਤੰਬਾਕੂ ਵਰਤਣ ਵਾਲੇ ਸਭ ਤੋਂ ਪਹਿਲਾਂ ਘਾਤਕ ਬਿਮਾਰੀਆਂ ਅਤੇ ਜਲਦੀ ਮੌਤ ਦਾ ਸ਼ਿਕਾਰ ਹੁੰਦੇ ਹਨ, ਦੂਜਾ ਉਪਭੋਗਤਾਵਾਂ ਵਿੱਚ ਜਨਤਕ ਥਾਵਾਂ ਤੇ ਥੁੱਕਣ ਦੀ ਪ੍ਰਵਿਰਤੀ ਹੁੰਦੀ ਹੈ, ਅਤੇ, ਇਸਲਈ, ਇਹ ਖਾਸ ਤੌਰ ਤੇ ਕੋਵਿਡ-19 ਵਰਗੀਆਂ ਛੂਤ ਅਤੇ ਛੂਤ ਦੀਆਂ ਬਿਮਾਰੀਆਂ ਫੈਲਾ ਕੇ ਸਿਹਤ ਦੇ ਜੋਖਮਾਂ ਨੂੰ ਵਧਾਉਂਦਾ ਹੈ। ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਵਿਸ਼ਵ ਸਿਹਤ ਸਗੰਠਨ ਦੀ ਅਸੈਂਬਲੀ ਨੇ ਮਤਾ ਨੰਬਰ 40.38 ਪਾਸ ਕੀਤਾ ਜਿਸ ਵਿੱਚ 07 ਅਪ੍ਰੈਲ 1988 ਨੂੰ ਸਿਗਰਟਨੋਸ਼ੀ ਨਾਂ ਕਰਨ ਵਾਲਾ ਇੱਕ ਸੰਸਾਰ ਕਿਹਾ ਗਿਆ। ਇਸ ਦਿਨ ਦਾ ਉਦੇਸ਼ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੂੰ 24 ਘੰਟੇ ਲਈ ਤੰਬਾਕੂ ਉਤਪਾਦਨਾ ਦੀ ਵਰਤੋਂ ਕਰਨ ਤੋਂ ਰੋਕਣ ਦੀ ਅਪੀਲ ਕਰਨਾ ਸੀ। 1988 ਵਿੱਚ ਵਿਸ਼ਵ ਸਿਹਤ ਅਸੈਂਬਲੀ ਵਲੋਂ ਮਤਾ ਨੰਬਰ 42.19 ਪਾਸ ਕੀਤਾ ਗਿਆ ਅਤੇ ਹਰ ਸਾਲ 31 ਮਈ ਦਾ ਦਿਹਾੜਾ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਪਿਛਲੇ ਸਾਲਾਂ ਵਾਂਗ ਅੱਜ 31 ਮਈ 2022 ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ। ਇਸ ਸਾਲ ਵਿਸ਼ਵ ਤੰਬਾਕੂ ਰਹਿਤ ਦਿਵਸ ਦਾ ਮੁੱਖ ਉਦੇਸ਼ ''ਵਾਤਾਵਰਣ ਦੀ ਰੱਖਿਆ ਕਰੋ'', ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ, ਆਪਣੇ ਜੀਵਨ-ਚੱਕਰ ਦੌਰਾਨ, ਤੰਬਾਕੂ ਗ੍ਰਹਿ ਨੂੰ ਪ੍ਰਦੂਸ਼ਿਤ ਕਰਦਾ ਹੈ ਅਤੇ ਸਾਰੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜੇਕਰ ਤੰਬਾਕੂ ਦੀ ਵਰਤੋਂ ਦਾ ਪਿਛੋਕੜ ਵੇਖੀਏ ਤਾਂ ਮੁਗਲਕਾਲ ਦੇ ਸਮੇਂ 17ਵੀਂ ਸਦੀ ਵਿੱਚ ਪੱਛਮ ਤੋਂ ਆਏ ਤੰਬਾਕੂ ਨੇ ਭਾਰਤੀਆ ਨੂੰ ਅਜਿਹਾ ਜਕੜ੍ਹਿਆ ਕਿ ਅੱਜ ਬਹੁਤੀ ਆਬਾਦੀ ਕਿਸੇ ਨਾਂ ਕਿਸੇ ਰੂਪ ਵਿੱਚ ਤੰਬਾਕੂ ਦਾ ਸੇਵਨ ਕਰਦੀ ਹੈ। ਤੰਬਾਕੂ ਵਿੱਚ ਲਗਭੱਗ 4000 ਹਜ਼ਾਰ ਤੋਂ ਵੱਧ ਨਿਕੋਟੀਨ, ਅਮੋਨੀਆਂ, ਆਰਸੈਨਿਕ, ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਾਈਆਨਾਈਡ, ਨੈਪਥਾਲੀਨ, ਤਾਰਕੋਲ, ਰੇਡੀਓਐਕਟਿਵ ਤੱਤ ਆਦਿ ਜ਼ਹਿਰੀਲੇ ਤੱਤ ਹਨ ਜੋ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਤੰਬਾਕੂ ਕਈ ਕਿਸਮਾਂ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ। ਸਿਗਰਟ ਜਾਂ ਬੀੜੀ ਪੀਣ ਵਾਲੇ ਲੋਕਾਂ ਵੱਲੋਂ ਛੱਡੇ ਗਏ ਧੂਏ ਦਾ ਜੋ ਕਿ ਸਿਗਰਟ ਜਾਂ ਬੀੜੀ ਨਹੀਂ ਪੀਂਦੇ ਉਹਨਾਂ ਦੀ ਸਿਹਤ ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਸਾਲ ਕਰੀਬ 3,00,000 ਲੋਕ ਤੰਬਾਕੂ ਕਾਰਨ ਇਹ ਅਲਾਮਤ ਸਹੇੜਦੇ ਹਨ ਜਦ ਕਿ ਛਾਤੀ ਦੇ ਕੈਂਸਰ ਦੇ ਕਰੀਬ 80,000 ਕੇਸ ਪ੍ਰਤੀ ਸਾਲ ਮਿਲ ਰਹੇ ਹਨ ਤੇ ਬੱਚੇਦਾਨੀ ਨਾਲ ਸਬੰਧਤ ਅਤੇ ਹੋਰ ਕਿਸਮਾਂ ਦੇ ਕੈਂਸਰ ਦੇ ਕਰੀਬ 1,00,000 ਕੇਸ ਸਾਲਾਨਾ ਹਨ। ਤੰਬਾਕੂ ਨਾਲ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਤੰਬਾਕੂ ਦੀ ਵਰਤੋਂ ਕਾਰਨ ਭਾਰਤ ਵਿੱਚ ਸਿਰ, ਗਲਾ ਅਤੇ ਫੇਫੜਿਆਂ ਦੇ ਸਭ ਤੋਂ ਵੱਧ ਕੈਂਸਰ ਕੇਸ ਹੁੰਦੇ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿੱਚੋਂ 40 ਫਿਸਦੀ ਤੰਬਾਕੂ ਕਾਰਨ ਹੁੰਦੇ ਹਨ। ਤੰਬਾਕੂ ਪੀਣ ਵਾਲੇ 89 ਫਿਸਦੀ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਪੀਣ ਵਾਲੇ 50 ਫਿਸਦੀ ਤੋਂ ਵੱਧ ਨੌਜੁਆਨ ਤੰਬਾਕੂ ਕਾਰਲ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਵਰਤੋਂ ਕਰਨ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘੱਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ ਅਤੇ ਗਰਦਨ ਆਦਿ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਕਾਰਨ ਸਾਹ ਨਲੀ ਦੀ ਸੋਜ ਅਤੇ ਪੇਟ ਗੈਸ ਹੁੰਦੀ ਹੈ ਜਿਸ ਨਾਲ ਸਾਹ ਲੈਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਤੰਬਾਕੂ ਨਾਲ ਦਿਲ ਅਤੇ ਖੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਪੀਣ ਵਾਲੇ ਦੇ ਧੂੰਏ ਤੋ ਦੂਜੇ ਲੋਕਾਂ ਨੂੰ ਫੇਫੜਿਆਂ ਅਤੇ ਨੱਕ ਦੀ ਸਾਹ ਨਲੀ ਦਾ ਕੈਂਸਰ, ਦਿਲ ਦਾ ਦੌਰਾ, ਅੱਖਾਂ-ਨੱਕ ਤੇ ਗਲੇ ਵਿੱਚ ਜਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ। ਹਰੇਕ ਪੀਤੀ ਗਈ ਸਿਗਰਟ ਜ਼ਿੰਦਗੀ ਦੇ 4 ਮਿੰਟ ਘਟਾ ਦਿੰਦੀ ਹੈ। ਇਸ ਨਸ਼ੇ ਦੀ ਭਿਅੰਕਰਤਾ ਨੂੰ ਮੁੱਖ ਰੱਖਦਿਆਂ ਹੋਇਆ ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਵੇਖਦਿਆਂ ਹੀ ਸਰਕਾਰ ਨੇ 2003 ਵਿੱਚ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਜਾਂਦੀ ਰਹੀ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿਦਿਅਕ ਅਦ-ਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ, ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ, ਤੰਬਾਕੂ ਉਤਪਾਦਨਾ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। ਭਾਰਤ ਸਰਕਾਰ ਨੇ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਸਾਲ 2007-08 ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਿਸ ਦਾ ਉਦੇਸ਼ ਤੰਬਾਕੂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ, ਤੰਬਾਕੂ ਉਤਪਾਦਨ ਨੂੰ ਘਟਾਉਣਾ ਹੈ। ਅਤੇ ਤੰਬਾਕੂ ਉਤਪਾਦਾਂ ਦੀ ਸਪਲਾਈ, ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ (ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਵੰਡ) ਐਕਟ, 2003÷ ਦੇ ਤਹਿਤ ਉਪਬੰਧਾਂ ਦੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣਾ। ਤੰਬਾਕੂ ਦੀ ਵਰਤੋਂ ਛੱਡਣ ਵਿੱਚ ਲੋਕਾਂ ਦੀ ਮਦਦ ਕਰਨਾ, ਅਤੇ ਤੰਬਾਕੂ ਕੰਟਰੋਲ ਦੇ ਵਿਸ਼ਵ ਸਿਹਤ ਸੰਸਥਾ ਫਰੇਮਵਰਕ ਕਨਵੈਨਸ਼ਨ ਦੁਆਰਾ ਵਕਾਲਤ ਕੀਤੇ ਤੰਬਾਕੂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨਾ। 02 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਕੰਟਰੋਲ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਵਰਤਮਾਨ ਵਿੱਚ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਲਗਭਗ 612 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ। 2009-10 ਤੋਂ 2016-17 ਦੀ ਮਿਆਦ ਦੌਰਾਨ ਤੰਬਾਕੂ ਦੀ ਵਰਤੋਂ ਦਾ ਪ੍ਰਚਲਣ 34.6ਗ ਤੋਂ 6 ਪ੍ਰਤੀਸ਼ਤ ਅੰਕ ਘਟ ਕੇ 28.6ਗ ਹੋ ਗਿਆ ਹੈ। ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਲਗਭਗ 81 ਲੱਖ ਘਟੀ ਹੈ। ਸਰਕਾਰ ਨੇ ਨੈਸ਼ਨਲ ਤੰਬਾਕੂ ਸੇਸੇਸ਼ਨ ਕੁਇਟਲਾਈਨ ਸਰਵਿਸਿਜ਼ 1800112356 ਸ਼ੁਰੂ ਕੀਤੀ ਜਿਸਦਾ ਉਦੇਸ਼ ਤੰਬਾਕੂ ਦੇ ਆਦੀ ਲੋਕਾਂ ਨੂੰ ਤੰਬਾਕੂ ਛੱਡਣ ਲਈ ਮਾਰਗਦਰਸ਼ਨ ਕਰਨਾ ਹੈ। ਤੰਬਾਕੂ ਉਤਪਾਦ ਦੇ ਪੈਕ ਦੇ ਮੁੱਖ ਡਿਸਪਲੇ ਖੇਤਰ ਦੇ ਦੋਵੇਂ ਪਾਸੇ 85ਗ ਨੂੰ ਕਵਰ ਕਰਨ ਵਾਲੇ ਤੰਬਾਕੂ ਉਤਪਾਦਾਂ ਤੇ ਵੱਡੀਆਂ ਵਿਸ਼ੇਸ਼ ਸਿਹਤ ਚੇਤਾਵਨੀਆਂ ਅਤੇ ਤੰਬਾਕੂ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਸਿਹਤ ਚੇਤਾਵਨੀਆਂ ਵਿੱਚ ਕੁਇਟਲਾਈਨ ਨੰਬਰ 1800112356 ਸ਼ਾਮਲ ਕਰਨਾ, ਅਤੇ ਉਹਨਾਂ ਨੂੰ ਸਲਾਹ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ। ਤਿੰਨ ਰਾਸ਼ਟਰੀ ਤੰਬਾਕੂ ਟੈਸਟਿੰਗ ਲੈਬਾਰਟਰੀਆਂ ਦੀ ਸਥਾਪਨਾ ਕੀਤੀ ਗਈ ਹੈ। ਗਲੋਵਲ ਬਾਲਗ ਤੰਬਾਕੂ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ 13.4 ਫਿਸਦੀ ਬਾਲਗ ਵੱਖ ਵੱਖ ਤਰਾਂ ਦੇ ਤੰਬਾਕੂ ਦੀ ਵਰਤੋਂ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਰਿਪੋਰਟਾਂ ਅਨੁਸਾਰ 25.3 ਫੀਸਦੀ ਪੁਰਸ਼ ਅਤੇ 0.5 ਫੀਸਦੀ ਮਹਿਲਾਵਾਂ ਸ਼ਾਮਿਲ ਹਨ। ਪੰਜਾਬ ਵਿੱਚ ਵੀ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਕੰਟਰੋਲ ਸੈਲ ਬਣਾਏ ਗਏ ਹਨ। ਇਸ ਸਬੰਧੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿਹਤ ਵਿਭਾਗ, ਵਿੱਤ ਵਿਭਾਗ, ਲੇਬਰ ਵਿਭਾਗ, ਕਾਮਰਸ, ਗ੍ਰਹਿ ਵਿਭਾਗ, ਪਬਲਿਕ ਰਿਲੇਸ਼ਨ ਵਿਭਾਗ, ਸਿਖਿਆ ਵਿਭਾਗ, ਕਾਨੂੰਨ ਅਤੇ ਖੇਤੀਬਾੜੀ ਵਿਭਾਗ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਦੇ ਨੁੰਮਾਇਦੇ ਨੌਜਵਾਨ ਆਦਿ ਸ਼ਾਮਿਲ ਕੀਤੇ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਪੰਜਾਬ ਦੇ ਰਾਜਪਾਲ ਵਲੋਂ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵਿਦਿਅਕ ਅਦਾਰੇ ਦੇ 100 ਗਜ਼ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾਲ਼ੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ ਅਤੇ ਉਹ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੋਰਡ ਲਗਾਉਣੇ ਯਕੀਨੀ ਬਣਾਉਣ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਦੀ ਆਬਾਦੀ ਲੱਗਭੱਗ 2.75 ਕਰੋੜ ਹੈ ਜਿਸ ਵਿੱਚੋਂ 12ਗ ਆਬਾਦੀ ਭਾਵ ਲੱਗਭੱਗ 33 ਲੱਖ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਮਿਤੀ 6 ਜੁਲਾਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਸਮੋਕ ਫਰੀ ਬਣਾਉਣ ਲਈ ਮੁਹਿੰਮ ਚਲਾਈ ਗਈ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਹੁਣ ਸਾਰੇ ਜਿਲ੍ਹੇ ਤੰਬਾਕੂ ਸਮੋਕ ਮੁੱਕਤ ਘੋਸ਼ਿਤ ਕੀਤੇ ਗਏ ਹਨ। ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਸ ਸਬੰਧੀ ਕਾਰਵਾਈ ਕਰਦਿਆਂ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਖਿਲਾਫ ਕਾਰਵਾਈ ਸ਼ੁਰੂ ਕੀਤੀ ਗਈ ਹੈ ਅਤੇ ਚਲਾਨ ਕੱਟੇ ਜਾ ਰਹੇ ਹਨ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਪੰਜਾਬ ਵਿੱਚ ਵਿੱਚ ਹਰ ਸਾਲ ਇਸ ਐਕਟ ਦੀ ਉਲੰਘਣਾ ਸਬੰਧੀ ਹਜਾਰਾਂ ਚਲਾਨ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਸੂਬੇ ਦੇ ਸੈਕੜ੍ਹੇ ਪਿੰਡਾਂ ਨੂੰ ਤੰਬਾਕੂ ਮੁਕਤ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੇ ਗਏ ਕੰਮਾਂ ਕਾਰਨ ਹੀ ਵਿਸ਼ਵ ਸਿਹਤ ਸੰਗਠਨ ਵਲੋਂ 2015 ਵਿੱਚ ਵਿਸ਼ੇਸ ਤੋਰ ਤੇ ਸਨਮਾਨਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਸੂਬਾ ਪੱਧਰ ਤੇ 01 ਨਵੰਬਰ ਦਾ ਦਿਹਾੜਾ ਪੰਜਾਬ ਰਾਜ ਨੋ ਤੰਬਾਕੂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਾਲ 2020-2021 ਦੌਰਾਨ, ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ, 2003 ਦੇ ਤਹਿਤ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ 8,177 ਚਲਾਨ ਜਾਰੀ ਕੀਤੇ ਗਏ ਹਨ। ਸਾਰੇ ਜ਼ਿਲ੍ਹਿਆਂ ਵਿੱਚ ਤੰਬਾਕੂ ਮੁਕਤੀ ਕੇਂਦਰ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਕੇਂਦਰਾਂ ਵਿੱਚ ਮੁਫਤ ਸਲਾਹ ਸੇਵਾਵਾਂ ਅਤੇ ਟੈਬ ਬੁਪ੍ਰੋਪੀਅਨ, ਨਿਕੋਟੀਨ ਗੱਮ ਅਤੇ ਪੈਚ ਵਰਗੀਆਂ ਬੰਦ ਕਰਨ ਵਾਲੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਾਲ 2020-21 ਵਿੱਚ ਕੁੱਲ 10832 ਤੰਬਾਕੂ ਉਪਭੋਗਤਾਵਾਂ ਨੇ ਇਨ੍ਹਾਂ ਕੇਂਦਰਾਂ ਤੋਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਬੇਸ਼ੱਕ ਕੇਂਦਰ ਅਤੇ ਰਾਜ ਸਰਕਾਰਾਂ ਨੇ ਦਫ਼ਤਰਾਂ, ਬੱਸਾਂ ਅਤੇ ਹੋਰ ਸਰਵਜਨਕ ਥਾਵਾਂ ਤੇ ਸਿਗਰਟ, ਬੀੜੀ ਪੀਣ ਉੱਤੇ ਪਾਬੰਦੀ ਲਗਾਈ ਹੈ ਪਰ ਇਸ ਉਤੇ ਬਹੁਤ ਘੱਟ ਅਮਲ ਹੋ ਰਿਹਾ ਹੈ। ਅਜੇ ਵੀ ਜਨਤਕ ਥਾਵਾਂ ਤੇ ਸਿਗਰਟ ਅਤੇ ਬੀੜੀਆਂ ਪੀਤੀਆਂ ਜਾਂਦੀਆ ਹਨ ਅਤੇ ਤੰਬਾਕੂ ਦੀ ਵਰਤੋਂ ਹੋ ਰਹੀ ਹੈ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵਿਸ਼ਵ ਤੰਬਾਕੂ ਰਹਿਤ ਦਿਵਸ ਦਾ ਮਹੱਤਵ ਕਾਇਮ ਰਹਿ ਸਕੇ।




# ਅਲੋਪ ਹੋ ਰਹੇ 'ਹੱਥ ਪੱਖੇ'



ਤਸਵਿੰਦਰ ਸਿੰਘ ਬੜੈਚ
91-98763-22677

ਬੇਸ਼ੱਕ ਅਸੀ ਏ.ਸੀ., ਬਿਜਲੀ ਪੱਖਿਆਂ ਅਤੇ ਕੂਲਰਾਂ ਦਾ ਭਰਪੂਰ ਅਨੰਦ ਮਾਣ ਰਹੇ ਹਾਂ ਪਰ ਫਿਰ ਵੀ ਹੱਥ ਪੱਖਿਆਂ ਦੀ ਆਪਣੀ ਹੀ ਪਛਾਣ ਹੈ। ਕੋਈ ਵੇਲਾਂ ਸੀ ਜਦੋਂ ਹੱਥ ਪੱਖੇ ਘਰਾਂ 'ਚ ਬੜੇ ਚਾਅ ਨਾਲ ਬੁਣੇ ਜਾਂਦੇ ਸਨ। ਔਰਤਾਂ ਦਾ ਹੱਥ-ਪੱਖੇ, ਪੱਖੀਆਂ, ਦਰੀਆਂ, ਮੰਜੇ-ਪੀੜ੍ਹੀਆਂ ਬੁਣਨਾਂ ਆਮ ਸ਼ੌਂਕ ਸੀ ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਹੱਥ ਪੱਖੇ, ਹੱਥ ਪੱਖੀ ਦੀ ਦੀ ਤਰ੍ਹਾਂ ਹੀ ਬੁਣੇ ਜਾਂਦੇ ਸਨ ਪਰ ਆਕਾਰ ਵਿਚ ਹੱਥ ਪੱਖੀਆਂ ਨਾਲੋਂ ਵੱਡੇ ਹੁੰਦੇ ਸਨ। ਪਹਿਲਾਂ ਹੱਥ ਪੱਖੇ ਦਾ ਚੱਕਰਦਾਰ ਤਾਰ, ਜਿਸ ਨਾਲ ਮੁੱਠੀਨੁਮਾ ਹੱਥੀ ਜੜ੍ਹਤ ਹੁੰਦੀ ਸੀ ਫਰੇਮ ਬਾਜ਼ਾਰ ਵਿਚੋ ਖ਼ਰੀਦਿਆਂ ਜਾਂਦਾ, ਫਿਰ ਉਸ 'ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਂਗਿਆਂ ਦਾ ਤਾਣਾ ਪਾਉਂਦੀਆਂ। ਫਿਰ ਸੂਈ ਵਿਚ ਧਾਗਾ ਪਾ ਕੇ ਉਸ ਨੂੰ ਬੁਣਿਆਂ ਜਾਂਦਾ ਸੀ। ਹੱਥ ਪੱਖੇ ਨੂੰ ਕੁੜੀਆਂ ਬੜੀ ਮਿਹਨਤ ਨਾਲ ਬੁਣਦੀਆ। ਪੱਖਿਆਂ ਉੱਤੇ ਮੁਟਿਆਰਾਂ ਬੜੀਆਂ ਰੀਝਾਂ ਨਾਲ ਵੇਲ-ਬੂਟੇ ਤੇ ਮੋਰ-ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆ। ਅਜਿਹੇ ਨਮੂਨੇ ਪਾਏ ਜਾਂਦੇ ਕਿ ਦੇਖਣ ਵਾਲੇ ਦੀ ਭੁੱਖ ਲਹਿ ਜਾਂਦੀ। ਪੱਖਿਆਂ ਦੇ ਨਮੂਨੇ ਦੇਖਣਯੋਗ ਹੁੰਦੇ ਸਨ। ਵੰਨ-ਸੁਵੰਨੇ ਪੱਖੇ ਦੇਖ ਕੇ ਮਨ ਗਦਗਦ ਹੋ ਜਾਂਦਾ। ਜੇ ਕਿਸੇ ਦੇ ਪੱਖੇ ਦਾ ਨਮੂਨਾ ਬਹੁਤ ਹੀ ਵੱਖਰਾ ਹੁੰਦਾ ਤਾਂ ਉਸ ਤੋਂ ਉਹ ਹੱਥ ਪੱਖਾ ਦੋ-ਚਾਰ ਦਿਨ ਲਈ ਮੰਗ ਕੇ ਉਹੋ ਜਿਹਾ ਨਮੂਨਾ ਘਰ 'ਚ ਪਾ ਲਿਆ ਜਾਂਦਾ। ਪੱਖੇ ਨੂੰ ਬੁਣਨ ਤੋਂ ਬਾਅਦ ਇਸਦੇ ਦੁਆਲੇ ਵਲਦਾਰ ਝਾਲਰ ਲਾਈ ਜਾਂਦੀ। ਝਾਲਰ ਇਕ ਖਾਸ ਨਮੂਨੇ ਦੀ ਬਣਾਈ ਜਾਂਦੀ ਸੀ, ਜਿਹੜੀ ਕਿ ਪੱਖੇ ਵਾਲੇ ਪਾਸਿਉ ਪਲੇਟ ਪਾ ਕੇ ਛੋਟੀ ਕੀਤੀ ਹੁੰਦੀ ਸੀ ਅਤੇ ਬਾਹਰੋਂ ਖੁੱਲੀ ਹੁੰਦੀ ਸੀ। ਝਾਲਰ ਵੀ ਏਨੀ ਪਿਆਰੀ ਲਗਾਈ ਹੁੰਦੀ ਕਿ ਦੇਖਣ ਵਾਲੇ ਦਾ ਮਨ ਮੋਹ ਲੈਂਦੀ। ਇਸ ਤਰ੍ਹਾਂ ਇਹ ਹੱਥ-ਪੱਖਾ ਝੱਲ ਮਾਰਨ ਲਈ ਤਿਆਰ ਹੋ ਜਾਂਦਾ। ਹੱਥ ਨਾਲ ਝੱਲਣ ਵਾਲੇ ਇਹ ਪੱਖੇ ਕਿਸੇ ਵੇਲੇ ਲੋਕਾਂ ਦਾ ਪਸੀਨਾ ਸੁਕਾਉਣ ਦੇ ਕੰਮ ਆਉਂਦੇ ਸਨ। ਇਹ ਪੱਖੇ ਆਮ ਤੌਰ 'ਤੇ ਸਮਾਜਿਕ ਤੇ ਧਾਰਮਿਕ ਇੱਕਠਾ ਵਿਚ ਵਰਤੇ ਜਾਂਦੇ ਸਨ। ਵਿਆਹ-ਸ਼ਾ-ਦੀਆਂ ਵਿਚ ਲਾਵਾਂ-ਫੇਰਿਆਂ ਵੇਲੇ ਇਹ ਪੱਖੇ ਝੱਲੇ ਜਾਂਦੇ ਸਨ। ਗੁਰਦੁ-ਆਰਿਆਂ ਵਿਚ ਇਹ ਪੱਖੇ ਆਮ ਹੁੰਦੇ ਸਨ। ਗੁਰਦੁਆਰਿਆਂ ਦੇ ਇਕੱਠਾਂ ਵਿਚ ਸੰਗਤਾਂ ਦੀ ਸੇਵਾ ਇਹਨਾ ਦੀ ਸੇਵਾ ਇਹਨਾਂ ਪੱਖਿਆਂ ਨਾਲ ਕੀਤੀ ਜਾਂਦੀ ਸੀ। ਇਕ ਜਣਾ ਹੱਥ ਨਾਲ ਡੰਡੀ ਦੇ ਵਿਚਕਾਰੋ ਫੜ ਕੇ ਤੇ ਦੂਜਾ ਹੱਥ ਮੁੱਠੇ ਨੂੰ ਪਾ ਕੇ ਝੱਲਦਾ ਸੀ ਤੇ ਹਵਾ ਲੈਣ ਵਾਲੇ ਉਸ ਨੂੰ ਅਸੀਸਾਂ ਦਿੰਦੇ। ਪੱਖਾ ਝੱਲਣ ਦੀ ਸੇਵਾ ਕਰਨੀ ਲੋਕ ਖੁਸ਼ਕਿਸਮਤੀ ਵਾਲਾ ਕੰਮ ਸਮਝਦੇ ਸਨ। ਗਰਮੀ ਦੇ ਮਹੀਨਿਆਂ ਵਿਚ ਵਹੁਟੀਆ ਵੀ ਰੀਝ ਕਰਦੀਆਂ ਕਿ ਕੰਤ ਉਹਨਾਂ ਨੂੰ ਪੱਖੇ ਦੀ ਹਵਾ ਦੇਵੇ, ਤਾਹੀਓਂ ਤਾਂ ਲੋਕ ਗੀਤਾਂ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਦਾ ਹੈ-

ਤੂੰ ਸੌਵੇਂ ਮੈਂ ਪੱਖਾ ਝੱਲਦੀ,
ਚੰਨ ਜਿਹਾ ਤੇਰਾ ਮੂੰਹ,
ਮੇਰਾ ਵੀ ਜੀਅ ਕਰਦਾ ਸੌਵਾਂ
ਪੱਖਾ ਝੱਲੇਂ ਤੂੰ,

ਪਰ ਅੱਜ ਕੱਲ੍ਹ ਬਿਜ਼ਲਈ ਪੱਖਿਆਂ, ਕੂਲਰਾਂ, ਏ.ਸੀ. ਵਰਗੇ ਸਾਧਨਾਂ ਨੇ ਇਨ੍ਹਾਂ ਪੱਖਿਆਂ ਦੀ ਕਦਰ ਖੋ ਦਿੱਤੀ ਹੈ। ਪੱਖਿਆਂ ਦੇ ਜਾਣ ਨਾਲ ਪੱਖਾ ਝੱਲਣ ਦੀ ਸਾਂਝ ਤੇ ਪੱਖੇ ਬਣਾਉਣ ਦੀ ਇਹ ਕਲਾ ਵੀ ਖਤਮ ਹੋ ਰਹੀ ਹੈ।



ਵੱਡੇ ਇਕੱਠਾ 'ਚ ਕੰਮ ਆਉਣ ਵਾਲਾ ਹੱਥ ਪੱਖਾ ਵੀ ਹੁਣ ਅਜਾਇਬ ਘਰਾਂ 'ਚ ਹੀ ਦਿਸਦਾ ਹੈ।

# ਮੇਰੇ ਪ੍ਰੇਰਨਾ ਸਰੋਤ-ਸ੍ਰੀ ਗੁਰੂ ਰਵਿਦਾਸ ਬਾਣੀ ਦੇ ਮਹਾਨ ਗਿਆਤਾ ਮਾਸਟਰ ਰਾਮ ਧਨ ਨਾਂਗਲੂ ਭੋਗਪੁਰ

1988 ਦਾ ਵਾਕਿਆ ਹੈ ਮੇਰੀ ਉਮਰ ਮਸਾਂ 14 ਕੁ ਸਾਲ ਦੀ ਸੀ ਜਦ ਮੈਂ ਗੁਰੂ ਰਵਿਦਾਸ ਜੀ ਦੇ ਮਿਸ਼ਨ ਵਿੱਚ ਅਜੇ ਨਵਾਂ-ਨਵਾਂ ਦਾਖਲ ਹੋਇਆ ਸੀ। ਮੈਂ ਭੋਗਪੁਰ ਜਿਲ੍ਹਾ ਜਲੰਧਰ ਵਿਖੇ ਕਿਸੇ ਕੰਮ ਗਿਆ ਕਿ ਉਥੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਵਸ ਸਮਾਗਮ ਚਲ ਰਿਹਾ ਸੀ।

ਮੈਂ ਉਥੇ ਰੁਕ ਗਿਆ। ਇੱਥੇ ਇਕ ਕਲੀਨਸ਼ੇਵ, ਸਿਰ ਤੇ ਪਗੜੀ ਸਜਾਈ ਬੁਲਾਰੇ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਬਹੁਤ ਵਿਸਥਾਰਪੂਰਵਕ ਜਾਣਕਾਰੀਆਂ ਦਿੱਤੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਗੁਰੂ ਗ੍ਰੰਥ ਸਾਹਿਬ 40 ਸ਼ਬਦ ਅਤੇ 1 ਸਲੋਕ ਦਰਜ ਹਨ ਅਤੇ ਹੋਰ ਵੀ ਬਹੁਤ ਸਾਰੀ ਬਾਣੀ ਭਾਰਤ ਦੀਆਂ ਵੱਖ-ਵੱਖ ਲਾਇਬਰੇਰੀਆਂ ਅਤੇ ਧਾਰਮਕ ਅਸਥਾਨਾਂ ਤੇ ਉਪਲੱਬਧ ਹੈ। ਮੇਰੇ ਲਈ ਉਨ੍ਹਾਂ ਦੇ ਵਿਚਾਰ ਬਿਲਕੁਲ ਨਵੀਂ ਅਤੇ ਵਡਮੁੱਲੀ ਜਾਣਕਾਰੀ ਸੀ। ਮੈਂ ਉਨ੍ਹਾਂ ਨੂੰ ਉਸ ਸਮੇਂ ਤਾਂ ਮਿਲ ਨਹੀਂ ਸਕਿਆ। ਜਦੋਂ ਮੇਰੇ ਮਨ ਵਿਚ ਗੁਰੂ ਰਵਿਦਾਸ ਜੀ ਦੇ ਮਿਸ਼ਨ ਦੀ ਚੇਟਕ ਵਧਦੀ ਗਈ ਤਾਂ ਤਿੰਨ-ਚਾਰ ਸਾਲ ਬਾਅਦ ਮੇਰਾ ਸੰਪਰਕ ਰਵਿਦਾਸ ਪੱਤ੍ਰਿਕਾ ਅਤੇ ਬੇਗਮਪੁਰਾ ਪਰਿਵਾਰ ਦੇ ਸਾਬਕਾ ਸੰਪਾਦਕ ਸਰਪੰਚ ਰਾਮ ਕਿਸ਼ਨ ਭੋਗਪੁਰ ਨਾਲ ਹੋਇਆ। ਉਨ੍ਹਾਂ ਨੇ ਕਿਹਾ ਕਿ ਮੈਂ ਤੁਹਾਨੂੰ ਗੁਰੂ ਰਵਿਦਾਸ ਬਾਣੀ ਦੇ ਇਕ ਫਿਲਾਸਫਰ ਨਾਲ ਮਿਲਾਉਂਦਾ ਹਾਂ। ਫਿਰ ਉਨ੍ਹਾਂ ਨੇ ਮੈਨੂੰ ਉਸੇ ਫਿਲਾਸਫਰ ਨਾਲ ਮਿਲਾਇਆ ਜਿਸ ਪਗੜੀਧਾਰੀ ਕਲੀਨਸ਼ੇਵ ਬੁਲਾਰੇ ਦਾ ਮੈਂ ਕਾਇਲ ਸਾਂ। ਉਹ ਸੀ ਮਾਸਟਰ ਰਾਮਧਨ ਨਾਂਗਲੂ। ਉਸੇ ਸਮੇਂ ਤੋਂ ਬਆਦ ਮੈਂ ਨਾਂਗਲੂ ਜੀ ਨੂੰ ਮਿਲਦਾ ਰਿਹਾ ਤੇ ਗੁਰੂ ਰਵਿਦਾਸ ਮਿਸ਼ਨ ਅਤੇ ਆਪਣੇ ਸਮਾਜ ਦੀ ਜਾਣਕਾਰੀ ਪ੍ਰਾਪਤ ਕਰਦਾ ਰਿਹਾ। 1998 ਵਿੱਚ ਅਸੀਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ ਦਾ ਗਠਨ ਕੀਤਾ। ਤਿੰਨ ਸਾਲ ਕੰਮ ਕਰਨ ਉਪਰੰਤ ਅਸੀਂ ਨਾਂਗਲੂ ਜੀ ਨੂੰ ਇਸ ਸਭਾ ਦੇ ਪ੍ਰਧਾਨ ਬਣਨ ਨੂੰ ਕਿਹਾ ਪਰ ਉਨ੍ਹਾਂ ਨੇ ਪ੍ਰਧਾਨ ਬਣਨ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਸਮਾਜ ਲਈ ਬਹੁਤ ਲੰਮਾ ਸਮਾਂ ਕੰਮ ਕੀਤਾ ਹੈ ਆਪਣੀ ਡਿਊਟੀ ਦੇ ਨਾਲ ਨਾਲ ਰੋਜ਼ਾਨਾ ਪੂਰੀ-ਪੂਰੀ ਰਾਤ ਤਕ ਵੀ ਗੁਰੂ ਰਵਿਦਾਸ ਬਾਣੀ ਨੂੰ ਖੋਜ ਕੇ, ਪੜ੍ਹ ਕੇ, ਵਿਚਾਰ ਕੇ ਬੜਾ ਕੁਝ ਲਿਖਦਾ ਰਿਹਾ ਪਰ ਸਾਡੇ ਸਮਾਜ ਦੇ ਲੋਕ ਗੁਰੂ ਸਾਹਿਬਾਨਾਂ ਦੇ ਵਿਚਾਰਾਂ ਤੇ ਚਲਦੇ ਨਹੀਂ ਹਨ। ਏਨਾ ਪ੍ਰਚਾਰ ਹੋਣ ਦੇ ਬਾਵਜੂਦ ਸਮਾਜ ਉੱਥੇ ਦਾ ਉੱਥੇ ਖੜ੍ਹਾ ਹੈ। ਹੁਣ ਮੈਂ ਥੱਕ ਗਿਆ ਹਾਂ, ਅੱਕ ਗਿਆ ਹਾਂ ਅਤੇ ਮੇਰੇ ਵਿਚ ਕੁਝ ਵੀ ਕਰਨ ਦੀ ਹਿੰਮਤ ਨਹੀਂ ਹੈ। ਪ੍ਰੰਤੂ ਮੈਂ ਉਨ੍ਹਾਂ ਕੋਲ ਵਾਰ ਵਾਰ ਜਾ ਕੇ ਗੁਰੂ ਰਵਿਦਾਸ ਜੀ ਬਾਰੇ ਵਿਚਾਰਾਂ ਕਰਦਾ ਰਿਹਾ। ਗੁਰੂ ਰਵਿਦਾਸ ਬਾਣੀ ਤੇ ਵਿਚਾਰਧਾਰਾ ਵਿੱਚ ਮੇਰੀ ਸ਼ਰਧਾ ਦੀ ਕਦਰ ਕਰਦਿਆਂ ਉਨ੍ਹਾਂ ਨੇ ਦੁਬਾਰਾ ਕੰਮ ਆਰੰਭ ਕਰਨ ਦੀ ਹਾਮੀ ਭਰ ਦਿੱਤੀ। ਉਨ੍ਹਾਂ ਕਿਹਾ ਕਿ ਮੈਂ ਸਭ ਕੁਝ ਛੱਡ ਦਿੱਤਾ ਸੀ ਹੁਣ ਤੁਸੀਂ ਮੇਰੇ ਤੋਂ ਇਹ ਕੰਮ ਦੁਬਾਰਾ ਸ਼ੁਰੂ ਕਰਵਾਇਆ ਹੈ। ਫਿਰ ਉਹ ਸਾਡੀ



ਸੰਸਥਾ ਨਾਲ ਜੁੜ ਗਏ ਤੇ ਅਸੀਂ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਵਿੱਚ ਅੱਗੇ ਵਧਣ ਲੱਗੇ। ਅਸੀਂ ਉਨ੍ਹਾਂ ਨੂੰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ) ਬਿਨਪਾਲਕੇ ਦੇ ਪ੍ਰਧਾਨ ਦੀ ਸੇਵਾ ਦੇ ਦਿੱਤੀ, ਜੋ ਨਾਂਗਲੂ ਜੀ ਨੇ ਆਖ਼ਰੀ ਸਾਹਾਂ ਤਕ ਨਿਭਾਈ।

ਮਾਸਟਰ ਰਾਮਧਨ ਨਾਂਗਲੂ ਦਾ ਜਨਮ ਜੰਗਪੁਰ, ਚੱਕ ਨੰਬਰ 212, ਲਾਇਲਪੁਰ ਪਾਕਿਸਤਾਨ ਵਿਖੇ 1940 ਈਸਵੀ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਸ੍ਰੀ ਰੱਖਾ ਰਾਮ ਅਤੇ ਮਾਤਾ ਦਾ ਨਾਮ ਸ੍ਰੀਮਤੀ ਈਸਰੀ ਸੀ ਉਨ੍ਹਾਂ ਦੀ ਸ਼ਾਦੀ ਸ੍ਰੀਮਤੀ ਨਿਰਮਲਾ ਵਾਸੀ ਪਿੰਡ ਲੜੋਈ ਜ਼ਿਲ੍ਹਾ ਜਲੰਧਰ ਨਾਲ ਹੋਈ। ਉਨ੍ਹਾਂ ਦੇ ਦੋ ਸਪੁੱਤਰ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਰਾਕੇਸ਼ ਕੁਮਾਰ ਅਤੇ ਦੋ ਪੁੱਤਰੀਆਂ ਸ੍ਰੀਮਤੀ ਪੁਸ਼ਪ ਲਤਾ ਅਤੇ ਸ਼੍ਰੀ ਮਤੀ ਊਸ਼ਾ ਕਿਰਨ ਜੀ ਹਨ। ਉਨ੍ਹਾਂ ਨੇ ਡੀ ਫਾਰਮੇਸੀ ਅਤੇ ਜੇ ਬੀ ਟੀ ਦਾ ਡਿਪਲੋਮਾ ਕੀਤਾ। ਫਿਰ ਉਹ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਲੱਗ ਗਏ। ਜਲੰਧਰ ਦੇ ਭੋਗਪੁਰ ਬਲਾਕ ਵਿਚ ਉਨ੍ਹਾਂ ਨੇ ਪਿੰਡ ਚਾਹੜਕੇ, ਹਸਨਮੁੰਡਾ, ਕਿੰਗਰਾ ਚੋ ਵਾਲਾ ਵਿੱਚ ਬੱਚਿਆਂ ਨੂੰ ਪੜ੍ਹਾਇਆ ਅਤੇ ਫਿਰ 1998 ਵਿਚ ਭਟਨੂਰਾ ਲੁਬਾਣਾ ਤੋਂ ਸੈਂਟਰ ਹੈਡ ਟੀਚਰ ਦੇ ਅਹੁਦੇ ਤੋਂ ਰਿਟਾਇਰਡ ਹੋਏ।

ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 60 ਸਾਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਆਦਿਵਾਸੀ ਕੌਮ ਦੇ ਉਥਾਨ ਲਈ ਲਗਾਏ। ਉਨ੍ਹਾਂ ਨੇ ਆਦਿ ਧਰਮ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਨਾਲ ਵੀ ਕੰਮ ਕੀਤਾ। ਉਹ ਅਕਸਰ ਸੰਤ ਸਰਵਣ ਦਾਸ, ਸੰਤ ਈਸਰਦਾਸ ਮਹਾਰਾਜ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਚੌਧਰੀ ਹਜ਼ਾਰਾ ਰਾਮ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ। ਉਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਵਧੀਆ ਲੇਖਕ ਸਨ। ਜਿਵੇਂ ਕਹਿੰਦੇ ਹਨ ਕਿ ਗਿਆਨ ਹਾਸਲ ਕਰਨ ਲਈ ਉਮਰ ਦੀ ਕੋਈ ਸੀਮਾ ਨਹੀਂ ਹੁੰਦੀ ਉਵੇਂ ਹੀ ਨਾਂਗਲੂ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਸੱਤਵੇਂ ਦਹਾਕੇ ਵਿੱਚ ਉਰਦੂ ਦੀ ਸਿੱਖਿਆ ਲੈਣੀ ਆਰੰਭ ਕੀਤੀ। ਉਨ੍ਹਾਂ ਨੇ ਮਲੇਰਕੋਟਲੇ ਵਿਖੇ ਜਾ ਕੇ ਕਲਾਸਾਂ ਲਗਈਆਂ ਤੇ ਉਰਦੂ ਭਾਸ਼ਾ ਦਾ ਗਿਆਨ ਹਾਸਲ ਕੀਤਾ। ਨਾਂਗਲੂ ਸਾਹਿਬ ਕੰਪਿਊਟਰ ਦੀ ਸਿੱਖਿਆ ਵੀ ਹਾਸਲ ਕਰ ਰਹੇ ਸਨ ਉਹ ਆਪਣੇ ਲੇਖ ਆਪ ਹੀ ਟਾਈਪ ਕਰ ਲੈਂਦੇ ਸਨ। ਨਾਂਗਲੂ ਸਾਹਿਬ ਦੀ ਆਪਣੀ ਬਹੁਤ ਵੱਡੀ ਲਾਇਬ੍ਰੇਰੀ ਸੀ ਜਿਸ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਦੀਆਂ ਸੈਂਕੜੇ ਪੁਸਤਕਾਂ ਅਤੇ ਹਜ਼ਾਰਾਂ ਅਖ਼ਬਾਰਾਂ ਜਿਸ ਵਿਚ ਵਿਸ਼ੇਸ਼ ਤੌਰ ਤੇ ਰਵਿਦਾਸ ਪ੍ਰੱਤਕਾ ਅਤੇ ਬੇਗਮਪੁਰਾ ਪਰਿਵਾਰ ਅਖ਼ਬਾਰਾਂ ਮੌਜੂਦ ਸਨ। ਰਵਿਦਾਸ ਪ੍ਰੱਤਕਾ ਦੇ ਮੁੱਖ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ, ਸਰਪੰਚ ਰਾਮ ਕਿਸ਼ਨ ਭੋਗਪੁਰ, ਸੀ ਐਲ ਚੁੰਬਰ, ਪ੍ਰੋਫੈਸਰ ਲਾਲ ਸਿੰਘ, ਸ। ਮੱਘਰ ਸਿੰਘ ਲੁਧਿਆਣਾ, ਸ੍ਰੀ ਕਾਂਸ਼ੀ ਰਾਮ ਕਲੇਰ ਜੰਡੂਸਿੰਘਾ, ਮਾਸਟਰ ਕਿਸ਼ਨ ਚੰਦ ਭੋਗਪੁਰ, ਪ੍ਰੋਫੈਸਰ ਲਾਲ ਬਹਾਦੁਰ ਮੁੱਖ ਸੰਪਾਦਕ ਬੇਗਮਪੁਰਾ ਸ਼ਹਿਰ, ਸ੍ਰੀ ਭਗਤ ਰਾਮ ਦੀਵਾਨਾ, ਸ਼੍ਰੀ ਚਾਨਣ ਲਾਲ ਮਾਣਕ, ਸ਼੍ਰੀ ਸੱਤਪਾਲ ਸਾਹਲੋਂ, ਸ਼੍ਰੀ ਰਛਪਾਲ ਸਿੰਘ ਬੱਧਣ ਤੋਂ




**ਚਰਨਜੀਤ ਬਿਨਪਾਲਕੇ**
91-98722-42944

ਇਲਾਵਾ ਆਦਿ ਧਰਮ ਦੇ ਬਹੁਤ ਸਾਰੇ ਕਾਰਜਕਰਤਾਵਾਂ ਨਾਲ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਅਨੇਕਾਂ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਨੇ ਸੰਤ ਗ਼ਰੀਬ ਦਾਸ ਡੇਰਾ ਸੱਚਖੰਡ ਬੱਲਾਂ ਤੋਂ ਨਾਮ ਦਾਨ ਦੀ ਪ੍ਰਾਪਤੀ ਕੀਤੀ ਅਤੇ ਉਹ ਲੰਮਾ ਸਮਾਂ ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਅਹੁਦੇਦਾਰ ਵੀ ਰਹੇ। ਉਹ ਬਹੁਤ ਵਧੀਆ ਬੁਲਾਰੇ ਵੀ ਸਨ। ਉਨ੍ਹਾਂ ਨੇ ਗੁਰੂ ਰਵਿਦਾਸ ਮਿਸ਼ਨ ਦੀਆਂ ਬਹੁਤ ਸਾਰੀਆਂ ਕਿਤਾਬਾਂ ਦੀ ਸੋਧ, ਪਰੂਫ ਰੀਡਿੰਗ ਅਤੇ ਪ੍ਰਕਾਸ਼ਨ ਦੇ ਕੰਮਾਂ ਵਿਚ ਆਪਣਾ ਯੋਗਦਾਨ ਪਾਇਆ। ਸੰਸਥਾ ਵੱਲੋਂ ਪ੍ਰਕਾਸ਼ਿਤ ਕੀਤੇ ਗਏ 35 ਟ੍ਰੈਕਟਾਂ ਵਿੱਚ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਉਨ੍ਹਾਂ ਦੀਆਂ ਰਚਨਾਵਾਂ ਰੋਜ਼ਾਨਾ ਸਪੋਕਸਮੈਨ, ਬੇਗਮਪੁਰਾ ਸ਼ਹਿਰ ਅਖ਼ਬਾਰ, ਦੇਸ ਦੁਆਬਾ ਅਮਰੀਕਾ, ਮੈਗਜ਼ੀਨ ਸੱਚ ਦਾ ਸੂਰਜ, ਰਵਿਦਾਸ ਜੈਕਾਰਾ, ਅਤੇ ਹੋਰ ਬਹੁਤ ਸਾਰੀਆਂ ਅਖ਼ਬਾਰਾਂ ਕਿਤਾਬਾਂ ਵਿਚ ਆਪਣੀ ਲੇਖ ਪ੍ਰਕਾਸ਼ਿਤ ਕਰਵਾਏ। 25 ਮਈ 2020 ਨੂੰ ਇਹ ਆਦਿ ਧਰਮੀ ਇਨਕਲਾਬੀ ਬਾਬਾ ਦੁਨੀਆਂ ਤੋਂ ਰੁਖ਼ਸਤ ਹੋ ਗਿਆ।

**# ਜਨਰਲ ਸਕੱਤਰ**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ {ਰਜਿ}**
**ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ**

# ਨਵੀਂ ਪਨੀਰੀ ਦੇ ਬੇਮੁੱਖ ਹੋਣ ਕਰਕੇ ਠੱਪ ਹੋਇਆ ਠਠਿਆਰਾਂ ਦਾ ਧੰਦਾ

**ਜੰਡਿਆਲਾ ਗੁਰੂ**–ਕਿਸੇ ਸਮੇਂ ਪਿੱਤਲ ਅਤੇ ਤਾਂਬੇ ਦੇ ਭਾਂਡਿਆਂ ਦੇ ਨਿਰਮਾਣ ਲਈ ਮਸ਼ਹੂਰ ਜੰਡਿਆਲਾ ਗੁਰੂ 'ਚ ਇਹ ਕੰਮ ਕਰਨ ਵਾਲੇ ਗਿਣਤੀ ਦੇ ਹੀ ਕਾਰੀਗਰ ਰਹਿ ਗਏ ਹਨ ਅਤੇ ਇਹ ਪੁਰਾਤਨ ਕਲਾ ਆਖ਼ਰੀ ਸਾਹਾਂ 'ਤੇ ਹੈ। ਮੌਜੂਦਾ ਸਮੇਂ ਇਸ ਕੰਮ ਨੂੰ ਕਰਨ ਵਾਲਿਆਂ ਦੀ ਉਮਰ 55 ਤੋਂ ਉਪਰ ਹੈ। ਕਈ ਠਠਿਆਰਾਂ ਦਾ ਤਾਂ 50 ਸਾਲ ਤੋਂ ਵੱਧ ਦਾ ਭਾਂਡੇ ਤਿਆਰ ਕਰਨ



ਦਾ ਤਜਰਬਾ ਹੈ। ਇਨ੍ਹਾਂ ਸਾਰਿਆਂ ਦੀ ਹੀ ਅਗਲੀ ਪੀੜੀ ਨੇ ਇਸ ਕਿੱਤੇ ਨੂੰ ਨਹੀਂ ਅਪਣਾਇਆ। 200 ਦੇ ਕਰੀਬ ਪਰਿਵਾਰਾਂ ਵਿਚੋਂ 12 ਕੁ ਪਰਿਵਾਰਾਂ ਦੇ ਬਜ਼ੁਰਗ ਹੀ ਇਸ ਕੰਮ ਨੂੰ ਕਰ ਰਹੇ ਹਨ, ਬਾਕੀਆਂ ਨੇ ਹੋਰ ਕਿੱਤੇ ਅਪਣਾ ਲਏ ਹਨ।

ਜੰਡਿਆਲਾ ਗੁਰੂ 'ਚ ਠਠਿਆਰਾਂ ਦਾ ਮੁਹੱਲਾ ਤੇ ਠਠਿਆਰਾਂ ਵਾਲਾ ਬਾਜ਼ਾਰ ਪੰਜਾਬ ਦੇ ਨਾਲ-ਨਾਲ ਬਾਹਰਲੇ ਸੂਬਿਆਂ 'ਚ ਪਿੱਤਲ ਤੇ ਤਾਂਬੇ ਦੇ ਬਰਤਨ ਬਣਾਉਣ ਲਈ ਮਸ਼ਹੂਰ ਸੀ। ਦੂਰੋਂ ਦੂਰੋਂ ਲੋਕ ਇੱਥੇ ਬਰਤਨ ਖ਼ਰੀਦਣ ਅਤੇ ਬਣਵਾਉਣ ਲਈ ਆਉਂਦੇ ਰਹੇ ਹਨ, ਜਿਨ੍ਹਾਂ ਦੀ ਤਾਦਾਦ ਘਟਣ ਕਾਰਨ ਇਸ ਕੰਮ ਨੂੰ ਠਠਿਆਰ ਛੱਡਦੇ ਚਲੇ ਗਏ, ਜੋ ਅੱਜ ਬੰਦ ਹੋਣ ਦੇ ਕੰਢੇ ਪੁੱਜ ਚੁੱਕਾ ਹੈ।

**ਨਵੀਂ ਪੀੜੀ ਨੇ ਭਾਂਡੇ ਬਣਾਉਣ ਦੇ ਕੰਮ ਤੋਂ ਮੂੰਹ ਮੋੜਿਆ**

ਠਠਿਆਰ ਮੰਗਾ ਸਿੰਘ ਨੇ ਕਿਹਾ ਕਿ ਅਜੇ ਤਾਂ ਹੱਥ ਕੰਮ ਕਰ ਰਹੇ ਹਨ, ਚਿੰਤਾ ਇਸ ਗੱਲ ਦੀ ਹੈ ਜਿਸ ਦਿਨ ਭਾਂਡੇ ਬਣਾਉਣ ਲਈ ਸਰੀਰ 'ਚ ਜ਼ੋਰ ਨਾ ਰਿਹਾ ਤਾਂ ਗੁਜ਼ਾਰਾ ਕਿਵੇਂ ਕਰਾਂਗੇ। ਇਹ ਕੰਮ ਇਕ ਪੁਰਾਤਨ ਕਲਾ ਹੈ, ਜੋ ਇਸ ਪੀੜ੍ਹੀ ਦੇ ਨਾਲ ਅਲੋਪ ਹੋ ਜਾਵੇਗੀ। ਵੰਡ ਸਮੇਂ ਲਾਹੌਰ ਤੋਂ ਅੰਮ੍ਰਿਤਸਰ ਆਏ ਕਈ ਠਠਿਆਰ





ਪਰਿਵਾਰਾਂ 'ਚ ਉਨ੍ਹਾਂ ਦਾ ਵੀ ਪਰਿਵਾਰ ਸੀ ਜੋ ਪੀੜ੍ਹੀ ਦਰ ਪੀੜ੍ਹੀ ਹੱਥੀ ਪਿੱਤਲ ਤੇ ਤਾਂਬੇ ਦੇ ਭਾਂਡੇ ਬਣਾਉਂਦਾ ਆ ਰਿਹਾ ਹੈ। ਉਨ੍ਹਾਂ ਦੇ ਦਾਦਾ ਸੁੱਖ ਦਿਆਲ ਸਿੰਘ ਤੋਂ ਬਾਅਦ ਪਿਤਾ ਦਰਸ਼ਨ ਸਿੰਘ ਅਤੇ ਉਨ੍ਹਾਂ ਦੇ ਦੇਹਾਂਤ ਮਗਰੋਂ 15 ਸਾਲ ਦੀ ਉਮਰ 'ਚ ਉਨ੍ਹਾਂ ਖ਼ੁਦ ਇਹ ਕੰਮ ਕਰਨਾ ਸ਼ੁਰੂ ਕੀਤਾ ਅਤੇ ਹੁਣ ਤਕ ਕਰ ਰਹੇ ਹਨ। ਸਖ਼ਤ ਮਿਹਨਤ ਮਗਰੋਂ ਮਸਾਂ ਗੁਜ਼ਾਰਾ ਹੋ ਰਿਹਾ ਹੈ। ਬੱਚਿਆਂ ਨੇ ਇਸ ਕੰਮ ਤੋਂ ਪਾਸਾ ਵੱਟ ਲਿਆ ਹੈ, ਸਰਕਾਰਾਂ ਨੇ ਹਮੇਸ਼ਾ ਲਾਰੇ ਲਾਏ ਪਰ ਕੋਈ ਸਾਰ ਨਹੀਂ ਲਈ।

**ਸਿਲਵਰ ਤੇ ਸਟੀਲ ਨੇ ਭਾਂਡਿਆਂ ਨੇ ਲਈ ਪਿੱਤਲ ਦੇ ਬਰਤਨਾਂ ਦੀ ਥਾਂ ਥਾਂ**

ਜੰਡਿਆਲਾ ਗੁਰੂ 'ਚ ਠਠਿਆਰਾਂ ਵੱਲੋਂ ਪਿੱਤਲ ਤੇ ਤਾਂਬੇ ਦੇ ਭਾਂਡਿਆਂ 'ਚ ਪਰਾਂਤ, ਕੜ੍ਹਾਹੀ, ਪਤੀਲੇ, ਦੇਗ, ਗਾਗਰ, ਗਿਲਾਸ, ਕੜ੍ਹਛੀ, ਜੱਗ, ਡੋਲ, ਥਾਲ, ਜੱਗ, ਸੁਰਾਹੀ ਆਦਿ ਤਿਆਰ ਕਰ ਕੇ ਦੇਸ਼ ਭਰ 'ਚ ਭੇਜੇ ਜਾਂਦੇ ਸਨ। ਥਾਂ-ਥਾਂ ਲੱਗਣ ਵਾਲੇ ਮੇਲਿਆਂ 'ਚ ਵੀ ਮਾਲ ਵੱਧ ਵਿਕਣ ਦੀ ਆਸ ਹੁੰਦੀ ਸੀ। ਹੁਣ ਇਹ ਕੰਮ ਜ਼ਿਆਦਾਤਰ ਠਠਿਆਰ ਲੇਬਰ 'ਤੇ ਹੀ ਕਰ ਰਹੇ ਹਨ। ਪੁਰਾਤਨ ਸਮੇਂ ਵਿਚ ਘਰਾਂ ਅਤੇ ਢਾਬਿਆਂ 'ਚ ਪਿੱਤਲ ਤੇ ਤਾਂਬੇ ਦੇ ਭਾਂਡਿਆਂ ਦੀ ਵਰਤੋਂ ਹੁੰਦੀ ਸੀ। ਮਹਿੰਗਾਈ ਤੇ ਬਰਤਨਾਂ ਦੀ ਵੱਧ ਮੰਗ ਕਾਰਨ ਸਿਲਵਰ ਤੇ ਸਟੀਲ ਨੇ ਇਸ ਦੀ ਥਾਂ ਲੈ ਲਈ ਹੈ।

ਪਿੱਤਲ ਤੇ ਤਾਂਬੇ ਦੇ ਭਾਂਡਿਆਂ ਦੀ ਵਰਤੋਂ ਲਈ ਇਸ ਨੂੰ ਕਲੀ ਕਰਵਾਉਣੀ ਵੀ ਜ਼ਰੂਰੀ ਹੁੰਦੀ ਹੈ। ਪਿੱਤਲ ਦੇ ਬਰਤਨ 750 ਰੁਪਏ ਕਿਲੋ ਤੇ ਤਾਂਬੇ ਦੇ ਬਰਤਨ 1000 ਰੁਪਏ ਕਿਲੋ ਤਕ ਪੁੱਜ ਗਏ ਹਨ। ਸਟੀਲ ਤੇ ਸਿਲਵਰ ਤੋਂ ਮਹਿੰਗੇ ਹੋਣ ਕਾਰਨ ਲੋਕ ਇਨ੍ਹਾਂ ਦੀ ਖ਼ਰੀਦ ਨਹੀਂ ਕਰਦੇ।

**ਚੱਲੇ ਕਾਰਤੂਸਾਂ ਦੇ ਖੋਲਾਂ ਦੀ ਨਿਲਾਮੀ ਲਈ ਠਠਿਆਰਾਂ ਨੂੰ ਆਉਂਦੀ ਸੀ ਚਿੱਠੀ**

ਲਛਮਣ ਦਾਸ (75) ਨੇ ਦੱਸਿਆ ਕਿ ਢਲ੍ਹਾਈ ਵਾਸਤੇ ਸਰਕਾਰ ਵੱਲੋਂ ਚੱਲੇ ਹੋਏ ਕਾਰਤੂਸਾਂ ਦੇ ਖੋਲ ਮਿਲਦੇ ਸਨ, ਉਹ ਵੀ ਸਰਕਾਰ ਨੇ ਬੰਦ ਕਰ ਦਿੱਤੇ ਅਤੇ ਸਰਕਾਰ ਬਾਹਰੋਂ-ਬਾਹਰ ਹੀ ਇਸ ਦੀ ਨਿਲਾਮੀ ਕਰਕੇ ਵੇਚ ਦਿੰਦੀ ਹੈ। ਪੁਰਾਣੇ ਸਮੇਂ 'ਚ ਸਰਕਾਰ ਜੰਡਿਆਲਾ ਗੁਰੂ ਦੇ ਕਾਰਖ਼ਾਨਿਆਂ ਨੂੰ ਚਿੱਠੀ ਪਾਉਂਦੀ ਸੀ ਕਿ ਚੱਲੇ ਹੋਏ ਕਾਰਤੂਸਾਂ ਦੀ ਨਿਲਾਮੀ ਹੋਣ ਜਾ ਰਹੀ ਹੈ। ਜੰਡਿਆਲਾ ਗੁਰੂ ਤੋਂ ਕੁਝ ਵਿਅਕਤੀ ਖੋਲ ਖ਼ਰੀਦ ਕੇ ਲੈ ਆਉਂਦੇ ਸਨ, ਪਰ ਹੁਣ ਅਜਿਹਾ ਨਹੀਂ ਹੁੰਦਾ।

**ਨਹੀਂ ਪਿਆ ਆਸਾਂ ਨੂੰ ਬੂਰ**

2018 'ਚ ਠਠਿਆਰਾਂ ਨੂੰ ਉਸ ਵੇਲੇ ਆਸ ਬੱਝੀ ਸੀ ਜਦੋਂ ਇਸ ਕਲਾ ਨੂੰ ਅੰਤਰਰਾਸ਼ਟਰੀ ਹੈਰੀਟੇਜ ਐਲਾਨ ਚੁੱਕੀ ਯੂਨੈਸਕੋ ਨੇ ਇਸ ਨੂੰ ਆਲਮੀ ਪੱਧਰ 'ਤੇ ਉਤਸ਼ਾਹਿਤ ਕਰਨ ਦਾ ਐਲਾਨ ਕੀਤਾ ਸੀ। ਇਸ ਸਬੰਧੀ ਜੰਡਿਆਲਾ ਗੁਰੂ ਦੇ ਜੈਨ ਹਾਈ ਸਕੂਲ ਵਿਖੇ 27 ਮਈ 2018 ਨੂੰ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਓਸ ਵੇਲੇ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਲ੍ਹਾ ਗੋਬਿੰਦਗੜ੍ਹ ਅਤੇ ਟਾਊਨ ਹਾਲ ਦੇ ਪਾਰਟੀਸ਼ਨ ਮਿਊਜ਼ੀਅਮ 'ਚ ਇਨ੍ਹਾਂ ਭਾਂਡਿਆਂ ਨੂੰ ਵੇਚਣ ਲਈ ਇਕ ਇਕ ਦੁਕਾਨ ਖੋਲ੍ਹਣ ਅਤੇ ਦੁਬਈ ਅੰਤਰਰਾਸ਼ਟਰੀ ਮੇਲੇ ਗਲੋਬਲ ਫੈਸਟੀਵਲ 'ਚ ਇਸ ਦੀ ਪ੍ਰਦਰਸ਼ਨੀ ਲਾਉਣ ਦਾ ਵੀ ਐਲਾਨ ਕੀਤਾ ਸੀ ਪਰ ਇਹ ਸਿਰਫ ਐਲਾਨ ਹੀ ਰਹਿ ਗਏ। ਲਛਮਣ ਦਾਸ ਨੇ ਦੱਸਿਆ ਕਿ ਭਾਰਤ 'ਚ ਜੰਡਿਆਲਾ ਗੁਰੂ ਹੀ ਅਜਿਹਾ ਕਸਬਾ ਹੈ, ਜਿਥੇ ਸਥਾਨਕ ਕਲਾ ਨੂੰ ਯੂਨੈਸਕੋ ਨੇ ਮਾਨਤਾ ਦਿੱਤੀ ਹੈ ਤੇ ਉਤਸ਼ਾਹਿਤ ਕਰਨ ਲਈ ਰਾਜ਼ੀ ਹੋਈ ਸੀ। ਸੂਬਾ ਸਰਕਾਰ ਨੇ ਹਰ ਸਾਲ ਫੰਡ ਵਿੱਚੋਂ 10 ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਵੀ ਕੀਤਾ ਸੀ।

**ਆਰਥਿਕ ਤੰਗੀ ਤੇ ਪੁਰਾਣੀਆਂ ਦੁਕਾਨਾਂ ਵੀ ਚਿੰਤਾ ਦਾ ਵਿਸ਼ਾ**

ਠਠਿਆਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਕੰਮ ਕਰਦਾ ਆ ਰਿਹਾ ਹੈ। ਇਸ ਕੰਮ ਨਾਲ 200 ਪਰਿਵਾਰ ਜੁੜੇ ਹੋਏ ਸਨ, ਪਰ ਹੁਣ 12 ਦੇ ਆਸ-ਪਾਸ ਪਰਿਵਾਰ ਹੀ ਇਸ ਕੰਮ ਨਾਲ ਜੁੜੇ ਰਹਿ ਗਏ ਹਨ। ਇਹ ਪਰਿਵਾਰ ਵੀ ਆਰਥਿਕ ਤੰਗੀ ਨਾਲ ਜੂਝ ਰਹੇ ਹਨ, ਦੁਕਾਨਾਂ ਪੁਰਾਣੀਆਂ ਹੋਣ ਕਾਰਨ ਛੱਤਾਂ ਦੀ ਹਾਲਤ ਬਹੁਤ ਖ਼ਸਤਾ ਹੈ ਕਿਸੇ ਵੀ ਸਮੇਂ ਕੋਈ ਹਾਦਸਾ ਹੋ ਸਕਦਾ ਹੈ। ਸਰਕਾਰ ਨੂੰ ਠਠਿਆਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਜੇਕਰ ਸਮਾਂ ਰਹਿੰਦੇ ਕੁਝ ਨਾ ਕੀਤਾ ਤਾਂ ਇਹ ਕੰਮ ਤੇ ਕਲਾ ਖ਼ਤਮ ਹੀ ਹੋ ਜਾਵੇਗੀ।

## ਡਾ.ਅੰਬੇਡਕਰ ਇਕ ਲਾਸਾਨੀ ਮਹਾਂਪੁਰਸ਼

# ਡਾ.ਬਾਬਾ ਸਾਹਿਬ ਅੰਬੇਡਕਰ ਦੇ ਜੀਵਨ ਚਰਿਤਰ ਤੋਂ ਆਗੂ ਸੇਧ ਲੈਣ



ਐਸ ਐਲ ਵਿਰਦੀ ਐਡਵੋਕੇਟ
91-98145-17499

ਡਾ. ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ 14 ਅਪ੍ਰੈਲ 1891 ਨੂੰ ਮਹੂ ਛਾਉਣੀ 'ਚ ਇਕ ਦਲਿਤ ਸ਼ੋਸ਼ਿਤ ਗਰੀਬ ਪਰਿਵਾਰ ਵਿਚ ਹੋਇਆ। ਉਹਨਾਂ ਦੇ ਜੀਵਨ ਸੰਘਰਸ਼ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਮਹਿਸੂਸ ਹੋ ਰਹੀ ਹੈ ਕਿਉਂਕਿ ਉਹਨਾਂ ਦਾ ਸਮੁੱਚਾ ਜੀਵਨ ਦੁੱਖਾਂ, ਤਕਲੀਫਾਂ ਤੰਗੀਆਂ ਤੁਰਸੀਆਂ ਤੇ ਰੌਂਗਟੇ ਖੜ੍ਹੇ ਕਰਨ ਵਾਲੀਆਂ ਜ਼ਲੀਲ ਤੇ ਅਪਮਾਨਤ ਕਰਨ ਵਾਲੀਆਂ ਦੁਰਘਟਨਾਵਾਂ ਦੀ ਗਾਥਾ ਹੈ। ਭੀਮ ਰਾਓ ਨੂੰ ਜਨਮ ਤੋਂ ਲੈ ਕੇ ਨਿਰਬਾਣ ਤਕ ਬਾਰ ਬਾਰ ਬੁਰਾ ਵਰਤਾਓ ਸਹਿਣਾ ਪਿਆ। ਉਨ੍ਹਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ-ਜਨਤਕ ਥਾਵਾਂ, ਸਕੂਲ, ਕਾਲਜਾਂ, ਹੋਟਲਾਂ, ਹੋਸਟਲਾਂ, ਗੱਡੀਆਂ, ਦੁਕਾਨਾਂ, ਮੰਦਰਾਂ, ਸਰਾਂਵਾਂ, ਦਫਤਰਾਂ ਵਿੱਚ ਬਾਰ ਬਾਰ ਅਪਮਾਨਤ ਕਰਕੇ ਉਥੋਂ ਕੱਢਿਆ ਜਾਂਦਾ ਰਿਹਾ। ਇਸ ਲਗਾਤਾਰ ਭੇਦ-ਭਾਵ, ਅਪਮਾਨ, ਅਨਿਆਂ, ਅੱਤਿਆਚਾਰਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਭੁੱਖਣ-ਭਾਣੇ ਰਹਿਕੇ ਵਿਦੇਸ਼ਾਂ ਦੀਆਂ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚੋਂ ਪੰਜ ਐਮ ਏ, ਪੀ ਐਚ ਜੀ, ਡੀ ਐਸ ਸੀ, ਡੀ ਲਿੱਟ, ਬਾਰ ਐਟ ਲਾਅ ਉਚ ਪੱਧਰੀ ਦਰਜਨਾਂ ਡਿਗਰੀਆਂ ਪ੍ਰਾਪਤ ਕੀਤੀਆਂ, ਜਿਹਨਾਂ ਦਾ ਕੋਈ ਮੁਕਾਬਲਾ ਨਹੀ?

ਡਾਕਟਰ ਅੰਬੇਡਕਰ ਆਪਣੇ ਸਮਕਾਲੀਆਂ ਵਿੱਚੋ ਵਿੱਦਿਆ ਤੇ ਸਿੱਖਿਆ ਪੱਖੋਂ ਸਭ ਤੋਂ ਮੋਹਰੀ ਹਨ। ਉਹਨਾਂ ਦੀ ਆਪਣੀ ਨਿੱਜੀ ਲਾਇਬਰੇਰੀ 'ਚ ਰਾਜਨੀਤੀ ਸ਼ਾਸਤਰ ਦੇ 300, ਇਤਿਹਾਸ ਦੇ 2500 ਗ੍ਰੰਥ, ਧਰਮ ਸਬੰਧੀ 200, ਸਾਹਿਤ ਨਾਲ ਸਬੰਧਤ 13000, ਸਵੈਜੀਵਨੀਆਂ ਦੇ 1200, ਅਰਥਸ਼ਾਸਤਰ ਦੇ 100, ਮਰਾਠੀ ਦੇ 800 ਗ੍ਰੰਥ, ਰਿਪੋਰਟ ਆਦਿ ਦੇ 100, ਤੱਤਵਗਿਆਨ ਦੇ 600, ਭਾਸ਼ਣ ਪੱਤਰ ਆਦਿ 600, ਹਿੰਦੀ ਦੇ ਗ੍ਰੰਥ 500, ਸੰਦਰਭ ਗ੍ਰੰਥ ਦੇ 400, ਯੁੱਧਾਂ ਨਾਲ ਸਬੰਧਤ 300, ਸੰਸਕ੍ਰਿਤ ਦੇ 200, ਬੁੱਧ ਧਰਮ ਪਾਲੀ ਸਾਹਿਤ, ਮਰਾਠੀ ਸਾਹਿਤ ਅਤੇ ਕਈ ਹੋਰ ਭਾਸ਼ਾਵਾਂ ਦੇ ਸ਼ਬਦ ਕੋਸ਼ ਆਦਿ ਦੇ 2000 ਗ੍ਰੰਥਾਂ ਤੋਂ ਅਧਿਕ, ਹਿਸਟੋਰੀ ਆਫ ਦਾ ਵਰਲਡ ਦੇ 25 ਭਾਗ, ਇਨਸਾਈਕਲੋਪੀਡੀਆ 29 ਭਾਗ, ਇਨਸਾਈਕਲੋਪੀਡੀਆ ਸਾਇੰਸਜ ਦੇ 15 ਭਾਗ, ਇਨਸਾਈਕ-ਲੋਪੀਡੀਆ ਐਜੂਕੇਸ਼ਨ ਦੇ 14 ਭਾਗ ਅਤੇ ਹੋਰ ਫੁਟਕਲ 32000 ਦੇ ਕਰੀਬ ਪੁਸਤਕਾਂ ਸਨ। 1

ਮਹਾਮਾਨਵ ਕਾਰਲ ਮਾਰਕਸ ਦੇ ਸਿਵਾਏ, ਕਿਸੇ ਨੇ ਵੀ ਅਣਗਿਣਤ ਵਿਸ਼ਿਆਂ ਉਤੇ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਇੰਨਾ ਅਧਿਐਨ ਨਹੀਂ ਕੀਤਾ। ਉਹ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਅੰਤਰਰਾਸ਼ਟਰੀ ਵਿਦਵਾਨ ਬਣੇ। ਦੂਸਰੇ ਦੇਸ਼ਾਂ ਨੇ ਡਾ.ਅੰਬੇਡਕਰ ਦੀ ਵਿਦਵਤਾ ਦਾ ਲੋਹਾ ਮੰਨਦਿਆਂ ਹੀ ਉਹਨਾਂ ਨੂੰ 'ਸਿੰਬਲ ਆਫ ਨੌਲਜ' ਦਾ ਅਵਾਰਡ ਦੇ ਕੇ ਸਨਮਾਤ ਕੀਤਾ ਹੈ।

ਡਾਕਟਰ ਅੰਬੇਡਕਰ ਦੂਰ-ਦਰਸ਼ੀ ਵਿਚਾਰਵਾਨ ਸਨ। 1942-1947 ਦਰਮਿਆਨ ਉਹਨਾਂ ਦੁਆਰਾ ਭਾਰਤ ਦੇ ਬਟਵਾਰੇ ਤੇ ਕਸ਼ਮੀਰ ਬਾਰੇ ਦਿੱਤੀਆਂ ਦਲੀਲਾਂ ਤੇ ਸੁਝਾਵਾਂ ਨੂੰ ਜੇ ਮੰਨ ਲਿਆ ਜਾਂਦਾ ਤਾਂ 1947 ਦੇ ਕਤਲੇਆਮ ਤੋਂ ਬਚਿਆ ਜਾ ਸਕਦਾ ਸੀ ਤੇ ਜੰਮੂ-ਕਸ਼ਮੀਰ ਵਿਚ ਅੱਜ ਇਹ ਦਿਨ ਦੇਖਣ ਨੂੰ ਨਾ ਆਉਂਦੇ'ੁਹਨਾਂ ਦੀ ਉਸ ਸਮੇਂ 1942 ਵਿਚ ਲਿਖੀ ਪੁਸਤਕ 'ਥੌਟਸ ਓਨ ਪਾਕਿਸਤਾਨ, ਔਰ ਪਾਰਟੀਸ਼ਨ ਆਫ਼ ਇੰਡੀਆ' ਜਿਸ ਦੇ ਉਹਨੀ ਦਿਨੀ ਤਿੰਨ ਅਡੀਸ਼ਨ ਛਪੇ, ਵਿਚ ਦਰਜ ਦਲੀਲਾਂ ਤੇ ਸੁਝਾਅ ਭਾਰਤ ਦੇ ਬਟਵਾਰੇ ਸਮੇਂ ਹੂ-ਬ-ਹੂ ਸੱਚ ਸਾਬਤ ਹੋਏ।

ਡਾ. ਅੰਬੇਡਕਰ ਲਿਖਦੇ ਆ, "ਮੇਰੀ ਜੀਵਨ ਸਾਥਣ ਰਮਾ ਬਾਈ ਨੇ ਪੰਜ ਬੱਚਿਆ ਯਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੂੰ ਜਨਮ ਦਿੱਤਾ। ਰਮਾ ਬਾਈ ਬਿਮਾਰ ਰਹਿੰਦੀ ਸੀ। ਰਮਾ ਬਾਈ ਦੇ ਬੀਮਾਰ ਰਹਿਣ ਦਾ ਇਕ ਕਾਰਨ ਇਹ ਵੀ ਸੀ ਕਿ ਉਹਨਾਂ ਦੇ ਤਿੰਨ ਲੜਕੇ ਅਤੇ ਇੱਕ ਲੜਕੀ ਬਚਪਨ ਵਿੱਚ ਹੀ ਮਰ ਗਏ ਸਨ। ਢਾਈ-ਢਾਈ ਸਾਲ ਤੱਕ ਬੱਚੇ ਜੀਉਂਦੇ ਰਹੇ ਫਿਰ ਮਾਂ ਬਾਪ ਨੂੰ ਰੋਂਦਿਆਂ ਛੱਡ ਕੇ ਚਲਾਣਾ ਕਰ ਗਏ। ਕੇਵਲ ਇੱਕ ਲੜਕਾ ਯਸ਼ਵੰਤ ਜਿਉਂਦਾ ਰਿਹਾ। ਮੇਰਾ ਦੂਜਾ ਲੜਕਾ ਗੰਗਾਧਰ ਅਚਾਨਕ ਬੀਮਾਰ ਹੋ ਗਿਆ। ਘਰ ਦਵਾਈ ਵਾਸਤੇ ਪੈਸੇ ਨਹੀਂ ਸਨ। ਠੀਕ ਤਰ੍ਹਾਂ ਦਾ ਇਲਾਜ ਨਾ ਹੋਣ ਕਰਕੇ ਗੰਗਾਧਰ ਵੀ ਢਾਈ ਸਾਲ ਦੀ ਉਮਰ ਵਿੱਚ ਹੀ ਸਾਨੂੰ ਵਿਛੋੜਾ ਦੇ ਗਿਆ। ਲੋਕ ਆਏ, ਉਹਨਾਂ ਬੱਚੇ ਦੇ ਮ੍ਰਿਤਕ ਸ਼ਰੀਰ ਨੂੰ ਦਫਨਾਉਣ ਲਈ ਕੱਫਣ ਲਈ ਪੈਸੇ ਮੰਗੇ। ਪਰ ਘਰ 'ਚ ਪੈਸੇ ਨਹੀਂ ਸਨ। ਆਖਰ ਰਮਾਂਬਾਈ ਨੇ ਆਪਣੀ ਸਾੜ੍ਹੀ ਤੋਂ ਹੀ ਇੱਕ ਟੁਕੜਾ ਪਾੜ ਕੇ ਦਿੱਤਾ। ਇਸ ਸਾੜੀ ਦੇ ਟੁੱਕੜੇ ਨਾਲ ਹੀ ਮੇਰੇ ਬੱਚੇ ਗੰਗਾਧਰ ਦੇ ਸ਼ਰੀਰ ਨੂੰ ਢੱਕ ਕੇ ਸ਼ਮਸ਼ਾਨ ਘਾਟ 'ਚ ਦਫਨਾਉਣਾ ਪਿਆ। ਬੱਚਿਆ ਦੇ ਵਿਯੋਗ ਕਾਰਨ ਹੀ ਮੇਰੀ ਜੀਵਨ ਸਾਥਣ ਜਲਦੀ ਹੀ 27 ਮਈ 1935 ਨੂੰ ਨਿਰਵਾਣ ਪ੍ਰਾਪਤ ਕਰ ਗਏ। ਇਸ ਤਰ੍ਹਾਂ ਦੇ ਗਰੀਬੀ ਦੇ ਦਿਨ ਮੈਂ ਦੇਖੇ ਹਨ।''

ਇੱਕ ਵਾਰ ਮੈਂ ਮੋਟਰ ਗੱਡੀ ਰਾਹੀਂ ਜੰਗਲੀ ਕੋਂਕਣ ਇਲਾਕੇ 'ਚ ਜਾ ਰਿਹਾ ਸੀ। ਅੱਤ ਦੀ ਗਰਮੀ ਸੀ, ਸ਼ੂਗਰ ਦੇ ਮਰੀਜ ਹੋਣ ਕਾਰਨ ਮੇਰਾ ਗਲਾ ਸੁੱਕਣ ਲੱਗਾ ਤਾਂ ਮੈਂ ਡਰਾਈਵਰ ਨੂੰ ਕਿਸੇ ਢਾਬੇ ਪਾਸ ਪਾਣੀ ਲੈਣ ਲਈ ਗੱਡੀ ਰੋਕਣ ਲਈ ਕਿਹਾ।

ਅੰਤ! ਇੱਕ ਢਾਬਾ ਆਇਆ, ਡਰਾਈਵਰ ਨੇ ਬਰੇਕ ਲਾਈ ਤੇ ਯੱਕ ਦਮ ਮੋਟਰ 'ਚੋਂ ਉਤਰ ਉਸ ਢਾਬੇ 'ਤੇ ਜਾ ਕੇ ਕਿਹਾ,"ਭਾਈ ਸਾਹਿਬ, ਇੱਕ ਪਾਣੀ ਦਾ ਗਿਲਾਸ ਦਿਓ?'' ਢਾਬੇ ਦਾ ਮਾਲਕ ਜਦ ਪਾਣੀ ਦਾ ਗਿਲਾਸ ਭਰਕੇ ਫੜਾਉਣ ਲੱਗਾ ਤਾਂ ਉਸ ਪੁੱਛਿਆ,"ਮੋਟਰ ਗੱਡੀ ਵਿੱਚ ਕੌਣ ਆ?'' ਡਰਾਈਵਰ ਨੇ ਯਕ ਦਮ ਕਿਹਾ, "ਬਾਬਾ ਸਾਹਿਬ ਅੰਬੇਡਕਰ।''

ਢਾਬੇ ਦੇ ਮਾਲਕ ਨੇ ਪਾਣੀ ਦਾ ਗਿਲਾਸ ਡੋਲ੍ਹਦਿਆਂ ਕਿਹਾ,"ਅੰਬੇਡਕਰ ਨੂੰ ਪਾਣੀ ਨਹੀਂ ਮਿਲ ਸਕਦਾ।'' "ਕਿਉਂ?'' ਡਰਾਈਵਰ ਨੇ ਪੁੱਛਿਆ। "ਅੰਬੇਡਕਰ ਅਛੂਤ ਹੈ। ਅਛੂਤ ਨੂੰ ਪਾਣੀ ਦੇ ਕੇ ਮੈਂ ਆਪਣਾ ਢਾਬਾ ਬੰਦ ਕਰਾਉਣਾ?''

"ਢਾਬੇ ਦੇ ਮਾਲਕ ਨੂੰ ਪਾਣੀ ਦਾ ਗਿਲਾਸ ਡੋਲ੍ਹਦਿਆਂ ਵੇਖ ਮੈਂ ਗੱਡੀ 'ਚੋਂ ਉਤਰ ਕੇ ਢਾਬੇ 'ਤੇ ਜਾ ਕੇ ਢਾਬੇ ਦੇ ਮਾਲਕ ਨੂੰ ਪੁੱਛਿਆ, "ਪਾਣੀ ਕਿਉਂ ਨਹੀਂ ਦਿੰਦੇ?'' "ਮੇਰੀ ਮਰਜੀ'' ਮੈਂ ਕਿਹਾ "ਪਾਣੀ ਦੇ ਪੈਸੇ ਲੈ ਲੈ।'' ਉਸ ਕਹਾ, "ਅਛੂਤ ਨੂੰ ਪਾਣੀ ਦੇ ਕੇ ਮੈਂ ਆਪਣਾ ਧਰਮ ਭਰਿਸ਼ਟ ਕਰਾਉਣਾ?'' ਢਾਬੇ ਵਾਲੇ ਨੇ ਗੁੱਸੇ 'ਚ ਭੜਕਦਿਆਂ ਕਿਹਾ। "ਢਾਬੇ ਮੂਹਰੇ ਜਾਨਵਰ ਜਨੌਰਾਂ ਲਈ ਕੂੰਡੇ 'ਚ ਰੱਖੇ ਪਾਣੀ ਵੱਲ ਇਸ਼ਾਰਾ ਕਰਦਿਆਂ ਮੈਂ ਕਿਹਾ,"ਆਪ ਲੋਕ ਕੁੱਤੇ ਬਿੱਲਿਆਂ ਨੂੰ ਤਾਂ ਪਾਣੀ ਪਿਆ ਸਕਦੇ ਹੋ ਪਰ ਇੱਕ ਇਨਸਾਨ ਨੂੰ ਪਾਣੀ ਦਾ ਘੁੱਟ ਨਹੀਂ ਦਿੰਦੇ? ਆਪ ਕਾ ਕੈਸਾ ਧਰਮ ਹੈ ਜੋ ਇਨਸਾਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਬਦਤਰ ਸਮਝਦਾ ਹੈ?'' ਮੈਨੂੰ ਪਿਆਸੇ ਨੂੰ ਹੀ ਉਥੋਂ ਅਪਮਾਨਤ ਹੋ ਕੇ ਜਾਣਾ ਪਿਆ।

"ਜਦ 1930-31 ਨੂੰ ਲੰਡਨ ਵਿਖੇ ਗੋਲਮੇਜ ਕਾਨਫਰੰਸਾਂ ਵਿਚ ਮੈਂ ਦਲਿਤਾਂ ਲਈ ਅਲੱਗ ਅਧਿਕਾਰਾਂ ਦੇ ਮੁੱਦੇ ਉਠਾਏ ਤਾਂ ਫਿਰਕੂ ਫੈਸਲੇ ਰਾਹੀਂ ਅੰਗਰੇਜ਼ ਸਰਕਾਰ ਨੇ ਹਿੰਦੂ, ਮੁਸਲਮਾਨ, ਇਸਾਈ ਤੇ ਸਿੱਖਾਂ ਵਾਂਗ ਬਰਾਬਰ ਦਲਿਤਾਂ ਲਈ ਵੀ ਅਲੱਗ ਅਧਿਕਾਰ ਦੇ ਦਿੱਤੇ। ਪਰ ਗਾਂਧੀ ਜੀ ਨੇ ਮਰਨ ਵਰਤ ਰੱਖ ਕੇ ਦਲਿਤਾਂ ਦੇ ਅਲੱਗ ਅਧਿਕਾਰਾਂ ਨੂੰ ਹੜੱਪ ਲਿਆ। ਮੈਂ ਅਜ਼ਾਦੀ ਉਪਰੰਤ ਸੰਵਿਧਾਨ ਰਾਹੀਂ ਰਾਜਯ ਸਮਾਜਵਾਦ ਸਥਾਪਤ ਕਰਨਾ ਚਾਹੁੰਦਾ ਸੀ ਪਰ ਸੰਵਿਧਾਨ ਸਭਾ ਨੇ ਮੇਰਾ ਇਹ ਸੁਝਾ ਨੂੰ ਨਾਮਨਜੂਰ ਕਰਕੇ ਮੈਨੂੰ ਅਪਮਾਨਤ ਕੀਤਾ।



ਦੇਸ਼ ਦੇ ਪੁਨਰ ਨਿਰਮਾਣ ਲਈ ਮੈਂ ਯੋਜਨਾ ਵਿਭਾਗ ਮੰਗਿਆ ਪਰ ਪ੍ਰਧਾਨ ਮੰਤਰੀ ਨਹਿਰੂ ਨੇ ਨਹੀਂ ਦਿੱਤਾ। ਮੈਂ ਕਸ਼ਮੀਰ ਮਸਲੇ ਦਾ ਹੱਲ ਪੇਸ਼ ਕੀਤਾ, ਨਹੀਂ ਮੰਨਿਆ ਗਿਆ। ਮੈਨੂੰ ਕੈਬਨਿਟ ਦੀਆਂ ਮੀਟਿੰਗਾਂ ਵਿਚ ਨਾ ਬੁਲਾਕੇ ਅਪਮਾਨਤ ਕੀਤਾ ਜਾਂਦਾ ਰਿਹਾ। ਮੈਂ ਜਿਹੋ ਜਿਹਾ ਸੰਵਿਧਾਨ ਬਣਾਉਣਾ ਚਾਹੁੰਦੀ ਸੀ ਉਹੋ ਜਿਹਾ ਨਹੀਂ ਬਣਾਉਣ ਦਿੱਤਾ ਗਿਆ।

ਡਾ. ਅੰਬੇਡਕਰ 1945 ਵਿੱਚ ਵਾਇਸਰਾਏ ਕੌਂਸਲ ਦੇ ਲੇਬਰ ਮੈਂਬਰ ਵੱਜੋਂ ਪੁਰੀ ਮੰਦਰ ਦੀ ਫੇਰੀ ਮੌਕੇ, ਉਨ੍ਹਾਂ ਦਾ ਜਗਨਨਾਥ ਮੰਦਰ ਵਿਚ ਪ੍ਰਵੇਸ਼ ਰੋਕ ਦਿੱਤਾ ਗਿਆ ਸੀ ਅਤੇ ਉਸੇ ਹੀ ਸਾਲ ਕਲਕੱਤਾ ਵਿੱਚ, ਉਸ ਘਰ ਜਿਸ ਘਰ ਨੇ ਉਨ੍ਹਾਂ ਨੂੰ ਸੱਦਿਆ ਸੀ ਦੇ ਨੌਕਰ ਵੱਲੋਂ ਉਨ੍ਹਾਂ ਦਾ ਬਾਈਕਾਟ ਕੀਤਾ ਗਿਆ ਸੀ।

ਬਾਬਾ ਸਾਹਿਬ ਲਿਖਦੇ, "ਕਾਨੂੰਨ ਮੰਤਰੀ ਹੁੰਦੇ ਹੋਏ ਮੈਂ ਔਰਤ ਦੀ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਬਰਾਬਰਤਾ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਹਿਮਤੀ ਨਾਲ 'ਹਿੰਦੂ ਕੋਡ ਬਿੱਲ' ਤਿਆਰ ਕੀਤਾ ਜਿਸ ਵਿੱਚ ਔਰਤਾਂ ਨੂੰ ਅੱਤਿਆਚਾਰਾਂ ਤੋਂ ਬਚਾਉਣ ਲਈ ਤਲਾਕ ਦਾ ਹੱਕ, ਆਰਥਿਕ ਗੁਲਾਮੀ ਤੋਂ ਮੁਕਤ ਕਰਾਉਣ ਲਈ ਜਾਇਦਾਦ ਦੀ ਮਾਲਕੀ ਦਾ ਅਧਿਕਾਰ, ਆਪਣਾ ਵਾਰਿਸ ਚੁਣਨ ਅਤੇ ਬੱਚਾ ਗੋਦ ਲੈਣ ਦਾ ਹੱਕ ਆਦਮੀਆਂ ਦੇ ਬਰਾਬਰ ਦਿੱਤੇ ਜਾਣ ਦੇ ਅਧਿਕਾਰ ਦਿੱਤੇ। ਪਰ ਮੰਤਰੀ ਮੰਡਲ ਨੇ ਬਿੱਲ ਪਾਸ ਨਾ ਕੀਤਾ ਤਾਂ ਮੈਂ ਰੋਸ ਵਜੋ ਕਾਨੂੰਨ ਮੰਤਰੀ ਦੇ ਪੱਦ ਤੋਂ ਅਸਤੀਫ਼ਾ ਦੇ ਦਿੱਤਾ। ਇਸ ਤਰਾਂ ਮੈਨੂੰ ਬਾਰ ਬਾਰ ਅਪਮਾਨਤ ਕੀਤਾ ਗਿਆ।''

ਡਾਕਟਰ ਅੰਬੇਡਕਰ ਦੇ 25 ਸਾਲ ਨਿੱਜੀ ਸਕੱਤਰ ਰਹੇ, ਸੋਹਨ ਲਾਲ ਸ਼ਾਸਤਰੀ, ਆਪਣੀ ਪੁਸਤਕ 'ਬਾਬਾ ਸਾਹਿਬ ਕੇ ਸੰਪਰਕ ਮੇ ਪੱਚੀਸ ਵਰਸ਼' ਵਿਚ ਲਿੱਖਦੇ ਹਨ, "30 ਜੂਨ, 1944 ਨੂੰ 22 ਪ੍ਰਿਥਵੀ ਰਾਜ ਰੋਡ ਨਵੀਂ ਦਿੱਲੀ ਵਿਖੇ ਇੱਕ ਕਰੋੜਪਤੀ ਠੇਕੇਦਾਰ ਬਾਬਾ ਸਾਹਿਬ ਅੰਬੇਡਕਰ ਨੂੰ ਮਿਲਣ ਲਈ ਆਇਆ। ਬਾਬਾ ਸਾਹਿਬ ਦਾ ਇਕਲੌਤਾ ਬੇਟਾ ਸ੍ਰੀ ਯਸ਼ਵੰਤ ਰਾਓ ਅੰਬੇਡਕਰ ਵੀ ਬੰਬਈ ਤੋਂ ਇੱਕ ਹਫਤੇ ਵਾਸਤੇ ਦਿੱਲੀ ਆਇਆ ਸੀ। ਉਹ ਕੋਠੀ ਦੇ ਬਗੀਚੇ ਵਿੱਚ ਸ੍ਰੀ ਸ਼ੰਕਰਾਚੰਦ ਸ਼ਾਸਤਰੀ ਨਾਲ ਸੈਰ ਕਰ ਰਿਹਾ ਸੀ। ਕਰੋੜਪਤੀ ਠੇਕੇਦਾਰ ਉਹਨਾਂ ਦੋਨਾਂ ਪਾਸ ਆਏ ਅਤੇ ਆਪਣੀ ਜਾਣ ਪਹਿਚਾਣ ਕਰਾਉਣ ਤੋਂ ਬਾਅਦ ਕਹਿਣ ਲੱਗੇ ਕਿ ਅਗਰ ਬਾਬਾ ਸਾਹਿਬ ਰਾਜੀ ਹੋ ਜਾਣ ਤਾਂ ਮੈਂ ਸ੍ਰੀ ਯਸ਼ਵੰਤ ਰਾਓ ਅੰਬੇਡਕਰ ਨੂੰ ਸਰਕਾਰੀ ਠੇਕਿਆਂ ਵਿੱਚ ਆਪਣਾ ਹਿੱਸੇਦਾਰ ਬਣਾ ਲਵਾਂਗਾ। ਉਸ ਕਿਹਾ, ਸ੍ਰੀ ਯਸ਼ਵੰਤ ਰਾਓ ਨੇ ਕੁੱਝ ਨਹੀਂ ਕਰਨਾ ਹੈ। ਉਸ ਨੂੰ 25 ਫੀਸਦੀ ਕਮਿਸ਼ਨ ਮਿਲ ਜਾਇਆ ਕਰੇਗੀ।'' ਉਸ ਦੀ ਇਸ ਪੇਸ਼ਕਸ਼ ਤੇ ਯਸ਼ਵੰਤ ਰਾਓ ਅਤੇ ਸ਼ੰਕਰਾਨੰਦ ਸ਼ਾਸਤਰੀ ਰਾਜ਼ੀ ਹੋ ਗਏ।

ਸ਼ਾਮ ਨੂੰ ਭੋਜਨ ਤੋਂ ਬਾਅਦ ਸ੍ਰੀ ਸ਼ੰਕਰਾਨੰਦ ਸ਼ਾਸਤਰੀ ਨੇ ਠੇਕੇਦਾਰ ਨਾਲ ਹੋਈ ਸਾਰੀ ਗੱਲਬਾਤ ਬਾਬਾ ਸਾਹਿਬ ਨੂੰ ਦੱਸੀ ਤਾਂ ਸੁਣਦਿਆਂ ਹੀ ਬਾਬਾ ਸਾਹਿਬ ਦਾ ਚਿਹਰਾ ਲਾਲ ਹੋ ਗਿਆ। ਉਹਨਾਂ ਗੁੱਸੇ 'ਚ ਕਿਹਾ, "ਮੈਂ ਇਮਾਨਦਾਰੀ ਨਾਲ ਵਕਾਲਤ ਵਿੱਚੋਂ ਏਨਾਂ ਪੈਸਾ ਕਮਾਇਆ ਹੈ ਕਿ ਉਹ ਮੇਰੀ ਆਉਣ ਵਾਲੀ ਸੰਤਾਨ ਲਈ ਕਾਫ਼ੀ ਹੈ। ਯਸ਼ਵੰਤ ਨੂੰ ਇਸ ਪ੍ਰਕਾਰ ਦੀ ਆਮਦਨੀ ਨਾਲ ਪੇਟ ਭਰਨ ਦੀ ਲੋੜ ਨਹੀ। ਸ਼ੰਕਰਾਂ ਨੰਦ! ਮੈਂ ਇੱਥੇ ਕੇਵਲ ਸਮਾਜ ਦੀ ਭਲਾਈ ਕਰਨ ਲਈ ਆਇਆ ਹਾਂ। ਆਪਣੀ ਔਲਾਦ ਨੂੰ ਪਾਲਣ ਲਈ ਨਹੀਂ ਆਇਆ, ਇਸ ਤਰ੍ਹਾਂ ਦੇ ਲੋਭ-ਲਾਲਚ ਮੈਨੂੰ ਮੇਰੇ ਨਿਸ਼ਾਨੇ ਤੋਂ ਭਟਕਾ ਨਹੀਂ ਸਕਦੇ। ਸ਼ਾਸਤਰੀ, ਜੇ ਅਜ ਗਾਂਧੀ, ਨਹਿਰੂ ਤੇ ਪਟੇਲ ਮੇਰੀ ਕਦਰ ਕਰਦੇ ਹਨ, ਤਾਂ ਇਸ ਦਾ ਕਾਰਨ ਮੇਰਾ ਚਰਿਤਰ ਹੈ। ਕੋਈ ਮੇਰੇ 'ਤੇ ਉਂਗਲੀ ਨਹੀ ਉਠਾ ਸਕਦਾ।'' ਉਹਨਾਂ ਨੇ ਘੰਟੀ ਬਜਾਈ ਅਤੇ ਉਸੇ ਵਕਤ ਆਪਣੇ ਪ੍ਰਾਈਵੇਟ ਸੈਕਟਰੀ ਸ੍ਰੀ ਮੋਦੀ ਨੂੰ ਸੱਦਿਆ ਅਤੇ ਆਦੇਸ਼ ਦਿੱਤਾ, "ਇਸ (ਯਸ਼ਵੰਤ) ਨੂੰ ਜਿਹੜੀ ਵੀ ਟ੍ਰੇਨ ਬੰਬਈ ਨੂੰ ਜਾਂਦੀ ਹੈ, ਹੁਣੇ ਹੀ ਉਸ ਵਿੱਚ ਬਿਠਾ ਕੇ ਆਉ। ਜੇਕਰ ਇਹ ਇੱਥੇ ਰਹੇਗਾ ਤਾਂ ਕਈ ਮੇਰੇ ਵਿਰੋਧੀ ਤੇ ਠੇਕੇਦਾਰ ਇਸ ਨੂੰ ਭ੍ਰਿਸ਼ਟ ਕਰਨ ਦੀਆਂ ਚਾਲਾਂ ਚੱਲਣਗੇ। ਉਸੇ ਸਮੇਂ ਡਰਾਇਵਰ ਨੂੰ ਸੱਦਿਆ ਗਿਆ ਤੇ ਉਹਨਾਂ ਰਾਤ ਦੇ 9 ਵੱਜੇ, ਪੇਸ਼ਾਵਰ ਤੋਂ ਬੰਬਈ ਤੱਕ ਜਾਣ ਵਾਲੀ ਐਕਸਪ੍ਰੈਸ ਟ੍ਰੇਨ ਵਿੱਚ ਯਸ਼ਵੰਤ ਨੂੰ ਬਿਠਾ ਦਿੱਤਾ ਗਿਆ।''

ਨਿਜ਼ਾਮ ਹੈਦਰਾਬਾਦ ਜਿਹੜਾ ਉਸ ਸਮੇਂ ਸੰਸਾਰ ਦੇ ਸਰਮਾਏਦਾਰਾਂ 'ਚੋਂ ਚੌਥੇ ਨੰਬਰ ਤੇ ਗਿਣਿਆ ਜਾਂਦਾ ਸੀ ਤੇ ਕੱਟੜ ਮੁਸਲਮਾਨ ਸੀ ਨੇ ਡਾਕਟਰ ਅੰਬੇਡਕਰ ਨੂੰ ਆਖਿਆ ਕਿ, 'ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋਂ ਅਤੇ ਦਲਿਤਾਂ ਨੂੰ ਇਸਲਾਮ ਵਿੱਚ ਲਿਆਉਣ ਦਾ ਬਚਨ ਦਿਓ, ਤਾਂ ਮੈਂ ਤੁਹਾਨੂੰ ਇਸ ਕੰਮ ਬਦਲੇ 6 ਕਰੋੜ ਰੁਪਏ ਦੇਣ ਨੂੰ ਤਿਆਰ ਹਾਂ। ਡਾ. ਅੰਬੇਡਕਰ ਨੇ ਨਿਜ਼ਾਮ ਹੈਦਰਾਬਾਦ ਨੂੰ ਕਿਹਾ, 'ਮੇਰੀ ਕੌਮ ਕੋਈ ਭੇਡ, ਬੱਕਰੀਆਂ ਨਹੀਂ, ਜਿਨ੍ਹਾਂ ਦਾ ਤੂੰ ਇੱਕ ਰੁਪਿਆ ਪ੍ਰਤੀ ਮੁੱਲ ਪਾ ਰਿਹਾ ਹੈ। ਮੈਂ ਇਹਨਾਂ ਨੂੰ ਵੇਚਣ ਲਈ ਧਰਮ ਪ੍ਰੀਵਰਤਨ ਦਾ ਐਲਾਨ ਨਹੀਂ ਕੀਤਾ। ਮੈਂ ਇਹਨਾਂ ਲਈ ਇੱਕ ਇਸ ਤਰ੍ਹਾਂ ਦੇ ਇਨਸਾਨੀ ਧਰਮ ਦੀ ਖੋਜ ਵਿੱਚ ਹਾਂ ਜਿਸ ਨੂੰ ਅਪਣਾ ਕੇ ਉਹ ਭਾਰਤ ਵਿੱਚ ਸਮਾਜਿਕ ਤੌਰ ਤੇ ਬਾਕੀਆਂ ਦੇ ਬਰਾਬਰ ਹੋ ਸਕਣ। ਸਦੀਆਂ ਤੋਂ ਇਨ੍ਹਾਂ 'ਚ ਪਾਈ ਹੀਣ ਭਾਵਨਾ ਦਾ ਨਾਸ਼ ਹੋ ਜਾਵੇ। ਨਿਜ਼ਾਮ ਹੈਦਰਾਬਾਦ ਨੀਵੀਂ ਪਾ ਉਠ ਕੇ ਚਲਾ ਗਿਆ।

25 ਅਪ੍ਰੈਲ 1948 ਨੂੰ ਡਾ. ਅੰਬੇਡਕਰ ਇਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਲਖਨਊ ਗਏ। ਉਹ ਲਖਨਊ ਰੇਲਵੇ ਸਟੇਸ਼ਨ ਸੈਲੂਨ ਵਿੱਚ ਹੀ ਠਹਿਰੇ ਹੋਏ ਸਨ। ਉਸ ਸਮੇਂ ਉੱਤਰ ਪ੍ਰਦੇਸ਼ ਦੀ ਰਾਜਪਾਲ ਬੁਲਬਲੇ ਹਿੰਦ ਸ੍ਰੀ ਸਰੋਜਨੀ ਨਾਇਡੂ ਉਹਨਾਂ ਨੂੰ 'ਰਾਜ ਭਵਨ' ਦੇ ਮਹਿਮਾਨ ਘਰ ਵਿੱਚ ਠਹਿਰਨ ਲਈ ਕਹਿਣ ਵਾਸਤੇ ਰੇਲਵੇ ਸਟਟੇਸ਼ਨ 'ਤੇ ਆਈ। ਉਸ ਕਿਹਾ, "ਡਾਕਟਰ ਸਾਹਿਬ! ਮੈਂ ਆਪ ਨੂੰ ਰਾਜ ਭਵਨ ਵਿੱਚ ਲੈ ਕੇ ਜਾਣ ਵਾਸਤੇ ਆਈ ਹਾਂ। ਆਪ ਜੀ ਰੇਲਵੇ ਸਟੇਸ਼ਨ ਦੇ ਸੈਲੂਨ 'ਚ ਨਹੀ, ਰਾਜ ਭਵਨ ਦੇ ਗੈਸਟ ਹਾਊਸ ਵਿੱਚ ਠਹਿਰੂ।''

ਡਾ. ਅੰਬੇਡਕਰ ਨੇ ਕਿਹਾ, "ਭੈਣ! ਮੈਂ ਸਫਰ ਦੇ ਸਮੇਂ ਰੇਲਵੇ ਸੈਲੂਨ ਵਿੱਚ ਹੀ ਠਹਿਰਦਾ ਹਾਂ। ਕਿਉਂਕਿ ਮੇਰੇ ਸਾਥ ਬਹੁਤ ਸਾਰੀਆਂ ਮੇਰੀਆਂ ਪਿਆਰੀਆਂ ਕਿਤਾਬਾਂ ਹੁੰਦੀਆਂ ਹਨ। ਮੈਂ ਸ਼ਾਂਤੀ ਨਾਲ ਕਿਤਾਬਾਂ ਸੈਲੂਨ ਵਿੱਚ ਹੀ ਪੜ੍ਹ-ਸਿੱਖ ਲਿੱਖਦਾ ਹਾਂ। ਕਿਉਂਕਿ ਸੈਲੂਨ ਵਿੱਚ ਮੈਂ ਇਕੱਲਾ ਹੁੰਦਾ ਹਾਂ। ਮੈਂ ਐਨੀਆਂ ਕਿਤਾਬਾਂ ਨੂੰ ਸਾਥ ਲੈ ਕੇ ਆਪ ਦੇ ਗੈਸਟ ਹਾਊਸ ਵਿੱਚ ਕਿਸ ਤਰ੍ਹਾਂ ਜਾ ਸਕਦਾ ਹਾਂ।'' ਸਰੋਜਨੀ ਨਾਇਡੂ ਨੇ ਕਿਹਾ, "ਪਰ ਮੇਰੀ ਦਾਅਵਤ ਨੂੰ ਜ਼ਰੂਰ ਪ੍ਰਵਾਨ ਕਰੋ।'' ਉਹ ਸ੍ਰੀ ਸਰੋਜਨੀ ਨਾਇਡੂ ਦੀ ਰਹਾਇਸ਼ 'ਰਾਜ ਭਵਨ' ਗਏ। ਦੁਪਹਿਰ ਦਾ ਖਾਣਾ ਖਾਧਾ ਤੇ ਵਾਪਸ ਰੇਲਵੇ ਸਟੇਸ਼ਨ ਨੂੰ ਜਾਣ ਲਈ ਇਜਾਜਤ ਮੰਗੀ ਤਾਂ ਸ੍ਰੀ ਸਰੋਜਨੀ ਨਾਇਡੂ ਨੇ ਬਹੁਤ ਪਿਆਰ ਭਰੇ ਲਹਿਜੇ 'ਚ ਕਿਹਾ, "ਬਾਬਾ ਸਾਹਿਬ, ਭਾਰਤ ਮਾਤਾ ਦੇ ਲਾਸਾਨੀ ਪੁੱਤਰ, ਆਪਣੇ ਭਾਈ ਨੂੰ ਮਿਲ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਹੁਣ ਮੈਨੂੰ ਪਤਾ ਲੱਗਾ ਹੈ ਕਿ ਭਾਰਤ ਮਾਤਾ ਦੇ ਮਹਾਨ ਵਿਦਵਾਨ ਨੇ ਰੇਲਵੇ ਸੈਲੂਨ ਨੂੰ ਆਪਣਾ ਘਰ ਕਿਉਂ ਬਣਾਇਆ ਹੈ। ਬਾਬਾ ਸਾਹਿਬ, ਭਾਰਤ ਮਾਤਾ ਨੂੰ ਆਪ ਜੈਸੇ ਬੁੱਧੀਜੀਵੀ ਸਪੂਤ ਉਤੇ ਬਹੁਤ ਮਾਣ ਹੈ।''

ਇੱਕ ਵਾਰ ਇਕ ਰਾਸ਼ਟਰਵਾਦੀ ਨੇ ਉਨ੍ਹਾਂ ਨੂੰ ਪੁੱਛਿਆ, "ਉਹ ਦੇਸ਼ ਦੇ ਰਾਸ਼ਟਰਵਾਦੀ ਲਿਬਾਸ ਦੇ ਬਜਾਇ ਪੂਰਬੀ ਦੇਸ਼ਾਂ ਦਾ ਲਿਬਾਸ ਕਿਉਂ ਪਹਿਨਦੇ ਹਨ?'' ਡਾ. ਅੰਬੇਡਕਰ ਨੇ ਪੁੱਛਿਆ, "ਦੇਸ਼ ਵਿੱਚ ਬਣਿਆ ਰਾਸ਼ਟਰਵਾਦੀ ਲਿਬਾਸ ਕਿਹੜਾ ਹੈ?'' ਰਾਸ਼ਟਰਵਾਦੀ ਕਿਹਾ, "ਜਿਹੜਾ ਲਿਬਾਸ ਸਾਡੇ ਪੂਰਵਜ ਪਹਿਨਦੇ ਸਨ।'' ਇਸ ਤੇ ਡਾ. ਅੰਬੇਡਕਰ ਕਿਹਾ, "ਬਹੁਤ ਅੱਛੇ! ਉਹ ਤਾਂ ਕੋਈ ਕੱਪੜਾ ਪਹਿਨਦੇ ਹੀ ਨਹੀਂ ਸਨ। ਉਹ ਨਗਨ ਰਹਿੰਦੇ ਸਨ। ਕੀ ਤੁਸੀਂ ਉਨ੍ਹਾਂ ਦਾ ਮਾਰਗ ਦਰਸ਼ਨ ਕਰੋਗੇ?'' ਰਾਸ਼ਟਰਵਾਦੀ ਮੇਰੇ ਇਸ ਬੇ-ਉਮੀਦ ਜਵਾਬ ਉਤੇ ਏਨਾ ਹੱਕਾ-ਬੱਕਾ ਹੋ ਗਿਆ ਕਿ ਉਸ ਨੇ ਇੱਕ ਦਮ ਆਪਣੀ ਚਰਚਾ ਦਾ ਵਿਸ਼ਾ ਹੀ ਬਦਲ ਲਿਆ। ਫਿਰ ਰਾਸ਼ਟਰਵਾਦੀ ਨੇ ਉਹਨਾਂ ਤੋਂ ਪੁੱਛਿਆ, "ਕੀ ਤੁਹਾਡੇ ਕੋਲੋ ਕਦੇ ਕੋਈ ਨਿੱਜੀ ਤੌਰ ਤੇ ਸਿਫ਼ਾਰਸ਼ ਕਰਨ ਆਇਆ ਸੀ?'' ਡਾ. ਅੰਬੇਡਕਰ, "ਹਾਂ, ਇੱਕ ਸਮੇਂ ਅਛੂਤ ਵਿਦਿਆਰਥੀ ਦੇ ਰਿਸ਼ਤੇਦਾਰ ਨੂੰ ਪਤਾ ਲੱਗਿਆ ਕਿ ਮੈਂ ਬੰਬਈ ਯੂਨੀਵਰਸਿਟੀ ਵੱਲੋਂ ਇਮਤਿਹਾਨ ਲੈਣ ਲਈ ਨਿਯੁਕਤ ਹੋਇਆ ਹਾਂ। ਉਹ ਮੇਰੇ ਕੋਲ ਆਇਆ ਅਤੇ ਉਸ ਜ਼ਿਦ ਕੀਤੀ ਕਿ ਮੈਨੂੰ ਉਸ ਵਿਦਿਆਰਥੀ ਨੂੰ ਪਾਸ ਹੋਣ ਜਿੰਨੇ ਅੰਕ ਦੇ ਦੇਣੇ ਚਾਹੀਦੇ ਹਨ। ਮੈਂ ਸੋਚਿਆ, ਕਿਉਂਕਿ ਮੁੰਡਾ ਅਛੂਤ ਹੈ ਇਸ ਲਈ ਮੈਂ ਉਸ ਦੀ ਮਦਦ ਕਰਾਂ। ਪਰ ਇਹ ਸੰਭਵ ਨਹੀਂ ਸੀ। ਮੈਂ ਉਸ ਨੂੰ ਇਹ ਸਮਝਾਇਆ ਕਿ ਜੇਕਰ ਮੈਂ ਚਾਹੁੰਦਾ, ਮੈਂ ਬੜੀ ਅਸਾਨੀ ਨਾਲ ਉਸ ਦੀ ਮਦਦ ਕਰ ਸਕਦਾ ਸੀ ਪਰ ਮੈਂ ਇਸ ਨੂੰ ਠੀਕ ਨਹੀਂ ਸਮਝਿਆ ਕਿ ਕੋਈ ਇਸ ਤਰ੍ਹਾਂ ਦੀ ਮਦਦ ਮੰਗੇ, ਮੈਂ ਇਸ ਗੱਲ ਨੂੰ ਨਫ਼ਰਤ ਕਰਦਾ ਹਾਂ। ਮੈਂ ਤਾਂ ਮਹਿਸੂਸ ਕਰਦਾ ਹਾਂ ਕਿ ਅਛੂਤ ਵਿਦਿਆਰਥੀ ਆਪਣੇ ਬਰਾਬਰ ਦਿਆਂ ਤੋਂ ਘੱਟ ਹੁਸ਼ਿਆਰ ਤੇ ਘੱਟ ਮਿਹਨਤੀ ਨਹੀਂ ਹੋਣਾ ਚਾਹੀਦਾ। ਮੈਂ ਸੋਚਦਾ ਹਾਂ ਕਿ ਬਲਕਿ ਉਸ ਨੂੰ ਦੂਸਰਿਆਂ ਦੇ ਮੁਕਾਬਲੇ ਇੱਕ ਆਦਰਸ਼ ਵਿਦਿਆਰਥੀ ਹੋਣਾ ਚਾਹੀਦਾ ਹੈ। ਮੇਰੇ ਤੋਂ ਇਹ ਸੁਣ, ਉਹ ਵਿਅਕਤੀ ਚੁੱਪਚਾਪ ਚਲਾ ਗਿਆ।''

ਡਾ. ਅੰਬੇਡਕਰ ਦੀਆਂ ਗਰੀਬ ਤੇ ਦੁਖੀਆਂ ਨੂੰ ਵੇਖ ਕੇ ਹਮੇਸ਼ਾ ਅੱਥਰੂ ਨਾਲ ਅੱਖਾਂ ਨਮ ਹੋ ਜਾਂਦੀਆਂ ਸਨ। ਉਹ ਕਹਿੰਦੇ ਸਨ, "ਸ਼ਾਇਦ ਮੈਂ ਸ਼ਹਿਰਾਂ 'ਚ ਰਹਿੰਦੇ ਆਪਣੇ ਲੋਕਾਂ ਲਈ ਕੁਝ ਪ੍ਰਾਪਤ ਕੀਤਾ ਹੋਵੇ ਪਰ ਪਿੰਡਾਂ ਵਿੱਚ, ਮੇਰੇ ਲੋਕ ਹਾਲੇ ਵੀ ਜ਼ਾਲਮ ਦਬਾਅ ਹੇਠ ਰਹਿ ਰਹੇ ਹਨ।

ਡਾ. ਅੰਬੇਡਕਰ ਸੜਕ ਦੇ ਕਿਨਾਰੇ ਪਏ ਗਰੀਬ ਆਦਮੀ ਦੀ ਮਦਦ ਕਰਦੇ, ਉਸ ਨੂੰ ਘਰ ਲਿਆਉਂਦੇ ਹਨ, ਉਸ ਨੂੰ ਕੱਪੜੇ, ਰੋਟੀ ਦਿੰਦੇ ਹਨ ਅਤੇ ਉਸ ਦੀ ਮਦਦ ਕਰਨ ਲਈ ਨੌਕਰੀ ਵੀ ਪੇਸ਼ ਕਰਦੇ ਹਨ।

ਡਾ. ਅੰਬੇਡਕਰ ਨੂੰ ਆਪਣੇ ਦੇਸ਼ ਤੇ ਸਮਾਜ ਦੇ ਵਾਤਾਵਰਨ ਨੇ ਕਦੀ ਘਰ ਵਰਗੇ ਸੁੱਖ ਦਾ ਅਹਿਸਾਸ ਨਹੀਂ ਹੋਣ ਦਿੱਤਾ। ਇਸੇ ਕਰਕੇ ਉਨ੍ਹਾਂ ਨੇ1931 'ਚ ਗਾਂਧੀ ਨੂੰ ਇਹ ਸਪੱਸ਼ਟ ਕਹਿ ਦਿੱਤਾ ਸੀ,"ਗਾਂਧੀ ਜੀ, ਮੇਰਾ ਕੋਈ ਘਰ ਨਹੀਂ। ਭਾਰਤ 'ਚ ਮੈਂ ਅਤੇ ਮੇਰੇ ਲੋਕ ਬੇਘਰੇ ਹਨ।''

**ਵਿਦਿਆਰਥੀ ਰਾਜਨੀਤੀ ਵਿਚ ਭਾਗ ਨਾ ਲੈਣ, ਪਹਿਲਾਂ ਵਕੀਲ ਡਾਕਟਰ ਬਣਨ**

ਨਾਮਦਿਓ ਨੀਲਗਾਡੇ ਲਿਖਦੇ ਹਨ,"1952 'ਚ ਇੱਕ ਮੌਕੇ ਤੇ, ਮੈਂ ਬਾਬਾ ਸਾਹਿਬ ਦੀ ਪਾਰਲੀਮੈਂਟ ਦੇ ਮੈਂਬਰ ਦੀ ਚੋਣ ਲਈ ਬੰਬਈ ਵਿੱਚ ਚੋਣ ਪ੍ਰਚਾਰ ਕਰਨ ਦੀ ਪੇਸ਼ਕਸ਼ ਕੀਤੀ। ਪਰ ਬਾਬਾ ਸਾਹਿਬ ਇਸ ਨਾਲ ਖੁਸ਼ ਹੋਣ ਦੀ ਬਜਾਇ ਉਨ੍ਹਾਂ ਕਿਹਾ, "ਚੰਗੇ ਵਿਦਿਆਰਥੀਆਂ ਨੂੰ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਮੈਂ ਆਪਣੇ ਚੰਗੇ ਵਿਦਿਆਰਥੀਆਂ ਦੇ ਭਵਿੱਖ ਦੀ ਕੀਮਤ ਉਤੇ ਆਪਣੀ ਜਿੱਤ ਪ੍ਰਾਪਤ ਨਹੀਂ ਕਰਨੀ ਚਾਹੁੰਦਾ ਹਾਂ।'' ਬਾਬਾ ਸਾਹਿਬ ਵੱਲੋਂ 'ਚੰਗੇ ਵਿਦਿਆਰਥੀ' ਦੇ ਸ਼ਬਦ ਦੀ ਵਰਤੋਂ ਨੇ ਮੈਨੂੰ ਪ੍ਰੇਰਿਤ ਕੀਤਾ ਅਤੇ ਮੈਂ ਫੈਸਲਾ ਕੀਤਾ ਕਿ ਮੈਂ ਆਪਣੀ ਪੜ੍ਹਾਈ ਪੂਰੀ ਮਿਹਨਤ ਨਾਲ ਜਾਰੀ ਰੱਖਾਂਗਾ।''

ਇੱਥੇ ਇਹ ਦੱਸਣਯੋਗ ਹੈ ਕਿ ਡਾਕਟਰ ਅੰਬੇਡਕਰ

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਦੇ ਦਲਿਤਾਂ ਦਾ ਪਹਿਲਾ ਅੰਦੋਲਨ- ਆਦਿ ਧਰਮ



ਐਸ.ਐਲ.ਵਿਰਦੀ (ਐਡਵੋਕੇਟ)

ਆਦਿ-ਧਰਮ ਇਕ ਸਭਿਆਚਾਰਕ ਅੰਦੋਲਨ ਸੀ ਜੋ ਕਿ ਤੂਫਾਨ ਦੀ ਤਰ੍ਹਾਂ ਆਇਆ ਤੇ ਸਦੀਆਂ ਤੋਂ ਲਤਾੜੀਆਂ, ਔਖੋਂ ਓਹਲੇ ਕੀਤੀਆਂ ਦਲਿਤ ਜਾਤੀਆਂ ਦੀ ਅਣਗਿਣਤ ਔਕੜਾਂ, ਮੁਸੀਬਤਾਂ, ਤੰਗੀਆਂ ਤੇ ਕਮੀਆਂ ਨੂੰ ਉਡਾ ਕੇ ਲੈ ਗਿਆ।

ਆਦਿ-ਧਰਮ ਅੰਦੋਲਨ ਦਾ ਪਿਛੋਕੜ ਭਾਰਤੀ ਇਤਿਹਾਸ 'ਚੋਂ ਪ੍ਰੇਰਨਾ ਸਰੋਤ ਬਣਿਆ। ਸਿੰਧੂ ਘਾਟੀ ਸਭਿਅਤਾ ਤੇ ਮੋਹਨਜੋਦੜੋ-ਹੜੱਪਾ ਦੀ ਖੁਦਾਈ 'ਜਿਸ ਨੂੰ ਅਸੀਂ ਆਰੀਆ-ਅਨਾਰੀਆ, ਸੁਰ-ਅਸੁਰ, ਦੇਵ-ਦਾਨਵ, ਧਰਮ-ਅਧਰਮ, ਹਿੰਸਾ-ਅਹਿੰਸਾ ਦੇ ਯੁੱਗ ਨਾਲ ਵੀ ਪੁਕਾਰਦੇ ਹਾਂ, 'ਚੋਂ ਮਿਲੇ ਪ੍ਰਮਾਣਾਂ ਤੋਂ ਸਾਬਤ ਹੋ ਚੁੱਕਾ ਹੈ ਕਿ ਆਰੀਆ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਦਲਿਤ (ਅਛੂਤ) ਇਸ ਦੇਸ਼ ਦੀ ਪਰਜਾ, ਮਾਲਕ, ਮੁਖੀਏ ਤੇ ਰਾਜਾ ਸਨ। ਸਭ ਪਾਸੇ ਮਾਨਵਤਾ ਦਾ ਰਾਜ ਸੀ, ਨਾ ਜਾਤ, ਨਾ ਵਰਗ ਨਾ ਉਚ-ਨੀਚ ਦੇ ਝਗੜੇ ਸਨ।

ਆਰੀਆ ਦੇ ਸੱਤਾਧਾਰੀ ਬਣਨ ਤੋਂ ਬਾਅਦ ਦਲਿਤਾਂ ਦੀ ਗੁਲਾਮੀ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਭਾਰਤੀ ਇਤਿਹਾਸ 'ਚ ਦੋ ਵਰਗ ਉਤਪੰਨ ਹੋਏ, ਇਕ ਸ਼ਾਸਕ (ਬ੍ਰਾਹਮਣ) ਤੇ ਦੂਸਰਾ ਸ਼ਾਸ਼ਿਤ (ਅਛੂਤ)। ਜੋ ਲੋਕ ਅਛੂਤ ਵਰਗ 'ਚ ਸਨ, ਉਹਨਾਂ ਨੂੰ ਸ਼ੂਦਰ ਕਿਹਾ ਗਿਆ। ਸਮਾਜ ਵਿਚ ਉਹਨਾਂ ਨੂੰ ਅਧਿਕਾਰਾਂ, ਅਵਸਰਾਂ, ਸਾਧਨਾਂ, ਸਿੱਖਿਆ ਤੇ ਆਤਮ ਵਿਕਾਸ ਲਈ ਸਭ ਕੁਝ ਕਰਨ ਤੋਂ ਵੰਚਿਤ ਰੱਖਿਆ ਗਿਆ। ਸ਼ਾਸਕ ਵਰਗ ਲਈ ਅਵਸਰ, ਸਾਧਨ, ਸਿੱਖਿਆ ਤੇ ਆਤਮ-ਵਿਕਾਸ ਲਈ ਸਭ ਕੁਝ ਦਿੱਤਾ ਗਿਆ। ਇਸ ਲਈ ਸ਼ਾਂਸਕ ਵਰਗ ਤਾਂ ਆਪਣੇ ਕਰ-ਕਰਮਾਂ ਨਾਲ ਅੱਗੇ ਵੱਧ ਸਕਦਾ ਸੀ। ਪਰ ਸ਼ਾਸ਼ਿਤ (ਅਛੂਤ) ਕਰ-ਕਰਮਾਂ ਦੇ ਹੁੰਦੇ ਹੋਏ ਵੀ ਅੱਗੇ ਨਹੀਂ ਵੱਧ ਸਕਦਾ ਸੀ। ਕਿਉਂਕਿ ਉਸ ਦੇ ਰਸਤੇ ਵਿਚ ਸ਼ਾਸਕ, ਵੇਦ ਗ੍ਰੰਥ ਤੇ ਸਮਾਜਿਕ ਪ੍ਰੰਪਰਾਵਾਂ ਬਹੁਤ ਵੱਡੀ ਰੁਕਾਵਟ ਸਨ। ਧਰਮ ਦੰਡ ਇਸ ਦੀ ਮਨਾਹੀ ਕਰਦਾ ਸੀ। ਇੱਥੇ ਹੀ ਬੱਸ ਨਹੀਂ, ਪੂਜਣਯੋਗ ਮੰਨੇ ਗਏ ਰਿਸ਼ੀ-ਮੁੰਨੀ ਤੇ ਦੇਵੀ-ਦੇਵਤਿਆਂ ਨੇ, ਇਹ ਸਭ ਕੁਝ ਪਿਛਲੇ ਜਨਮ ਦੇ ਪਾਪ-ਪੁੰਨ ਤੇ ਪ੍ਰਮਾਤਮਾ ਦੇ ਇਨਸਾਫ ਦੀ ਸੰਗਿਆ ਦੇ ਕੇ ਇਸ ਕੂੜ ਵਿਵਸਥਾ ਨੂੰ ਪੱਕਿਆਂ ਕਰ ਦਿੱਤਾ ਸੀ।

ਹਿੰਦੂ ਧਰਮ ਤੰਤਰ 'ਚ ਇਹਨਾਂ ਪ੍ਰਸਥਿਤੀਆਂ ਦੇ ਹੁੰਦੇ ਹੋਏ ਅਛੂਤਾਂ ਦੁਆਰਾ ਆਪਣੇ ਅਧਿਕਾਰਾਂ ਦੀ ਗੱਲ ਕਰਨਾ ਅਸੰਭਵ ਸੀ। ਇਹੀ ਵਜ੍ਹਾ ਹੈ ਕਿ ਸਾਵੇ ਤਿੰਨ ਹਜ਼ਾਰ ਸਾਲਾਂ ਤੱਕ ਸ਼ੂਦਰਾਂ ਦਾ ਕਦੇ ਵੀ ਸਮੂਹਿਕ ਜਥੇਬੰਦਕ ਅੰਦੋਲਨ ਇਸ ਕੂੜ ਵਿਵਸਥਾ ਦੇ ਖਿਲਾਫ ਨਹੀਂ ਉੱਠ ਸਕਿਆ। ਜਿਸ ਦਾ ਕਾਰਨ ਹਿੰਦੂ ਧਰਮ ਤੰਤਰ ਦੀ ਸਮਾਜਿਕ ਜਕੜ ਹੀ ਸੀ।

ਮੁਸਲਮਾਨਾਂ ਦੇ ਹਮਲਿਆਂ ਦਰਮਿਆਨ ਭਗਤੀ ਅੰਦੋਲਨ ਨੇ ਕੁਝ ਹੱਦ ਤੱਕ ਇਸ ਕੂੜ ਵਿਵਸਥਾ ਦੇ ਖਿਲਾਫ ਆਵਾਜ਼ ਉਠਾਈ ਪਰ ਉਹ ਵੀ ਇਸ ਨੂੰ ਕੋਈ ਪ੍ਰਪੱਕ ਰੂਪ ਨਾ ਦੇ ਸਕੇ, ਕਿਉਂਕਿ ਇਸਲਾਮ ਉਤੇ ਵੀ ਜਲਦੀ ਹੀ ਹਿੰਦੂ ਧਰਮ ਤੰਤਰ ਦਾ ਅਸਰ ਹੋ ਗਿਆ ਸੀ।

ਇਸਲਾਮਾਂ ਤੇ ਹਿੰਦੂਆਂ ਨੂੰ ਹਰਾਉਣ ਤੋਂ ਬਾਅਦ ਅੰਗਰੇਜ਼ ਇੱਥੋਂ ਦੇ ਸੱਤਾਧਾਰੀ ਬਣੇ, ਜੋ ਕਿ ਇਸਾਈ ਧਰਮ ਨੂੰ ਮੰਨਦੇ ਹਨ। ਉਹ ਇਸਾਈ ਪ੍ਰਜਾਤੰਤਰ 'ਚ ਵਿਸ਼ਵਾਸ ਕਰਦਾ ਹੈ। ਈਸਾ ਮਸੀਹ ਨੇ ਗਰੀਬਾਂ ਨੂੰ ਗਲੇ ਲਗਾਇਆ ਸੀ। ਇਸਾਈ ਪਿਆਰ ਤੇ ਦਇਆ ਦੀ ਭਾਵਨਾ ਰੱਖਦੇ ਹਨ। ਪ੍ਰੇਮ ਦਇਆ ਤੇ ਕ੍ਰੋਧ ਤੋਂ ਹੀ ਕ੍ਰਾਂਤੀ ਦਾ ਜਨਮ ਹੁੰਦਾ ਹੈ।

ਦਲਿਤਾਂ ਦੇ ਅੰਦੋਲਨਾਂ ਲਈ ਇਹ ਬਹੁਤ ਸੁਖਾਵਾਂ ਮਾਹੌਲ ਸੀ। ਡਾਕਟਰ ਅੰਬੇਦਕਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ, ਮਹਾਤਮਾ ਫੂਲੇ ਦੇ ਉਭਰਨ 'ਚ ਵੀ ਇਸਾਈ ਮਾਨਸਿਕਤਾ ਹੀ ਸੀ। ਸਮੁੱਚੇ ਸੰਸਾਰ ਤੇ ਆਪਣਾ ਪ੍ਰਭਾਵ ਛੱਡਿਆ। ਭਾਰਤ ਦੀ ਆਜ਼ਾਦੀ ਲਈ ਅਮਰੀਕਾ 'ਚ ਲਾਲਾ ਹਰਦਿਆਲ ਦੀ ਅਗਵਾਈ 'ਚ ਗਦਰ ਪਾਰਟੀ ਲੜਾਈ ਲੜ ਰਹੀ ਸੀ। ਆਦਿ-ਧਰਮ ਅੰਦੋਲਨ ਦਾ ਮੋਢੀ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਇਸੇ ਪਾਰਟੀ ਦਾ ਹੋਲ ਟਾਈਮਰ ਵਰਕਰ



ਸੀ। ਕਾਮਾਗਾਟਾ ਮਾਰੂ ਕਾਂਡ ਤੋਂ ਬਾਅਦ ਲਾਲਾ ਹਰਦਿਆਲ ਨਾਲ ਸਲਾਹ ਕਰਕੇ, ਕਿ ਭਾਰਤ ਵਿਚ ਅੰਗਰੇਜ਼ਾਂ ਦੇ ਗੁਲਾਮੀ ਦੇ ਗੁਲਾਮਾਂ (ਅਛੂਤਾਂ) ਲਈ ਕੰਮ ਕੀਤਾ ਜਾਵੇ, ਨੂੰ ਮੁੱਖ ਰੱਖ ਕੇ ਗਦਰ ਪਾਰਟੀ ਤੋਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੇ ਅਸਤੀਫਾ ਦੇ ਦਿੱਤਾ ਤੇ ਭਾਰਤ ਵਾਪਸ ਆ ਕੇ ਸਾਰੇ ਭਾਰਤ ਦਾ ਘੁੰਮ-ਫਿਰ ਕੇ ਮੁਆਇਨਾ ਕੀਤਾ। ਅਛੂਤਾਂ ਤੇ ਦਲਿਤਾਂ ਦੀ ਤਰਸਯੋਗ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਉਹ ਕਾਨਪੁਰ 'ਚ ਸੁਆਮੀ ਅਛੂਤਾਨੰਦ, ਜੋ ਕਿ ਆਦਿ-ਹਿੰਦੂ ਅਖ਼ਬਾਰ ਕੱਢਦਾ ਸੀ, ਬੰਬਈ 'ਚ ਧੰਨਾ ਮੱਲ ਤੇ ਚੇਲਾ ਰਾਮ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਆਦਿ ਧਰਮ ਮਿਸ਼ਨ ਮੰਡਲ ਬਣਾਇਆ, ਆਦਿ -ਧਰਮੀ ਪ੍ਰਾਇਮਰੀ ਸਕੂਲ ਸ਼ੁਰੂ ਕੀਤਾ ਤਾਂ ਜੋ ਕਿ ਅਛੂਤ ਵਿਦਵਾਨ ਬਣ ਕੇ ਆਪਦੇ ਹੱਕਾਂ ਪ੍ਰਤੀ ਸੰਘਰਸ਼ ਕਰ ਸਕਣ।

ਇਸ ਨੂੰ ਇਸਾਈ ਬੁੱਧੀਜੀਵੀਆਂ ਤੇ ਅੰਗਰੇਜ਼ ਸਰਕਾਰ ਨੇ ਉਕਸਾਇਆ ਤੇ ਮਦਦ ਕੀਤੀ।

1926 'ਚ ਆਦਿ ਧਰਮ ਮੰਡਲ ਨੇ ਅਛੂਤ ਜਾਤੀਆਂ ਦੀ ਇਕ ਬਹੁਤ ਵੱਡੀ ਕਾਨਫਰੰਸ ਮੁਗੋਵਾਲ ਵਿਖੇ ਕੀਤੀ। ਜਿਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਵੱਖ-ਵੱਖ ਜਾਤਾਂ ਦੇ ਲੋਕ ਇਕੱਠੇ ਹੋਏ ਤੇ ਅਛੂਤਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਕੀਤਾ। ਇਸ ਕਾਨਫਰੰਸ ਨੇ ਸਾਰੇ ਭਾਰਤ ਦਾ ਤੇ ਵਿਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਦਾ ਧਿਆਨ ਪੰਜਾਬ ਦੇ ਅਛੂਤਾਂ ਤੀ ਤਰਫ ਖਿੱਚ ਲਿਆ।

ਆਦਿ-ਧਰਮ ਅੰਦੋਲਨ ਨੇ ਵਗਾਰ ਵਿਰੁੱਧ ਆਵਾਜ਼ ਉਠਾਈ। ਇਸ ਵਿਰੁੱਧ ਧਰਮ-ਮਸ਼ਾਲਾ ਮੋਰਚਾ ਲਾਇਆ। ਉਥੇ 8 ਆਨੇ ਦੀ ਜੁੱਤੀ ਤੇ 2 ਆਨੇ ਦਿਹਾੜੀ ਦਿੰਦੇ ਸੀ ਤੇ ਹਰ ਘਰ ਤੇ ਕਰ ਲਾਇਆ ਹੋਇਆ ਸੀ। ਜਬਰਦਸਤੀ ਮੁਰਦਿਆਂ ਦੀਆਂ ਲਾਸ਼ਾਂ ਚੁਕਾਇਆ ਕਰਦੇ ਸਨ। ਇਸ ਸਬੰਧ 'ਚ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਵਗਾਰ ਬੰਦ ਕਰਵਾਈ ਤੇ ਦਿਹਾੜੀ 2 ਆਨੇ ਤੋਂ ਵਧਾ ਕੇ ਡੇਢ ਰੁਪਿਆ ਕਰਵਾਈ।

1928 ਈ: 'ਚ ਸਾਈਮਨ ਕਮਿਸ਼ਨ ਵੱਧ ਅਧਿਕਾਰਾਂ ਲਈ ਭਾਰਤ ਆਇਆ। ਪੰਜ ਹਜ਼ਾਰ ਆਦਿ ਧਰਮ ਦੇ ਵਰਕਰ ਲਾਲ ਪੱਗਾਂ ਬੰਨ ਕੇ ਕਮਿਸ਼ਨ ਨੂੰ ਮਿਲੇ ਤੇ ਅਛੂਤਾਂ ਦੇ ਅਧਿਕਾਰਾਂ ਦੀ ਮੰਗ ਕੀਤੀ। ਅਛੂਤਾਂ ਦੇ ਆਰੀਆ ਸਮਾਜ ਵੱਲੋਂ ਝੌਂਗੀ ਨੁਮਾਇੰਦੇ ਐਮ. ਸੀ. ਰਾਜਾ ਦਾ ਬਾਈਕਾਟ ਕੀਤਾ ਤੇ ਡਾਕਟਰ ਅੰਬੇਡਕਰ ਨੂੰ ਆਪਣਾ ਸਮਰਥਨ ਦੇ ਕੇ ਨੁਮਾਇੰਦਾ ਬਣਾਇਆ। ਆਦਿ ਧਰਮ ਸਦਕੇ ਡਾ. ਅੰਬੇਡਕਰ ਆਲ ਇੰਡੀਆ ਦੇ ਨੇਤਾ ਬਣ ਗਏ। ਭਾਰਤ ਦੀ ਆਜ਼ਾਦੀ ਲਈ ਲੰਡਨ 'ਚ ਜੋ ਗੋਲਮੇਜ਼ ਕਾਨਫਰੰਸਾਂ ਹੋ ਰਹੀਆਂ ਸੀ, ਉਥੇ ਡਾਕਟਰ ਅੰਬੇਦਕਰ ਨੂੰ ਆਪਣਾ ਨੁਮਾਇੰਦਾ ਦਰਸਾਉਣ ਲਈ 57 ਟੈਲੀਗ੍ਰਾਮਾਂ ਭੇਜੀਆਂ। ਸਿੱਟੇ ਵਜੋਂ ਬਰਤਾਨਵੀ ਸਰਕਾਰ ਨੇ ਕਮਿਊਨਲ ਅਵਾਰਡ ਦੇ ਦਿੱਤਾ। ਤਦ ਅਛੂਤਾਂ ਦੇ ਵੱਖਰੇ ਅਧਿਕਾਰਾਂ ਖਿਲਾਫ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ। ਇੱਧਰ ਗਾਂਧੀ ਦੇ ਖਿਲਾਫ ਅਛੂਤਾਂ ਦੇ ਅਧਿਕਾਰਾਂ ਲਈ ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਪ੍ਰਧਾਨ ਆਦਿ ਧਰਮ ਨੇ ਵੀ ਜਲੰਧਰ 'ਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਪੰਜਾਬ ਦੇ ਅਛੂਤਾਂ ਨੂੰ 8 ਸੀਟਾਂ ਵਿਧਾਨ ਸਭਾਵਾਂ ਦੀਆਂ ਮਿਲੀਆਂ ਤੇ ਦੋਹਰੀ ਵੋਟ ਦਾ ਸਮਝੌਤਾ ਹੋਇਆ। 1937 ਈ: ਦੇ ਇਲੈਕਸ਼ਨ 'ਚ ਆਦਿ ਧਰਮ ਦੇ 8 ਵਿਧਾਇਕ ਬਣੇ।

ਪੰਜਾਬ 'ਚ ਇਕ ਅਜਿਹਾ ਕਾਨੂੰਨ (ਦੀ ਪੰਜਾਬ ਲੈਂਡ ਐਲੀਨੇਏਸ਼ਨ ਐਕਟ) ਸੀ, ਜਿਸ ਅਨੁਸਾਰ ਅਛੂਤ ਜ਼ਮੀਨਦੇ ਮਾਲਕ ਨਹੀਂ ਬਣਸਕਦੇ ਸਨ। ਉਹ ਰਿ-ਜ਼ਤਨਾਮੇ ਵਿਚ ਵੱਸਦੇ ਸੀ। ਹਿੰਦੂ ਜਦ ਚਾਹੇ ਉਹਨਾਂ ਨੂੰ ਘਰਾਂ 'ਚੋਂ ਕੱਢ ਸਕਦੇ ਸਨ। ਅਛੂਤਾਂ ਦੀ ਗੁਲਾਮਾਂ ਜਿਹੀ ਜ਼ਿੰਦਗੀ ਸੀ। ਅਛੂਤਾਂ ਨੂੰ ਇਸੇ ਕਾਰਨ ਵਗਾਰ ਦੇਣੀ ਪੈਂਦੀ ਸੀ। 1937 'ਚ ਆਦਿ ਧਰਮ ਦੇ ਨੁਮਾਇੰਦਿਆਂ ਦਾ ਇਕ ਡੈਪੂਟੇਸ਼ਨ ਸ਼ਿਮਲੇ ਸਰ ਸਿਕੰਦਰ ਹਿਯਾਤ ਖਾਂ ਨੂੰ ਮਿਲਿਆ ਤੇ ਆਰਡਰ ਕਰਵਾ ਕੇ ਰਿਜ਼ੱਤਨਾਮੇ ਤੁੜਵਾਏ ਤੇ ਅਛੂਤਾਂ ਨੂੰ ਆਪਣੇ ਘਰਾਂ ਦੇ ਮਾਲਕ ਬਣਾਇਆ।

ਇਸ ਤੋਂ ਉਪਰੰਤ ਆਦਿ ਧਰਮ ਨੇ ਛੂਆ-ਛਾਤ ਦੇ ਖਿਲਾਫ ਸਮਾਜਿਕ ਬਰਾਬਰੀ ਲਈ, ਪਿੰਡ ਘੜਹਾਵਾਂ, ਦੇਹਰਾ-ਦੂਨ, ਨਨਕਾਣਾ ਸਾਹਿਬ, ਚੰਬਾ, ਕਾਂਗੜਾ ਆਦਿ ਉਤੇ ਮੋਰਚੇ ਲਾਏ ਤੇ ਅਛੂਤਾਂ ਨੂੰ ਬਰਾਬਰ ਹੱਕ ਦਿਵਾਏ। 'ਆਦਿ ਡੰਕਾ' ਅਖ਼ਬਾਰ ਕੱਢਿਆ ਅਛੂਤਾਂ ਨੂੰ ਜਾਗਰਿਤ ਕਰਨ ਲਈ। ਆਦਿ ਧਰਮ ਮੰਡਲ ਜਲੰਧਰ ਸਥਾਪਤ ਕੀਤਾ, ਜਿੱਥੇ ਕਿ ਹੁਣ ਗੁਰੂ ਰਵਿਦਾਸ ਹਾਈ ਸਕੂਲ ਤੇ ਆਰਟ ਐਂਡ ਕਰਾਫਟ ਟੀਚਰਜ਼ ਟਰੇਨਿੰਗ ਸਕੂਲ ਚੱਲ ਰਿਹਾ ਹੈ। 1931, 1941, 1951 ਅਤੇ ਬਾਅਦ ਦੀਆਂ ਮਰਦਮਸ਼ੁਮਾਰੀਆਂ 'ਚ ਆਦਿ ਧਰਮੀ ਲਿਖਵਾ ਕੇ ਅਲੱਗ ਹੋਂਦ ਕਾਇਮ ਕੀਤੀ। ਆਦਿ ਧਰਮ ਅੰਦੋਲਨ ਪੰਜਾਬ ਵਿਚ ਅੰਬੇਡਕਰੀ ਅੰਦੋਲਨ ਦਾ ਧੁਰਾ ਬਣਿਆ। ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਨੇ ਜੋ ਘਾਲਣਾਵਾਂ ਸਾਡੇ ਲਈ ਕੀਤੀਆਂ, ਉਹਨਾਂ ਲਈ ਉਹਨਾਂ ਨੂੰ ਸਦਾ ਯਾਦ ਕੀਤਾ ਜਾਵੇਗਾ।

**Courtesy: Souvenir 1985 Babu Mangu Ram Mugowalia 99th Birth Anniversary by Mr. C. L. Chumber**

ਇੱਥੇ ਆਮ ਆਦਮੀ ਇਨਕਲਾਬ ਕਰਨ ਦੀ ਵੀ ਹਿੰਮਤ ਨਹੀਂ ਕਰਦਾ, ਸੋਚਦਾ ਵੀ ਨਹੀਂ। ਗਰੀਬ ਝੌਂਪੜੀ ਵਾਲਾ ਥੱਕ ਗਿਆ ਹੈ, ਉਸ ਦੇ ਮਨ ਨੂੰ ਯਕੀਨ ਨਹੀਂ ਆਉਂਦਾ ਕਿ ਉਹ ਵੀ ਰਾਜਾ ਬਣ ਸਕਦਾ ਹੈ। ਵਿਸ਼ਵਾਸ ਨਾ ਹੋਣ ਦਾ ਕਾਰਨ ਰਿਹਾ ਹੈ, ਉਸ ਦੇ ਨਾਲ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਲਗਾਤਾਰ ਦਗਾਬਾਜ਼ੀ। ਵਿਸ਼ਵਾਸ ਉੱਠ ਗਿਆ ਹੈ। ਦੂਸਰੇ ਦੇਸ਼ਾਂ ਵਿਚ ਖ਼ਰੁਸ਼ਚੇਵ ਭੇਡਾਂ ਬੱਕਰੀਆਂ ਚਾਰਨ ਵਾਲੇ ਦਾ ਲੜਕਾ, ਤਾਕਤ ਵਿਚ ਵੱਡਾ ਸਟਾਲਿਨ ਚਮਾਰ ਦਾ ਬੇਟਾ, ਹਿਟਲਰ ਜਰਮਨੀ ਵਾਲਾ ਕਾਰੀਗਰ ਰਾਜ ਮਿਸਤਰੀ ਦਾ ਬੇਟਾ, ਇੰਗਲੈਂਡ ਦੇ ਵੀ, ਜਿਹਨਾਂ ਨਾਲ ਹੱਥ ਮਿਲਾਉਣ ਨੂੰ ਲੋਕ ਲਾਰਾਂ ਟਪਕਾਉਂਦੇ ਹਨ, ਬੇਵਾਨ, ਮਾਰਿਸਨ ਕੋਇਲੇ ਦੀਆਂ ਖਾਣਾਂ ਵਿਚ ਮਜ਼ਦੂਰ, ਸੜਕ ਤੇ ਅਖ਼ਬਾਰ ਵੇਚਣ ਵਾਲੇ ਰਹੇ ਹਨ। ਕੀ ਦੋ ਹਜ਼ਾਰ ਸਾਲਾਂ ਵਿਚ ਸਾਡੇ ਦੇਸ਼ ਵਿਚ ਛੋਟੇ ਪੇਸ਼ੇ ਵਾਲਾ ਆਦਮੀ ਕਦੇ ਵੱਡਾ ਬਣਿਆ ਹੀ ਨਹੀਂ।

**(ਡਾ. ਰਾਮ ਮਨੋਹਰ ਲੋਹੀਆ, ਭਾਰਤ ਮਾਤਾ ਧਰਤੀ ਮਾਤਾ)**

# ਡਾ. ਬਾਬਾ ਸਾਹਿਬ ਅੰਬੇਡਕਰ ਦੇ ਜੀਵਨ ਚਰਿਤਰ ਤੋਂ ਆਗੂ ਸੇਧ ਲੈਣ

**(ਸਫਾ 27 ਦੀ ਬਾਕੀ)**

ਵਿਦਿਆਰਥੀਆਂ ਦੇ ਰਾਜਨੀਤੀ ਵਿਚ ਭਾਗ ਲੈਣ ਦੇ ਸਖ਼ਤ ਵਿਰੁੱਧ ਸਨ। 1913-14 ਵਿਚ ਜਦ ਉਹ ਅਮਰੀਕਾ ਪੜ੍ਹਨ ਗਏ ਹੋਏ ਸੀ ਤਾਂ ਉਸ ਵਕਤ ਦੇਸ਼ ਦੇ ਆਗੂਆਂ ਨੇ ਉਹਨਾਂ ਨੂੰ ਰਾਜਨੀਤੀ ਵਿਚ ਹਿੱਸਾ ਲੈਣ ਲਈ ਕਿਹਾ ਸੀ ਪਰ ਉਹਨਾਂ ਸਪੱਸ਼ਟ ਇਹ ਕਹਿਕੇ ਇਨਕਾਰ ਕਰ ਦਿੱਤਾ ਸੀ ਕਿ ਜੇ ਤੁਸੀ ਪੜ੍ਹਾਈ ਨਹੀ ਵੀ ਕਰੋਗੇ ਤਾਂ ਪਿੱਛੇ ਦੇਸ਼ ਵਿਚ ਤੁਹਾਡੇ ਪਾਸ ਜੀਵਨ ਨਿਰਬਾਹ ਲਈ ਜ਼ਮੀਨ ਹੈ, ਵਿਉਪਾਰ ਹੈ, ਦੁਕਾਨ ਹੈ, ਨੌਕਰੀ ਹੈ। ਤੁਸੀ ਇਹਨਾਂ ਉੱਤੇ ਕੰਮ ਕਰਕੇ ਜੀਵਨ ਨਿਰਬਾਹ ਕਰ ਲਵੋਂਗੇ। ਪਰ ਮੇਰੇ ਪਾਸ ਤਾਂ ਇਹਨਾਂ ਵਿਚੋਂ ਇਕ ਵੀ ਨਹੀ ਹੈ। ਹੋਰ ਤਾਂ ਹੋਰ ਸਾਨੂੰ ਤਾਂ ਇਹਨਾਂ ਦਾ ਅਧਿਕਾਰ ਹੀ ਨਹੀ ਹੈ। ਇਸ ਲਈ ਜੇ ਮੈਂ ਪੜ੍ਹਾਈ ਛੱਡ ਦਿੱਤੀ ਤਾਂ ਮੇਰੇ ਪਾਸ ਤਾਂ ਤੁਹਾਡੀ ਗੁਲਾਮੀ ਕਰਨ ਤੋਂ ਸਿਵਾਏ ਕੋਈ ਚਾਰਾ ਹੀ ਨਹੀ ਰਹੇਗਾ। ਇਸ ਲਈ ਮੈਂ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਹੀ ਰਾਜਨੀਤੀ ਵਿਚ ਭਾਗ ਲੈਣ ਬਾਰੇ ਸੋਚਾਂਗਾ। ਡਾਕਟਰ ਅੰਬੇਡਕਰ ਦੀ ਉਪਰੋਕਤ ਸੋਚ ਦਾ ਹੀ ਸਿੱਟਾ ਹੈ ਕਿ ਬਾਬਾ ਸਾਹਿਬ ਜੀ ਨੇ ਉਚ ਪਾਏ ਦੀ ਪੜ੍ਹਾਈ ਕੀਤੀ ਜਿਸ ਸਦਕਾ ਅੱਜ ਅਸੀਂ 15 ਕਰੋੜ ਲੋਕ ਬਾਬੂ ਜੀ ਬਣਕੇ ਜੀਵਨ ਬਸਰ ਕਰ ਰਹੇ ਹਾਂ।

ਪ੍ਰੰਤੂ ਸਾਡੇ ਸਵਾਰਥੀ ਆਗੂਆਂ ਨੇ ਲੱਖਾਂ ਵਿਦਿਆਰਥੀ ਰਾਜਨੀਤੀ ਵਿਚ ਝੋਕ ਦਿੱਤੇ। ਉਹਨਾਂ ਨੂੰ ਦਰੀਆਂ ਵਿਛਾਉਣ, ਸਟੇਜਾਂ ਬਣਾਉਣ ਵਿਚ ਲਾਈ ਰੱਖਿਆ। ਆਗੂ ਧੰਨ ਦੌਲਤ ਜਾਇਦਾਦਾ ਬਣਾਉਣ 'ਚ ਲੱਗੇ ਰਹੇ। ਆਗੂਆਂ ਦੀ ਬੇਈਮਾਨੀ ਕਾਰਨ ਅੱਜ ਲੱਖਾਂ ਵਿਦਿਆਰਥੀ/ਨੌਜਵਾਨ ਵਿਹਲੇ ਭਟਕ ਰਹੇ ਹਨ। ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ। ਸੈਂਕੜੇ ਮਾਨਸਿਕ ਰੋਗੀ ਹੋ ਗਏ ਹਨ। ਡਾ. ਅੰਬੇਡਕਰ ਨੂੰ ਨਾ ਪੜ੍ਹਕ/ਬਾਬਾ ਸਾਹਿਬ ਦੇ ਚਰਿਤਰ ਨੂੰ ਨਾ ਅਪਨਾ ਕੇ ਆਗੂਆਂ ਨੇ ਸਮਾਜ ਨਾਲ ਵਿਸ਼ਵਾਸਘਾਤ ਕੀਤਾ ਹੈ ਅਤੇ ਕਰੀ ਜਾ ਰਹੇ ਹਨ।

### ਸਮਾਜ ਸੁਧਾਰ ਤੋਂ ਬਿਨਾਂ ਚੰਗੀ ਰਾਜਨੀਤਕ ਕ੍ਰਾਂਤੀ ਨਹੀਂ ਹੋ ਸਕਦੀ

ਡਾਕਟਰ ਅੰਬੇਡਕਰ ਨੇ ਕਦੇ ਵੀ ਬੁਰਾਈ, ਲਾਲਚ ਅਤੇ ਭ੍ਰਿਸ਼ਟਾਚਾਰ ਨਾਲ ਸਮਝੌਤਾ ਨਹੀਂ ਕੀਤਾ। ਉਹ ਸਪੱਸ਼ਟ ਸਨ ਕਿ ਸਮਾਜ ਸੁਧਾਰ ਤੋਂ ਬਿਨਾਂ ਚੰਗੀ ਰਾਜਨੀਤਕ ਕ੍ਰਾਂਤੀ ਨਹੀਂ ਹੋ ਸਕਦੀ। ਉਹਨਾਂ ਦਾ ਮੰਨਣਾ ਸੀ ਕਿ ਸਮਾਜ ਸੁਧਾਰ ਮਨੁੱਖ ਨੂੰ ਜੋੜਦਾ ਹੈ, ਜਦਕਿ ਰਾਜਨੀਤੀ ਸਮਾਜ ਨੂੰ ਤੋੜਦੀ ਹੈ। ਉਹਨਾਂ ਸਪੱਸ਼ਟ ਕਿਹਾ ਕਿ ਜੇਕਰ ਲੋਕਾਂ ਨੂੰ ਜਾਤੀ ਮਜ਼ਹਬ ਦੇ ਨਾਮ 'ਤੇ ਭੜਕਾ ਕੇ ਰਾਜਨੀਤਕ ਸੱਤਾ ਪ੍ਰਾਪਤ ਕਰ ਵੀ ਲਈ ਜਾਵੇ ਤਾਂ ਉਹ ਉਵੇਂ ਡਿੱਗ ਪਵੇਗੀ, ਜਿਵੇਂ ਬਿਮਾਰ ਦਰੱਖਤ ਨਾਲ ਲੱਗਾ ਹੋਇਆ ਫਲ ਹਵਾ ਦੇ ਥੋੜ੍ਹੇ ਜਿਹੇ ਬੁੱਲੇ ਨਾਲ ਡਿੱਗ ਪੈਂਦਾ ਹੈ।

ਡਾ. ਅੰਬੇਡਕਰ ਕਾਰਲਾਇਲ ਦਾ ਉਲੇਖ ਕਰਦੇ ਕਹਿੰਦੇ ਹਨ,"ਆਦਮੀ ਨਾਲੇ ਅਤੇ ਨਦੀਆਂ ਵਾਂਗ ਹਨ ਅਤੇ ਮਹਾਨ ਪੁਰਖ ਦਰਿਆਵਾਂ ਵਾਂਗ ਹਨ।'' ਜਿਵੇਂ ਦਰਿਆ ਮਜ਼ਬੂਤ ਪਰਬਤਾਂ ਦੇ ਪੱਥਰਾਂ ਨੂੰ ਚੀਰ ਕੇ ਲੰਘਦੇ ਹਨ ਅਤੇ ਖ਼ਤਰਨਾਕ ਜੰਗਲਾਂ ਨੂੰ ਕੱਟ ਕੇ ਆਪਣਾ ਰਾਹ ਬਣਾ ਲੈਂਦੇ ਹਨ, ਇਸ ਤਰ੍ਹਾਂ ਮਹਾਨ ਵਿਅਕਤੀ ਅਨੇਕਾਂ ਔਕੜਾਂ ਵਿੱਚ ਆਪਣਾ ਰਾਹ ਲੱਭ ਲੈਂਦਾ ਹੈ।''

ਡਾ. ਅੰਬੇਡਕਰ ਨਿਮਰਤਾ ਵਾਲੇ ਪੁਰਸ਼ ਸਨ। ਉਹਨਾਂ ਨੂੰ ਆਪਣੀ ਬੇ-ਅਥਾਹ ਵਿਦਿਆ, ਗਿਆਨ, ਪਦਵੀ ਦਾ ਹੰਕਾਰ ਨਹੀ ਸੀ। ਉਹਨਾਂ ਦਾ ਸੁਭਾਅ ਬਹੁਤ ਮਿੱਠਾ ਅਤੇ ਕੋਮਲ ਸੀ। ਉਹ ਕਿਸੇ ਵੀ ਵਿਅਕਤੀ ਚਾਹੇ ਉਹ ਅਨਪੜ੍ਹ ਮਜ਼ਦੂਰ, ਜਾਂ ਉਹਨਾਂ ਦਾ ਨਿੱਜੀ ਹੈਲਪਰ, ਚਾਹੇ ਉਚੀ ਤੋਂ ਉਚੀ ਪਦਵੀ ਦਾ ਨੇਤਾ ਜਾਂ ਅਫਸਰ ਹੋਵੇ ਸਭ ਦੇ ਨਾਲ ਇੱਕ ਸਮਾਨ ਸਾਓ ਸਲੂਕ ਕਰਦੇ ਸਨ। ਉਹ ਕਿਹਾ ਕਰਦੇ ਸਨ ਕਿ ਕਿਸੇ ਦੁਆਰਾ ਕੀਤੇ ਅਹਿਸਾਨ ਜਾਂ ਨੇਕੀ ਨੂੰ ਕਦੀ ਨਾ ਭੁੱਲੋ। ਅਗਰ ਤੁਹਾਨੂੰ ਕੋਈ ਪਾਣੀ ਦਾ ਗਿਲਾਸ ਪਿਲਾਉਂਦਾ ਤਾਂ ਤੁਹਾਨੂੰ ਉਸ ਨੂੰ ਪਾਣੀ ਦੇ ਗਿਲਾਸ ਦੇ ਬਦਲੇ, ਦੁੱਧ ਦਾ ਗਿਲਾਸ ਪਿਆਉਣਾ ਚਾਹੀਦਾ ਹੈ।

ਡਾਕਟਰ ਅੰਬੇਡਕਰ ਵਿੱਚੋਂ ਹੀਣ ਭਾਵਨਾ ਬਿਲਕੁਲ ਮਿਟ ਚੁੱਕੀ ਸੀ। ਆਪਣੇ ਬਚਪਨ ਦੇ ਅਭਾਵਾਂ ਅਤੇ ਅੱ-ਤਿਆਚਾਰਾਂ ਦੀ ਕਹਾਣੀ ਉਹ ਸਭ ਦੇ ਸਾਹਮਣੇ ਖੁੱਲ੍ਹੇ ਤੌਰ 'ਤੇ ਬਿਆਨ ਕਰਨ ਵਿੱਚ ਸੰਕੋਚ ਨਹੀਂ ਕਰਦੇ ਸਨ। ਕਿਸੇ ਦੀ ਦੁੱਖ ਭਰੀ ਕਹਾਣੀ ਸੁਣ ਕੇ ਉਹਨਾਂ ਦੀਆਂ ਅੱਖਾਂ ਭਰ ਜਾਂਦੀਆਂ ਸਨ। ਉਹਨਾਂ ਨੂੰ ਵਿਅਕਤੀਗਤ ਰੂਪ ਵਿਚ ਕਿਸੇ ਵੀ ਵਿਅਕਤੀ ਨਾਲ ਵੈਰ ਭਾਵ ਨਹੀਂ ਰਹਿੰਦਾ ਸੀ। ਚਤੁਰ ਵਰਣ ਵਿਵਸਥਾ ਦਾ ਉਹ ਘੋਰ ਵਿਰੋਧ ਕਰਦੇ ਸਨ ਪਰੰਤੂ ਉਹਨਾਂ ਦੇ ਮਿੱਤਰਾਂ ਅਤੇ ਕਿਰਪਾ-ਪਾਤਰਾਂ ਵਿੱਚ ਬ੍ਰਾਹਮਣ, ਵੈਸ਼ ਆਦਿ ਸਾਰੇ ਵਰਣਾ ਦੇ ਵਿਅਕਤੀ ਸਨ।

ਡਾਕਟਰ ਅੰਬੇਡਕਰ ਨੂੰ ਖਾਣ-ਪੀਣ ਤੇ ਮਨੋਰੰਜਨ ਦੇ ਖੇਲ-ਤਮਾਸ਼ੇ, ਸਿਨੇਮਾ ਆਦਿ ਦੇਖਣ 'ਚ ਬਿਲਕੁਲ ਰੁਚੀ ਨਹੀਂ ਸੀ। ਬੜੀ-ਬੜੀ ਪਾਰਟੀਆਂ 'ਚ ਸ਼ਾਮਿਲ ਹੋਣਾ, ਆਪਣੇ ਘਰ ਵਿੱਚ ਪਾਰਟੀਆਂ ਦੇਣਾ ਵੀ ਉਹਨਾਂ ਨੂੰ ਪਸੰਦ ਨਹੀਂ ਸੀ। ਇਹਨਾਂ ਗੱਲਾਂ ਨੂੰ ਉਹ ਸਮੇ ਤੇ ਪੈਸੇ ਦਾ ਖ਼ਰਾਬ ਕਰਨਾ ਸਮਝਦੇ ਸੀ। ਪਰ ਅੱਜ ਦੇ ਆਗੂ ਹੋਟਲਾਂ/ਰੈਸਟੋਰੈਂਟਾਂ ਵਿਚ ਬੜੀਆਂ ਬੜੀਆਂ ਪਾਰਟੀਆਂ ਕਰਦੇ ਤੇ ਅਡੰਬਰ ਰਚਦੇ ਹਨ। ਸ਼ਰੇਆਮ ਸ਼ਰਾਬਾਂ ਪੀਂਦੇ ਹਨ.

ਡਾ. ਅੰਬੇਡਕਰ ਨੇ ਸਿਗਰੇਟ, ਸ਼ਰਾਬ ਜਾਂ ਕਿਸੇ ਵੀ ਹੋਰ ਨਸ਼ੇ ਦਾ ਸੇਵਨ ਸਾਰੀ ਉਮਰ ਨਹੀਂ ਕੀਤਾ। ਉਹਨਾਂ ਦੇ ਚਰਿਤਰ ਦੀ ਬੁਨਿਆਦ ਸੰਤ ਕਬੀਰ ਤੇ ਭਗਵਾਨ ਬੁੱਧ ਦੇ ਨੈਤਿਕ ਉਪਦੇਸ਼ ਸਨ। ਬਾਬਾ ਸਾਹਿਬ ਨੂੰ ਖਾਣ-ਪੀਣ ਦੀਆਂ ਚੀਜ਼ਾਂ ਵਿਚ ਵੀ ਵਿਸ਼ੇਸ਼ ਰੁਚੀ ਨਹੀਂ ਸੀ। ਉਹਨਾਂ ਨੂੰ ਲੰਮੀ ਉਮਰ ਨਾਲ ਵੀ ਲਗਾਵ ਨਹੀਂ ਸੀ। ਉਹ ਕਿਹਾ ਕਰਦੇ ਸੀ ਕਿ ਮੈਨੂੰ ਜੀਣਾ ਤਦ ਤੱਕ ਹੀ ਭਾਉਂਦਾ ਜਦ ਤੱਕ ਮੈਂ ਕੋਈ ਕੰਮ ਕਰ ਸਕਾਂ। ਉਹਨਾਂ ਦੇ ਵਿਚਾਰ ਵਿੱਚ ਜੀਵਨ ਦਾ ਕੋਈ ਨਾ ਕੋਈ ਉਦੇਸ਼ ਹੋਣਾ ਚਾਹੀਦਾ ਹੈ।

ਉਹਨਾਂ ਨੂੰ ਇੱਕ ਹੀ ਨਸ਼ਾ ਸੀ ਤੇ ਉਹ ਸੀ ਕੇਵਲ ਵਿੱਦਿਆ ਦਾ ਨਸ਼ਾ। ਉਠਦੇ-ਬੈਠਦੇ, ਖਾਂਦੇ-ਪੀਂਦੇ ਸੌਂਦੇ-ਜਾਗਦੇ ਉਹ ਅਧਿਐਨ ਕਰਨ ਅਤੇ ਪੜ੍ਹਨ-ਪੜ੍ਹਾਉਣ ਵਿੱਚ ਮਗਨ ਰਹਿੰਦੇ ਸਨ। ਉਹਨਾਂ ਦੇ ਵਿੱਦਿਆ ਗਿਆਨ ਨੂੰ ਦੇਖਦੇ ਹੋਏ ਉਹਨਾਂ ਨੂੰ ਸਮੁੰਦਰ ਦੀ ਉਪਮਾ ਦਿੱਤੀ ਜਾ ਸਕਦੀ ਹੈ। ਜਿਵੇਂ ਸਮੁੰਦਰਵਿੱਚ ਚਾਰੇ ਪਾਸੇ ਤੋਂ ਨਦੀਆਂ ਦਾ ਜਲ ਪ੍ਰਵਾਹ ਲਗਾਤਾਰ ਪ੍ਰਵੇਸ਼ ਕਰਦਾ ਰਹਿੰਦਾ ਹੈ ਤਾਂ ਵੀ ਸਮੁੰਦਰ ਦਾ ਪੇਟ ਨਹੀਂ ਭਰਦਾ। ਉਸੀ ਤਰ੍ਹਾਂ ਬਾਬਾ ਸਾਹਿਬ ਵਿੱਦਿਆ ਦੇ ਸਮੁੰਦਰ ਸਨ, ਪਰੰਤੂ ਅਜਿਹਾ ਹੁੰਦੇ ਹੋਏ ਵੀ ਉਹਨਾਂ ਦੀ ਗਿਆਨ ਦੀ ਪਿਆਸ ਜੀਵਨਭਰ ਸੰਤੁਸ਼ਟ ਨਹੀਂ ਹੋਈ।

ਇਤਿਹਾਸ, ਸਮਾਜ ਸ਼ਾਸਤਰ, ਮਾਨਵ ਸ਼ਾਸਤਰ, ਅਰਥ ਸ਼ਾਸਤਰ, ਕਾਨੂੰਨ ਅਤੇ ਸੰਵਿਧਾਨ ਸ਼ਾਸਤਰ, ਦਰਸ਼ਨ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਦਾ ਭੰਡਾਰ ਡਾ. ਅੰਬੇਡਕਰ ਸੱਚਮੁੱਚ ਵਿੱਦਿਆ ਸਮੁੰਦਰ ਸਨ।

ਡਾ. ਅੰਬੇਡਕਰ ਦੇ 25 ਸਾਲ ਪਰਸਨਲ ਸੈਕਟਰੀ ਰਹੇ ਸੋਹਨ ਲਾਲ ਸ਼ਾਸਤਰੀ ਲਿਖਦੇ, "ਡਾ. ਬਾਬਾ ਸਾਹਿਬ ਅੰ-ਬੇਡਕਰ ਦਾ ਅਧਿਐਨ ਅਤੇ ਲਿਖਣ ਦਾ ਕੰਮ ਨਿਰਵਾਣ ਪ੍ਰਾਪਤੀ ਤੱਕ ਚੱਲਦਾ ਰਿਹਾ।

ਨਿਰਵਾਣ ਪ੍ਰਾਪਤੀ ਤੋਂ ਪਹਿਲਾਂ ਉਹਨਾਂ ਨੇ 'ਭਗਵਾਨ ਬੁੱਧ ਅਤੇ ਉਹਨਾਂ ਦਾ ਧੱਮ' ਨਾਮਕ ਆਪਣੇ ਜਗਤ ਪ੍ਰਸਿੱਧ ਗ੍ਰੰਥ ਦੀ ਭੂਮਿਕਾ ਲਿਖੀ। ਹਨਾਂ ਦੀ ਥਾਹ ਪਾਉਣ ਲਈ ਬਹੁਤ ਵਿਦਵਾਨਾਂ ਨੇ ਲਿਖਿਆ ਹੈ ਅਤੇ ਬਹੁਤ ਸਾਰੇ ਭਵਿੱਖ ਵਿੱਚ ਲਿਖਣਗੇ, ਪਰ ਉਹਨਾਂ ਦੇ ਸੰਘਰਸ਼ ਦੀ ਗਾਥਾ ਮੁਕਣੀ ਨਹੀ।'' ਨਿਰਸੰਦੇਹ! ਡਾਕਟਰ ਅੰਬੇਡਕਰ ਇਕ ਲਾਸਾਨੀ ਪੁਰਸ਼ ਸਨ।

# ਆਜ਼ਾਦੀ ਸੰਗਰਾਮ ਦਾ ਯੋਧਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ



ਸੀਤਾ ਰਾਮ ਬਾਂਸਲ
91-75892-56092

ਦੁਆਬੇ ਦੇ ਪਿੰਡ ਕਾਲ਼ਾਸੰਘਿਆਂ ਦੇ ਗ਼ਦਰੀ ਹਰਨਾਮ ਸਿੰਘ ਦਾ ਜਨਮ 1887 ਜਾਂ 1888 ਵਿਚ ਪਿਤਾ ਸੁੰਦਰ ਸਿੰਘ ਦੇ ਘਰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਹੋਇਆ ਸੀ। ਇਨ੍ਹਾਂ ਨੇ ਕੋਈ ਇੱਕੀ ਵਰ੍ਹਿਆਂ ਤਕ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਇਆ। ਕਪੂਰਥਲਾ ਰਿਆਸਤ ਵਿਚ ਵਿੱਦਿਆ ਦੇ ਚੰਗੇ ਪ੍ਰਬੰਧ ਨਾ ਹੋਣ ਕਰਕੇ ਇਨ੍ਹਾਂ ਦੀ ਵਿਦਿਆ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ ਬਣਿਆ। ਉਹ 8 ਫ਼ਰਵਰੀ 1909 ਨੂੰ 26 ਪੰਜਾਬੀ ਇਨਫ਼ੈਂਟਰੀ ਵਿਚ ਸਿਪਾਹੀ ਭਰਤੀ ਹੋ ਕੇ ਕੋਹਾਟ ਛਾਉਣੀ ਚਲੇ ਗਏ। ਗਿਆਰਾਂ ਰੁਪਏ ਮਹੀਨਾ ਤਨਖ਼ਾਹ ਸੀ। ਉਥੇ ਗ੍ਰੰਥੀ ਕਰਮ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਨਾਂ ਬਦਲ ਕੇ ਹਰਨਾਮ ਸਿੰਘ ਰੱਖਿਆ। ਫ਼ੌਜੀ ਸਿਖਲਾਈ ਦੌਰਾਨ ਗੁਰਮੁਖੀ ਤੇ ਅੰਗਰੇਜ਼ੀ ਪੜ੍ਹਨੀ ਸਿੱਖੀ ਤੇ ਸਿਗਨਲਰ ਦੀ ਜ਼ਿੰਮੇਵਾਰੀ ਮਿਲੀ।

1912 ਵਿਚ ਹਾਂਗਕਾਂਗ ਵਿਚ ਗੜਬੜ ਰੋਕਣ ਲਈ 26 ਪੰਜਾਬ ਇਨਫ਼ੈਂਟਰੀ ਘੱਲੀ ਗਈ। ਫ਼ੌਜੀਆਂ ਨੇ ਪਹਾੜੀ ਉੱਤੇ ਮਿੱਟੀ ਪੱਟਣ ਦੇ ਫ਼ੌਜੀ ਹੁਕਮ ਵਿਰੁੱਧ ਮੋਰਚਾ ਲਾ ਦਿੱਤਾ, ਤਾਂ ਹਰਨਾਮ ਸਿੰਘ ਤੇ ਤਿੰਨ ਹੋਰ ਫ਼ੌਜੀਆਂ ਨੂੰ ਕੁਆਟਰ ਗਾਰਡ ਵਿਚ ਰੱਖਿਆ। ਆਖ਼ਿਰ ਅਫ਼ਸਰਾਂ ਨੇ ਆਪਣਾ ਹੁਕਮ ਵਾਪਸ ਲੈ ਲਿਆ। ਚੀਨੀ ਤੇ ਜਪਾਨੀਆਂ ਦੇ ਮਿਹਣਿਆਂ ਨੇ ਇਨ੍ਹਾਂ ਫ਼ੌਜੀਆਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਾਇਆ। ਚੀਨੀ ਇਨ੍ਹਾਂ ਨੂੰ 'ਮੈਲੋ ਕਲਾਈ' (ਭੂਤਨੇ) ਦੱਸਦਿਆਂ ਕਹਿੰਦੇ ਸਨ ਕਿ ਤੁਸੀਂ ਆਪਣਾ ਮੁਲਕ ਤਾਂ ਗਵਾ ਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਹੈ ਤੇ ਹੁਣ ਸਾਡਾ ਖੋਹ ਕੇ ਉਨ੍ਹਾਂ ਨੂੰ ਦਿਓਗੇ?


ਗ਼ਦਰੀ ਆਗੂ ਭਾਈ ਭਗਵਾਨ ਸਿੰਘ ਹਾਂਗਕਾਂਗ ਗੁਰਦੁਆਰੇ ਵਿਚ ਗ੍ਰੰਥੀ ਸਨ। ਅਮਰੀਕਾ ਤੋਂ ਆਉਂਦੀ ਗ਼ਦਰ ਅਖ਼ਬਾਰ ਉਹ ਫ਼ੌਜੀਆਂ ਨੂੰ ਪੜ੍ਹਨ ਲਈ ਦਿੰਦੇ। 26 ਪੰਜਾਬੀ ਇਨਫ਼ੈਂਟਰੀ ਵਿਚ ਫ਼ੌਜੀਆਂ ਦੇ ਪਤੇ 'ਤੇ ਗ਼ਦਰ ਅਖ਼ਬਾਰ ਆਉਣ ਲੱਗੀ। ਇਸ ਅਖ਼ਬਾਰ ਰਾਹੀਂ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਅਹਿਸਾਸ ਹੋ ਚੁੱਕਾ ਸੀ। ਪੈਸੇ ਇਕੱਠੇ ਕਰਕੇ ਫ਼ੌਜੀਆਂ ਨੇ ਗ਼ਦਰ ਅਖ਼ਬਾਰ ਲਈ ਮਦਦ ਭੇਜੀ। ਗ਼ਦਰ ਅਖ਼ਬਾਰ ਫ਼ੌਜੀ ਛਾਉਣੀਆਂ ਵਿਚ ਆਉਣ ਤੇ ਫੌਜੀ ਕਮਾਂਡਰ ਨੇ ਪਾਬੰਦੀ ਲਾਈ ਤਾਂ ਫੌਜੀਆਂ ਨੇ ਸਥਾਨਕ ਦੁਕਾਨਦਾਰਾਂ ਦੇ ਪਤੇ ਤੇ ਅਖ਼ਬਾਰ ਮੰਗਵਾਉਣੀ ਸ਼ੁਰੂ ਕਰ ਦਿੱਤੀ।

ਹਾਂਗਕਾਂਗ ਸਰਕਾਰ ਨੇ ਹਿੰਦੋਸਤਾਨੀਆਂ ਦੇ ਆਪਣੇ ਪਹਿਲੇ ਜਹਾਜ਼ ਗੁਰੂ ਨਾਨਕ (ਕੋਮਾਗਾਟਾਮਾਰੂ) ਦੇ ਕਨੇਡਾ ਵੱਲ ਜਾਣ ਵਿਚ ਅੜਿੱਕੇ ਡਾਹੇ, ਤਾਂ ਸਿੱਖ ਫ਼ੌਜੀਆਂ ਨੇ ਇਹਦਾ ਵਿਰੋਧ ਕੀਤਾ। ਪਹਿਲੀ ਆਲਮੀ ਜੰਗ ਵਿਚ ਅੰਗਰੇਜ਼ਾਂ ਦੇ ਫਸ ਜਾਣ ਦਾ ਫ਼ਾਇਦਾ ਲੈਣ ਲਈ ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਵਾਪਸ ਜਾ ਕੇ ਦੇਸ਼ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ। ਗ਼ਦਰੀਆਂ ਨੂੰ ਲੈ ਕੇ ਐਸ ਐਸ ਕੋਰੀਆ ਤੇ ਮਸ਼ੀਮਾਮਾਰੂ ਸਮੁੰਦਰੀ ਜਹਾਜ਼ ਹਾਂਗਕਾਂਗ ਪਹੁੰਚੇ। ਗ਼ਦਰੀਆਂ ਨੇ ਲਗਾਤਾਰ ਅੱਠ ਦਿਨ ਗੁਰੂਦੁਆਰੇ ਵਿਚ ਭਾਸ਼ਣ ਦਿੱਤੇ, ਜਿਨ੍ਹਾਂ ਕਰਕੇ ਫ਼ੌਜੀਆਂ ਵਿਚ ਬਾਦਸ਼ਾਹ ਨਾ਼ਲ ਵਫ਼ਾਦਾਰੀ ਦੇ ਉਲਟ ਬਗ਼ਾਵਤ ਦਾ ਬੀਜ ਬੀਜਿਆ ਗਿਆ। ਅਫ਼ਸਰਾਂ ਨੇ ਫ਼ੌਜੀਆਂ ਦੇ ਗੁਰੂਦੁਆਰੇ ਜਾਣ 'ਤੇ ਪਾਬੰਦੀ ਲਾ ਦਿੱਤੀ, ਪਰ ਉਹ ਚੋਰੀਛਿਪੇ ਗੁਰੂਦੁਆਰੇ ਜਾਂਦੇ ਰਹੇ। ਹਰਨਾਮ ਸਿੰਘ, ਫੁੰਮਣ ਸਿੰਘ, ਕਿਰਪਾ ਸਿੰਘ, ਈਸ਼ਰ ਸਿੰਘ, ਲਾਭ ਸਿੰਘ ਤੇ ਤੇਜਾ ਸਿੰਘ ਨੂੰ ਕਰਾਚੀ ਭੇਜ ਦਿੱਤਾ ਤੇ ਫਿਰ ਡੀਪੂ ਫ਼ਿਰੋਜ਼ਪੁਰ ਬਦਲ ਦਿੱਤਾ।

ਫ਼ਿਰੋਜ਼ਪੁਰ ਛਾਉਣੀ ਵਿਚ ਲਾਂਸ ਨਾਇਕ ਕਿਰਪਾ ਸਿੰਘ ਨੇ ਕਰਤਾਰ ਸਿੰਘ ਸਰਾਭਾ ਨੂੰ ਹਰਨਾਮ ਸਿੰਘ ਤੇ ਬਾਕੀ ਫ਼ੌਜੀਆਂ ਨਾਲ ਮਿਲਾਇਆ, ਜਿਹਨੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਦੱਸਿਆ ਕਿ ਪਰਦੇਸਾਂ ਵਿੱਚੋਂ ਹਿੰਦੋਸਤਾਨ ਆਏ ਗ਼ਦਰ ਪਾਰਟੀ ਦੇ ਹਜ਼ਾਰਾਂ ਦੇਸ਼ ਭਗਤ ਵੱਖ-ਵੱਖ ਛਾਉਣੀਆਂ ਵਿਚ ਫ਼ੌਜਾਂ ਨੂੰ ਇਨਕਲਾਬ ਲਈ ਤਿਆਰ ਕਰ ਰਹੇ ਹਨ। ਉਹਨੇ ਇਨ੍ਹਾਂ ਨੂੰ ਬਾਕੀ ਫ਼ੌਜੀਆਂ ਵਿਚ ਖ਼ੁਫ਼ੀਆ ਤਰੀਕੇ ਨਾਲ ਦੇਸ਼ ਪਿਆਰ ਤੇ ਇਨਕਲਾਬ ਦਾ ਪ੍ਰਚਾਰ ਕਰਨ ਲਈ ਪ੍ਰੇਰਿਆ।

ਕਾਲਾ ਸੰਘਿਆਂ ਦੇ ਜਮਾਂਦਾਰ ਬੂਟਾ ਸਿੰਘ ਨੇ ਹਰਨਾਮ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਗ੍ਰਿਫ਼ਤਾਰ ਕਰਵਾ ਕੇ ਇਨਾਮ ਦੀ ਨਕਦ ਰਕਮ ਤੇ ਸੱਤ ਮੁਰੱਬੇ ਜ਼ਮੀਨ ਹਾਸਿਲ ਕਰਨ ਲਈ ਕਿਹਾ। ਕੈਪਟਨ ਕਾਰਗਿਲ ਨੇ ਤਫ਼ਤੀਸ਼ ਵਿਚ ਦੋਸ਼ੀ ਪਾਏ ਜਾਣ 'ਤੇ ਗੋਲੀ ਮਾਰਨ ਦੀ ਧਮਕੀ ਦਿੱਤੀ, ਪਰ ਉਹਨੇ ਅਣਭੋ਼ਲ ਬਣਦਿਆਂ ਦੋਹਵਾਂ ਦੀ ਕੋਈ ਵਾਹ ਨਾ ਚੱਲਣ ਦਿੱਤੀ।

ਜਨਵਰੀ 1915 ਵਿਚ ਕਰਤਾਰ ਸਿੰਘ ਸਰਾਭਾ, ਬੰਤਾ ਸਿੰਘ ਸੰਘਵਾਲ ਤੇ ਹੋਰ ਗ਼ਦਰੀ ਫ਼ਿਰੋਜ਼ਪੁਰ ਛਾਉਣੀ ਵਿਚ ਫੌਜੀਆਂ ਨੂੰ ਮਿਲਦੇ ਰਹੇ। 15 ਫ਼ਰਵਰੀ ਨੂੰ ਕਰਤਾਰ ਸਿੰਘ ਸਰਾਭਾ ਤੇ ਸੱਜਣ ਸਿੰਘ ਉਥੇ ਬਗ਼ਾਵਤ ਕਰਾਉਣ ਦਾ ਸਾਰਾ ਪ੍ਰਬੰਧ ਕਰ ਆਏ। ਕੈਪਟਨ ਕਾਰਗਿਲ ਨੇ ਵਿਦੇਸ਼ਾਂ ਤੋਂ ਮੁੜੇ ਗ਼ਦਰੀਆਂ ਦਾ ਛਾਉਣੀ ਵਿਚ ਦਾਖ਼ਿਲਾ ਬੰਦ ਕਰ ਦਿੱਤਾ। 18 ਫ਼ਰਵਰੀ ਨੂੰ ਮੋਚੀ ਗੇਟ ਲਾਹੌਰ ਵਾਲੇ ਗ਼ਦਰ ਮੁੱਖ ਅੱਡੇ 'ਤੇ ਸਰਾਭੇ ਨੂੰ ਕਿਰਪਾਲ ਸਿੰਘ ਦੀ ਗ਼ਦਾਰੀ ਦਾ ਪਤਾ ਲੱਗਾ, ਤਾਂ ਉਹ ਕਾਹਲੀ ਵਿਚ ਭਾਈ ਰਣਧੀਰ ਸਿੰਘ ਤੇ ਉਨ੍ਹਾਂ ਦੇ ਜੱਥੇ ਨੂੰ ਲੈ ਕੇ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਗਿਆ। ਛਾਉਣੀ ਵਿਚ ਕੋਈ ਹਿਲਜੁੱਲ ਨਾ ਦੇਖ ਕੇ ਉਨ੍ਹਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪਿਆ। 19 ਫ਼ਰਵਰੀ ਨੂੰ ਅੱਠ ਬਾਗ਼ੀ ਫ਼ੌਜੀ ਨੌਕਰੀ ਤੋਂ ਬਰਖ਼ਾਸਤ ਕਰਕੇ ਰੇਲ ਗੱਡੀ 'ਤੇ ਚੜ੍ਹਾ ਕੇ ਘਰਾਂ ਨੂੰ ਭੇਜ ਦਿੱਤੇ, ਪਰ ਉਹ ਉਸੇ ਦਿਨ ਵਾਪਸ ਫ਼ਿਰੋਜ਼ਪੁਰ ਪਹੁੰਚ ਗਏ ਸਨ। ਅਰਜਨ ਸਿੰਘ ਖੁਖਰਾਨੇ ਨੇ ਕਾਲਾ ਸੰਘਿਆਂ ਆ ਕੇ ਇਤਲਾਹ ਦਿੱਤੀ ਕਿ ਗ਼ਦਰ ਦੀ ਤਰੀਕ 21 ਤੋਂ 19 ਫਰਵਰੀ ਕਰ ਦਿੱਤੀ ਹੈ, ਤਾਂ ਹਰਨਾਮ ਸਿੰਘ ਉਹਦੇ ਨਾਲ ਫ਼ਿਰੋਜ਼ਪੁਰ ਛਾਉਣੀ ਜਾ ਪਹੁੰਚਾ। ਛਾਉਣੀ ਵਿਚ ਦੇਸੀ ਫ਼ੌਜੀਆਂ ਤੋਂ ਚਾਰ ਦਿਨਾਂ ਲਈ ਹਥਿਆਰ ਰਖਵਾ ਕੇ ਗੋਰੇ ਫ਼ੌਜੀਆਂ ਦਾ ਹਰ ਪਾਸੇ ਪਹਿਰਾ ਲਾ ਦਿੱਤਾ ਸੀ। 20 ਫਰਵਰੀ 1915 ਨੂੰ ਲਾਹੌਰ ਦੇ ਅਨਾਰਕਲੀ ਬਜ਼ਾਰ ਵਿਚ ਅਰਜਨ ਸਿੰਘ ਖੁਖਰਾਣਾ, ਬੰਤਾ ਸਿੰਘ ਸੰਘਵਾਲ ਤੇ ਹਰਨਾਮ ਸਿੰਘ ਸਿਆਲਕੋਟੀ ਤਿੰਨ ਦਾ ਪੁਲਿਸ ਨਾ਼ਲ ਭੇੜ ਹੋ ਗਿਆ। ਅਰਜਨ ਸਿੰਘ ਖੁਖਰਾਨਾ ਨੂੰ ਗ੍ਰਿਫਤਾਰ ਕਰ ਲਿਆ। ਤਲਾਸ਼ੀ ਕਰਨ ਤੇ ਉਹਦੇ ਕੋਲੋਂ ਪਰਚੀ ਮਿਲੀ - 'ਹਰਨਾਮ ਸਿੰਘ ਭਰਾ ਲਛਮਣ ਸਿੰਘ ਕਾਲਾ ਸੰਘਿਆਂ' ਤੇ 23 ਫਰਵਰੀ ਨੂੰ ਪੁਲਿਸ ਹਰਨਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ। ਵਾਅਦਾ ਮੁਆਫ਼ ਗਵਾਹ ਅਨੋਖ ਸਿੰਘ ਦੇ ਨਾ ਪਛਾਣਨ ਕਰਕੇ ਉਹਨੂੰ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਰੱਖਕੇ ਮੁਕੱਦਮਾ ਚਲਾਇਆ ਗਿਆ। ਇਹ ਇਤਫ਼ਾਕ ਹੀ ਸੀ ਕਿ ਹਰਨਾਮ ਸਿੰਘ ਦਾ ਫ਼ੌਜੀ ਪਲਟਣ ਨੰਬਰ 26, ਦੋਸ਼ੀ ਨੰਬਰ 26 ਤੇ ਉਮਰ 26 ਸਾਲ ਸੀ। 30 ਮਾਰਚ 1916 ਨੂੰ ਸਪੈਸ਼ਲ ਟ੍ਰਿਬਊਨਲ ਦੇ ਤਿੰਨ ਜੱਜਾਂ ਏ ਏ ਇਰਵਨ, ਟੀ ਪੀ ਐਲਿਸ ਤੇ ਸ਼ਿਓ ਨਾਰਾਇਣ ਨੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ: ਹਰਨਾਮ ਸਿੰਘ ਨੂੰ ਉਮਰ ਕੈਦ, ਜਲਾਵਤਨੀ ਤੇ ਜ਼ਮੀਨ ਜਾਇਦਾਦ ਦੀ ਕੁਰਕੀ ਦੀ ਸਜ਼ਾ ਸੁਣਾਈ। ਕਪੂਰਥਲਾ ਰਿਆਸਤ ਦੇ ਰਾਜੇ ਨੇ ਅੰਗਰੇਜ਼ ਹਾਕਮਾਂ ਨੂੰ ਖ਼ੁਸ਼ ਕਰਨ ਲਈ 28 ਪੋਹ ਬਿਕਰਮੀ ਸੰਮਤ 1973 (1916 ਈਸਵੀ) ਨੂੰ ਜ਼ਮੀਨ ਜਾਇਦਾਦ ਜਬਤ ਕਰਨ ਦੀ ਬਜਾਏ ਕੌਡੀਆਂ ਦੇ ਭਾਅ ਨੀਲਾਮ ਕਰਵਾ ਦਿੱਤੀ ਤੇ ਨੀਲਾਮੀ ਦੀ ਕੁੱਲ ਰਕਮ 3024 ਰੁਪਏ 8 ਆਨੇ 9 ਪਾਈ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ। ਘਰ, ਘਰ ਦਾ ਸਾਰਾ ਸਮਾਨ, ਗਹਿਣੇ, ਜ਼ਮੀਨ ਨਿਲਾਮ ਕਰ ਦਿੱਤੇ। ਪੁਲਸੀਆਂ ਨੇ ਹਰਨਾਮ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ ਘਰੋਂ ਬਾਹਰ ਕੱਢ ਦਿੱਤਾ।



ਪਹਿਲੇ ਲਾਹੌਰ ਸਾਜਿਸ਼ ਕੇਸ ਵਾਲੇ ਗ਼ਦਰੀਆਂ ਨੇ ਕਾਲੇਪਾਣੀ ਸੈਲਿਊਲਰ ਜੇਲ ਦੇ ਅਧਿਕਾਰੀਆਂ ਨੂੰ ਜੇਲ ਸਖ਼ਤੀਆਂ ਦੇ ਵਿਰੋਧ ਵਿਚ ਅਜਿਹਾ ਸਬਕ ਸਿਖਾਇਆ ਕਿ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਰ ਕੈਦੀ ਲੈਣ ਤੋਂ ਨਾਂਹ ਕਰ ਦਿੱਤੀ। ਇਸ ਕਰਕੇ ਦੂਜੇ ਸਾਜਿਸ਼ ਕੇਸ ਵਾਲਿਆਂ ਨੂੰ ਹਜ਼ਾਰੀ ਬਾਗ ਜੇਲ (ਪਹਿਲਾਂ ਬਿਹਾਰ, ਹੁਣ ਝਾਰਖੰਡ) ਭੇਜ ਦਿੱਤਾ। ਵਧਾਵਾ ਰਾਮ ਦਰੋ਼ਗੇ ਨੇ ਖ਼ੁਰਾਕ ਭੈੜੀ ਕਰ ਦਿੱਤੀ, ਪਰਨੇ, ਗੁਟਕੇ ਖੋਹ ਲਏ, ਗੰਦੀ ਦਾ਼ਲ ਸਬਜ਼ੀ, ਗੰਦਾ ਆਟਾ, ਪੀਹਣ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ। ਡੰਡੇ ਬੇੜੀਆਂ, ਟਾਟ ਵਰਦੀਆਂ, ਖੜ੍ਹੀਆਂ ਹੱਥਕੜੀਆਂ ਬੇੜੀਆਂ ਤੇ ਲੋਹੇ ਦੇ ਪਿੰਜਰੇ ਦੀਆਂ ਸਜ਼ਾਵਾਂ ਮਿਲਣ ਲੱਗੀਆਂ।

ਸਖ਼ਤੀਆਂ ਤੋਂ ਤੰਗ ਆ ਕੇ ਹਰਨਾਮ ਸਿੰਘ ਸਮੇਤ 18 ਗ਼ਦਰੀ ਦੇਸ਼ ਭਗਤ ਜੇਲੋਂ ਫ਼ਰਾਰ ਹੋ ਗਏ। ਤਿੰਨ ਜਣਿਆਂ ਤੋਂ ਇਲਾਵਾ ਬਾਕੀ 15 ਫੜੇ ਗਏ ਅਤੇ ਦੋ ਸਾਲ ਸਜ਼ਾ ਹੋਰ ਵਧਾ ਦਿੱਤੀ ਗਈ। ਗ਼ਦਰੀਆਂ ਨੇ ਕਲਕੱਤਿਉਂ ਬਦਲ ਕੇ ਆਏ ਗੋਰੇ ਦਰੋ਼ਗੇ ਮੀਕ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ, ਜਦੋਂ 27 ਕੋਠੜੀਆਂ ਦੀਆਂ ਵੱਢੀਆਂ ਸੀਖਾਂ ਹਟਾ ਕੇ ਉਹ ਦਰੋ਼ਗੇ ਸਾਹਮਣੇ ਆ ਹਾਜ਼ਿਰ ਹੋਏ। ਇਸ ਮਗਰੋਂ ਗ਼ਦਰੀ ਕੈਦੀਆਂ ਨਾ਼ਲ ਜੇਲ ਅਧਿਕਾਰੀਆਂ ਦਾ ਵਤੀਰਾ ਨਰਮ ਹੋ ਗਿਆ। ਇਸ ਜੇਲ ਤੋਂ ਬਾਅਦ ਰਾਜਮੁੰਦਰੀ (ਮਦਰਾਸ), ਬੈਲੂਰ ਹਾਤਾ, ਲਾਹੌਰ, ਰਾਵਲਪਿੰਡੀ, ਫ਼ਿਰੋਜ਼ਪੁਰ ਤੇ ਜਲੰਧਰ ਜੇਲਾਂ ਵਿਚ 20 ਸਾਲ 9 ਮਹੀਨੇ 17 ਦਿਨ ਰੱਖਕੇ 10 ਦਸੰਬਰ 1935 ਨੂੰ ਰਿਹਾਅ ਕਰ ਦਿੱਤਾ। ਸਜ਼ਾ ਤਾਂ 1929 ਵਿਚ ਹੀ ਪੂਰੀ ਹੋ ਗਈ ਸੀ, ਪਰ ਬਾਬਾ ਹਰਨਾਮ ਸਿੰਘ ਬਾਸ਼ਰਤ ਰਿਹਾਈ ਤੋਂ ਇਨਕਾਰੀ ਸਨ ਤੇ ਆਖ਼ਿਰ ਵਾਇਸਰਾਏ ਨੂੰ ਇਨ੍ਹਾਂ ਵਾਸਤੇ ਖ਼ਾਸ ਹੁਕਮ ਦੇ ਕੇ ਰਿਹਾ ਕਰਨਾ ਪਿਆ। 1940 ਵਿਚ ਸਰਕਾਰ ਵਿਰੁੱਧ ਇਸ਼ਤਿਹਾਰ ਲੱਗੇ ਤਾਂ ਚਾਰ ਦਿਨਾਂ ਲਈ ਜੇਲ ਭੇਜ ਦਿੱਤਾ ਸੀ।

ਰਿਹਾ ਹੋਣ ਤੋਂ ਬਾਅਦ ਪਿੰਡ ਵਾਸੀਆਂ, ਗੁਰੂਦੁਆਰਾ ਸੀਸਗੰਜ ਦਿੱਲੀ, ਅਕਾਲੀ ਦਲ ਤੇ ਗ਼ਦਰ ਪਾਰਟੀ ਕਪੂਰਥਲਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਗ਼ਦਰ ਪਾਰਟੀ ਅੰਮ੍ਰਿਤਸਰ, ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਤੇ ਮਾਲਵਾ ਦੀਵਾਨ ਨੇ ਵੱਖ-ਵੱਖ ਸਮੇਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਰਿਵਾਰ ਨੂੰ ਦਸ ਰੁਪਏ ਮਹੀਨਾ ਸਹਾਇਤਾ ਮਿ਼ਲਦੀ ਰਹੀ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਮਿ਼ਲ ਕੇ ਬਾਬਾ ਜੀ ਨੇ ਜ਼ਮੀਨ ਵਾਪਸੀ ਦੀ ਮੰਗ ਕੀਤੀ ਪਰ ਅਸਫਲਤਾ ਮਿਲੀ।

ਗਿਆਨੀ ਜ਼ੈਲ ਸਿੰਘ ਨੇ ਤਾਮਰ ਪੱਤਰ ਦਿੱਤਾ। ਬਾਬਾ ਹਰਨਾਮ ਸਿੰਘ ਜੀ 18 ਮਈ 1978 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਜੀ ਦੇ ਪਰਿਵਾਰ ਨੇ ਬਹੁਤ ਮੁਸ਼ਕਲਾਂ ਝੱਲੀਆਂ। ਪਰਿਵਾਰ ਨੂੰ ਸਭ ਤੋਂ ਵੱਧ ਮਾਨਸਿਕ ਪ੍ਰੇਸ਼ਾਨੀ ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਦਿੱਤੀ ਜਿਨ੍ਹਾਂ ਨੇ ਉਨ੍ਹਾਂ ਨੂੰ ਬਣਦਾ ਮਾਣ ਤਾਂ ਕੀ ਦੇਣਾ ਸੀ ਸਗੋਂ ਉਲਟਾ ਜਾਇਦਾਦ ਬਹਾਲੀ ਦੇ ਮੁੱਦੇ ਤੇ ਸਰਕਾਰਾਂ ਨੇ ਅੱਖਾਂ ਬੰਦ ਕਰੀ ਰੱਖੀਆਂ। ਦੇਸ਼ ਭਗਤਾਂ ਦੇ ਪਰਿਵਾਰਾਂ ਵੱਲੋਂ ਝੱਲੀਆਂ ਮੁਸ਼ਕਲਾਂ ਮੁਸੀਬਤਾਂ ਪ੍ਰੇਸ਼ਾਨੀਆਂ ਦੀ ਕੋਈ ਥਾਹ ਨਹੀਂ ਪਾ ਸਕਦਾ।

ਇਸ ਲੇਖਕ ਨੇ ਦੋ ਸਾਲ ਦੀ ਮੁਸ਼ੱਕਤ ਨਾਲ ਫ਼ਰਵਰੀ 2004 ਵਿਚ ਕਪੂਰਥਲੇ ਸਦਰ ਕਾਨੂੰਗੋ ਰਿਕਾਰਡ ਦਫ਼ਤਰ ਵਿੱਚੋਂ ਜੋਗਾ ਸਿੰਘ ਤੇ ਪਟਵਾਰੀ ਮੱਖਣ ਲਾਲ ਦੀ ਮਦਦ ਨਾਲ ਜ਼ਮੀਨ ਜਾਇਦਾਦ ਦੇ ਕਾ਼ਗਜ਼ ਕਢਵਾ ਕੇ 'ਗ਼ਦਰੀ ਬਾਬਿਆਂ ਦੇ ਮੁਣਸ਼ੀ' ਆਖੇ ਜਾਂਦੇ ਮਲਵਿੰਦਰਜੀਤ ਸਿੰਘ ਜੀ ਵੜੈਚ ਨੂੰ ਭੇਜੇ। ਵੜੈਚ ਹੋਰਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਾਈ ਜਨਹਿਤ ਪਟੀਸ਼ਨ ਸਦਕਾ ਬਾਬਾ ਹਰਨਾਮ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਤੋਂ 35 ਲੱਖ ਰੁਪਏ ਮੁਆਵਜ਼ਾ ਮਿਲਿਆ।

## 31 ਮਈ 2022 ਨੂੰ "ਵਿਸ਼ਵ ਤੰਬਾਕੂ ਵਿਰੋਧੀ ਦਿਵਸ" ਤੇ ਵਿਸ਼ੇਸ਼

# ਤੰਬਾਕੂ ਸਮੇਤ ਸਾਰੇ ਨਸ਼ਿਆਂ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਲੋੜ



ਪ੍ਰਮੋਦ ਧੀਰ
91-98550-31081

ਤੰਬਾਕੂ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸਮੇਂ ਦੇਸ਼ ਵਿੱਚ ਤੰਬਾਕੂ ਤੋਂ ਬਚਨ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਜ਼ੋਰਾਂ ਤੇ ਹੈ ਤੇ ਸਮੁੱਚੇ ਵਿਸ਼ਵ ਵਿੱਚ ਅੱਜ 31 ਮਈ 2022 ਨੂੰ "ਵਿਸ਼ਵ ਤੰਬਾਕੂ ਵਿਰੋਧੀ ਦਿਵਸ" ਮਨਾਇਆ ਜਾ ਰਿਹਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ ਐਓ ਓ) ਦੁਆਰਾ 1987 ਵਿੱਚ ਤੰਬਾਕੂ ਦੇ ਖਿਲਾਫ਼ ਜਾਗਰੂਕਤਾ ਫੈਲਾਉਣ ਲਈ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਤੰਬਾਕੂ ਨਾਲ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਲੋਕਾਂ ਨੂੰ ਸੁਚੇਤ ਕਰਨਾ ਹੈ। ਇਸ ਦਿਨ ਸੰਸਾਰ ਭਰ ਵਿੱਚ ਸਰਵਜਨਕ ਥਾਵਾਂ ਤੇ ਪ੍ਰਦਰਸ਼ਨੀ, ਝੰਡਿਆਂ ਅਤੇ ਬੈਨਰਾਂ ਦੁਆਰਾ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਇਸ ਦਿਨ ਸਕੂਲਾਂ ਕਾਲਜਾਂ ਵਿੱਚ ਵੀ ਤੰਬਾਕੂ ਦੇ ਨੁਕਸਾਨਾਂ ਆਦਿ ਬਾਰੇ, ਤੰਬਾਕੂ ਵੇਚਨ ਵਾਲਿਆਂ ਨੂੰ ਸਜਾ ਆਦਿ ਬਾਰੇ ਜਾਗਰੂਕਤਾ ਅਭਿਆਨ, ਪੋਸਟਰ, ਭਾਸ਼ਨ, ਨੁੱਕੜ ਨਾਟਕ, ਪੇਂਟਿੰਗ ਮੁਕਾਬਲੇ ਆਦਿ ਕਰਵਾ ਕੇ ਵਿਦਿਆਰਥੀਆਂ ਨੂੰ ਤੰਬਾਕੂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਜੋ ਕਿ ਇੱਕ ਸ਼ਲਾਘਾ ਯੋਗ ਕਦਮ ਹੈ। ਪੂਰੀ ਦੁਨੀਆਂ ਵਿੱਚ ਹਰ ਸਾਲ ਲਗਭਗ 60 ਲੱਖ ਲੋਕ ਤੰਬਾਕੂ ਦੇ ਸੇਵਨ ਕਾਰਨ ਮਰ ਜਾਂਦੇ ਹਨ। ਤੰਬਾਕੂ ਇੱਕ ਜ਼ਹਿਰ ਹੈ ਜੋ ਕਿ ਹੌਲੀ ਹੌਲੀ ਮਨੁੱਖ ਨੂੰ ਮੌਤ ਦੇ ਮੂੰਹ ਤੱਕ ਲੈ ਜਾਂਦਾ ਹੈ। ਇਸ ਵਿੱਚ ਨਿਕੋਟੀਨ ਵਰਗੇ ਰਸਾਇਣ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਕੈਂਸਰ ਵਰਗੀ ਭਿਆਨਕ ਬਿਮਾਰੀ ਦਾ ਕਾਰਨ ਬਣਦਾ ਹੈ।

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਤੰਬਾਕੂ ਆਦਿ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਤੰਬਾਕੂ ਤੋਂ ਇਲਾਵਾ ਸ਼ਰਾਬ,ਬੀਅਰ, ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਤੰਬਾਕੂ ਦੀ ਲਪੇਟ ਵਿੱਚ ਆ ਰਹੀ ਹੈ। ਇਸ ਤੰਬਾਕੂ ਦੀ ਵਿਕਰੀ ਪੂਰੇ ਭਾਰਤ ਵਿੱਚ ਜ਼ੋਰਾਂ ਤੇ ਹੋ ਰਹੀ ਹੈ। ਤੰਬਾਕੂ ਦੀ ਹਰ ਵਸਤੂ ਉੱਪਰ ਲਿਖਿਆ ਹੁੰਦਾ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ ਪਰ ਫਿਰ ਵੀ ਲੋਕ ਇਸ ਦਾ ਸੇਵਨ ਕਰਦੇ ਹਨ। ਇਸ ਤੰਬਾਕੂ 'ਤੇ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਤੰਬਾਕੂ ਦੀਆਂ ਆਦਿ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮ'ਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਤੰਬਾਕੂ ਅਤੇ ਹੋਰ ਨਸ਼ਿਆਂ ਦੀ ਆਦੀ ਬਣਦੀ ਜਾ ਰਹੀ ਹੈ। ਕਈ ਤਾਂ ਤੰਬਾਕੂ, ਚਿੱਟਾ,ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।




ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾਂ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

(ਬਾਕੀ ਸਫਾ 30 'ਤੇ)

**ਬਰਸੀ 'ਤੇ ਵਿਸ਼ੇਸ਼**

# ਆਦਿ ਧਰਮ ਮੰਡਲ ਦਾ ਰਤਨ ਸੀ ਮਾਸਟਰ ਲਾਲ ਚੰਦ 'ਰਤਨ' ਕਾਦਰਵਾਲਾ

ਬ੍ਰਿਟਿਸ਼ ਸਰਕਾਰ ਨੇ ਪਹਿਲੀ ਵਾਰ ਇੰਡੀਅਨ ਐਕਟ 1919 ਪਾਸ ਕਰਕੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੂੰ ਸੰਵਿਧਾਨਕ ਮਾਨਤਾ ਪਰਦਾਨ ਕੀਤੀ। ਜਿਸ ਨਾਲ ਪੂਰੇ ਦੇਸ਼ ਵਿੱਚ ਚਾਰੇ ਪਾਸੇ ਦਲਿਤਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਹੋੜ ਲੱਗ ਗਈ। ਉਸ ਤੋਂ ਬਾਅਦ ਖੁੰਬਾਂ ਵਾਂਗੂੰ ਵੱਖ ਵੱਖ ਧਰਮਾਂ ਤੇ ਫਿਰਕਿਆਂ ਵੱਲੋਂ ਸੰਗਠਨ ਬਣਾਏ ਗਏ।1925 ਵਿਚ ਕੱਟੜ ਪੰਥੀ ਹਿੰਦੂਤਵੀਆਂ ਵਲੋਂ ਆਰ ਐਸ ਐਸ ਦੀ ਸਥਾਪਨਾ ਕੀਤੀ ਗਈ । 1925 ਵਿਚ ਸ਼ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ । 1925 ਵਿਚ ਭਾਰਤੀ ਕਮਿਊਨਿਸਟ ਪਾਰਟੀ ਖੜ੍ਹੀ ਕੀਤੀ ਗਈ । ਇਸ ਸਮੇਂ ਤਕ ਅਛੂਤਾਂ ਪਛੜਿਆ ਵਿਚ ਵੀ ਜਾਗਰਤੀ ਪੈਦਾ ਹੋ ਰਹੀ ਸੀ । ਅਮਰੀਕਾ ਤੋਂ ਪਰਤ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ1925 ਵਿਚ ਹੀ ਅਛੂਤਾਂ ਦੇ ਹੱਕਾਂ ਹਿਤਾਂ ਦੀ ਰਾਖੀ ਲਈ "ਆਦਿ ਧਰਮ ਮੰਡਲ" ਦੀ ਨੀਂਹ ਰੱਖੀ । ਆਦਿ ਧਰਮ ਦੇ ਆਗੂਆਂ ਦੇ ਵਿੱਢੇ ਸੰਘਰਸ਼ ਦੇ ਸਿੱਟੇ ਵਜੋਂ ਨਾ ਸਿਰਫ ਪੰਜਾਬ ਅੰਦਰ ਰਾਜਨੀਤਕ ਉਥਲ ਪੁਥਲ ਦੇਖੀ ਗਈ ਬਲਕਿ ਇਸ ਲਹਿਰ ਨੇ ਸਮਾਜਕ ਤਾਣੇ ਬਾਣੇ ਦੇ ਨਾਲ ਅਖੌਤੀ ਧਾਰਮਿਕ ਅਕੀਦਿਆਂ ਵਿਚ ਵੀ ਝੁਣਝੁਣੀ ਛੇੜ ਕੇ ਰੱਖ ਦਿੱਤੀ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਕੌਮੀ ਆਗੂ ਵਜੋਂ ਉਭਾਰਨ ਵਿਚ ਆਦਿ ਧਰਮ ਲਹਿਰ ਵਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ । 1931 ਦੀ ਮਰਦਮਸ਼ੁਮਾਰੀ ਵਿਚ ਪਹਿਲੀ ਵੇਰ ਆਦਿ ਧਰਮੀਆਂ ਨੂੰ ਵੱਖਰੇ ਧਰਮ ਦੇ ਤੌਰ ਤੇ ਦਰਜ ਕੀਤਾ ਗਿਆ । ਸਾਈਮਨ ਕਮਿਸ਼ਨ ਜਿਹੜਾ 1928 ਵਿਚ ਇਸ ਦੇਸ਼ ਦੇ ਅਛੂਤਾਂ ਦੀ ਬਦ ਤੋਂ ਬਦਤਰ ਹਾਲਤ ਦਾ ਜਾਇਜ਼ਾ ਲੈਣ ਲਈ ਸਥਾਪਤ ਕੀਤਾ ਗਿਆ ਸੀ ਜਿਸ ਦਾ ਅਖੌਤੀ ਉੱਚ ਜਾਤੀਆਂ ਦੇ ਹਿੰਦੂਆਂ, ਆਰੀਆ ਸਮਾਜੀਆਂ ਤੇ ਕਾਂਗਰਸ ਪਾਰਟੀ ਵੱਲੋਂ ਵਿਰੋਧ ਕੀਤਾ ਗਿਆ ਸੀ ਤੇ "ਸਾਈਮਨ ਕਮਿਸ਼ਨ ਗੋ ਬੈਕ" ਦੀ ਗੁਹਾਰ ਲਗਾਈ ਗਈ ਸੀ । ਪਰ ਅਛੂਤਾਂ ਵੱਲੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰ- ਬੇਡਕਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਕਮਿਸ਼ਨ ਨੂੰ ਜੀਓ ਆਇਆਂ ਆਖਿਆ ਤੇ ਆਪਣੀਆਂ ਸ਼ਿਕਾਇਤਾਂ ਤੇ ਬਦਹਾਲੀਆਂ ਤੇ ਹੋ ਰਹੀਆਂ ਅਣ ਮਨੁੱਖੀ ਬਦਸਲੂਕੀਆਂ ਬਾਰੇ ਖੁਲ੍ਹ ਕੇ ਆਪਣਾ ਪੱਖ ਰੱਖਿਆ। ਬਾਬੂ ਮੰਗੂ ਰਾਮ ਮੁ- ਗੋਵਾਲੀਆ ਜੀ ਦੀ ਅਗਵਾਈ 'ਚ ਦਸ ਹਜਾਰ ਤੋ ਵਧ ਆਦਿ ਧਰਮੀਆਂ ਵੱਲੋਂ ਲਹੌਰ ਵਿਖੇ ਲਾਲ ਪੱਗਾਂ ਬੰਨ੍ਹ ਕੇ ਸਾਈਮਨ ਕਮਿਸ਼ਨ ਦਾ ਭਰਵਾਂ ਸੁਆਗਤ ਕੀਤਾ ਗਿਆ । ਜਦੋ ਕਿ ਪੰਜਾਬ ਕਾਂਗਰਸ ਦਾ ਮੁੱਖੀ ਆਰੀਆਂ ਸਮਾਜੀ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਲੱਗਾ ਸੀ। ਜਿਹੜਾ ਚੀਚੀ ਨੂੰ ਲਹੂ ਲਾਕੇ ਬਾਅਦ ਵਿਚ ਅਖੌਤੀ ਸ਼ਹੀਦ ਗਰਦਾਨਿਆਂ ਗਿਆ । ਆਦਿ ਧਰਮ ਲਹਿਰ ਬੇਸ਼ੱਕ ਦੁਆਬੇ ਤੋ ਸ਼ੁਰੂ ਹੋਈ ਸੀ ਪਰ ਇਸ ਲਹਿਰ ਦੇ ਵੱਡੇ ਸਮਰਥਕ ਬਣਕੇ ਉਭਰੇ ਮਾਸਟਰ ਲਾਲ ਚੰਦ ਰਤਨ ਕਾ- ਦਰਵਾਲਾ ਨੇ ਇਸ ਦਾ ਪਸਾਰ ਮਾਲਵੇ ਵਿਚ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ । ਉਹ ਆਪਣੀ ਤੀਖਣ ਬੁੱਧੀ, ਦ੍ਰਿੜ ਇਰਾਦੇ ਤੇ ਬੁਲੰਦ ਹੌਸਲੇ ਸਦਕਾ ਸਚਮੁੱਚ ਆਦਿ ਧਰਮ ਲਹਿਰ ਦੇ ਰਤਨ ਵਜੋਂ ਉੱਭਰੇ। ਸਵੈਅਭਿਮਾਨੀ, ਸੰਜੀਦਾ, ਅਣਖੀ ਯੋਧੇ, ਗਰੀਬਾਂ ਦੇ ਦਰਦ ਨਾਲ ਭਰਪੂਰ ਹਸਤੀ ਮਾਸਟਰ ਲਾਲ ਚੰਦ ਜੀ ਨੇ 01ਜਨਵਰੀ 1907 ਨੂੰ ਫਿਰੋਜ਼ਪੁਰ ਜਿਲ੍ਹੇ ਦੇ ਬੇਟ ਏਰੀਏ ਦੀ ਜੀਰਾ ਤਹਿਸੀਲ ਦੇ ਪਿੰਡ ਕਾਦਰ ਵਾਲਾ ਵਿਖੇ ਸ੍ਰੀ ਗੋਵਿੰਦ ਰਾਮ ਦੇ ਗ੍ਰਹਿ ਵਿਖੇ ਮਾਤਾ ਜਵਾਲੀ ਦੀ ਕੁੱਖੋਂ ਜਨਮ ਲਿਆ। ਭਾਂਵੇਂ ਇਹ ਖਿੱਤਾ ਅਤਿ ਪਛੜਿਆ ਸੀ ਤੇ ਘਰ ਵਿਚ ਘੋਰ ਗਰੀਬੀ ਸੀ ਪਰ ਉਹਨਾਂ ਦਾ ਪਰਵਾਰ ਅਛੂਤਾਂ ਦੇ ਧਾਰਮਿਕ ਤੇ ਸਮਾਜਿਕ ਰਸਮੋ ਰਿਵਾਜ ਨਿਭਾਉਂਦਾ ਆ ਰਿਹਾ ਸੀ। ਜਿਸ ਕਾਰਨ ਉਹ ਪਰਵਾਰ ਕੁਝ ਜਾਗਰੂਕ ਸੀ। ਮੁਸਲਿਮ ਬਹੁਲਤਾ ਵਾਲੇ ਪਿੰਡ



ਕਾਦਰ ਵਾਲਾ ਦੇ ਲੋਅਰ ਮਿਡਲ ਸਕੂਲ ਵਿਚੋਂ ਲਾਲ ਚੰਦ ਨੇ ਮੁੱਢਲੀ ਸਿੱਖਿਆ ਹਾਸਲ ਕਰ ਲਈ ਤੇ ਮਿਡਲ ਪ੍ਰੀਖਿਆ ਮਿਡਲ ਸਕੂਲ ਮਸੀਤਾਂ ਤੋਂ ਹਾਸਲ ਕੀਤੀ ਉਹਨਾਂ ਨੇ 1924-25 ਵਿਚ ਜੇ। ਵੀ। ਨਾਰਮਲ ਸਕੂਲ ਮੋਗਾ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕਰ ਲਈ । ਬੇਸ਼ੱਕ ਉਹ ਮਿਹਨਤੀ, ਜ਼ਹੀਨ ਤੇ ਹੁਸ਼ਿਆਰ ਵਿਦਿਆਰਥੀ ਸਨ ਪਰ ਸਹਿਪਾਠੀਆਂ ਤੇ ਕੁਝ ਅਧਿਆਪਕਾਂ ਵਲੋਂ ਉਹਨਾਂ ਨੂੰ ਜਾਤੀ ਵਾਦੀ ਮਾਨਸਿਕਤਾ ਸਦਕਾ ਅਪਮਾਨਤ ਕੀਤਾ ਜਾਂਦਾ ਰਿਹਾ । ਇਸ ਦੇ ਬਾਵਜੂਦ ਉਹ ਹਾਰਨ ਤੇ ਟੁੱਟਣ ਦੀ ਬਜਾਏ ਸਗੋਂ ਹੋਰ ਵਿਦਰੋਹੀ ਬਣ ਗਏ ।

1926 ਵਿਚ ਉਹ ਪਿੰਡ ਅਕਾਲੀਆਂ ਵਾਲਾ ਵਿਖੇ ਬਤੌਰ ਅਧਿਆਪਕ ਨਿਯੁਕਤ ਹੋ ਗਏ। ਪਰ ਅਖੌਤੀ ਜਾਤ ਅਭਿਮਾਨੀਆਂ ਨੇ ਉਹਨਾਂ ਦਾ ਵਿਰੋਧ ਜਾਰੀ ਰਖਿਆ ਤੇ ਆਪਣੇ ਬੱਚਿਆਂ ਨੂੰ ਇਕ ਅਛੂਤ ਅਧਿਆਪਕ ਕੋਲ ਪੜਾਉਣ ਤੇ ਅਛੂਤ ਬੱਚਿਆਂ ਨਾਲ ਬੈਠ ਕੇ ਪੜ੍ਹਨ ਵਿਚ ਹੱਤਕ ਮਹਿਸੂਸ ਕਰਦੇ । ਪਰ ਸਿਰੜੀ ਤੇ ਮਿਹਨਤੀ ਅਧਿਆਪਕ ਲਾਲ ਚੰਦ ਨੇ ਬੱਚਿਆਂ ਨੂੰ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ ਜੀ ਦੇ ਘਰ ਪੜਾਉਣਾ ਜਾਰੀ ਰੱਖਿਆ ।

ਉਹਨਾਂ ਨੇ ਸਿੱਖ ਧਰਮ ਦੇ ਮਾਨਵਤਾਵਾਦੀ ਸਾਹਿਤ ਦਾ ਅਧਿਐਨ ਕਰਦਿਆਂ ਹਿੰਦੂ ਧਰਮ ਦੇ ਗਰੰਥਾ ਦਾ ਮੁਤ- 'ਲਿਆ ਵੀ ਕਰ ਲਿਆ। ਮਨੂੰ ਸਿਮਰਤੀ ਦੇ ਅਮਾਨਵੀ ਤੇ ਕਾਲੇ ਕਾਨੂੰਨਾਂ ਬਾਰੇ ਜਾਣਕਾਰੀ ਹਾਸਲ ਕਰਕੇ ਉਹਨਾਂ ਦੀ ਬਗਾਵਤੀ ਸੁਰ ਹੋਰ ਬੁਲੰਦ ਹੋ ਗਈ । ਉਹਨਾਂ ਨੇ 1927 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀ ਸਥਾਪਨਾ ਕੀਤੀ । ਇਸ ਸਭਾ ਦੇ ਮੋਢੀਆਂ ਵਿਚ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ, ਬਾਬਾ ਈਸ਼ਰ ਸਿੰਘ ਅਕਾਲੀਆਂ ਵਾਲਾ ਤੇ ਪੰਡਤ ਬੂੜਾ ਰਾਮ ਕਾਦਰ ਵਾਲਾ ਆਦਿ ਬਜ਼ੁਰਗਾਂ ਦੇ ਨਾਮ ਵਰਨਣਯੋਗ ਹਨ। ਉਹ ਇਕ ਨਿਡਰ ਬੇਪਰਵਾਹ ਹੱਕਾਂ ਹਿਤਾਂ ਲਈ ਲੜਨ ਵਾਲੇ ਬਹਾਦਰ ਯੋਧੇ ਸਨ। ਅਕਾਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਤੋਂ ਸ਼ੁਰੂ ਕੀਤੀਆਂ ਗਈਆਂ ਆਦਿ ਧਰਮ ਲਹਿਰ ਦੀਆਂ ਸਰਗਰਮੀਆਂ ਦਾ ਪਸਾਰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੋਟਕਪੂਰਾ, ਫਰੀਦਕੋਟ, ਮੁਕਤਸਰ ਤੇ ਬਠਿੰਡੇ ਤੋਂ ਵਧ ਕੇ ਮਾਲਵੇ ਵਿਚ ਹੋ ਚੁੱਕਾ ਸੀ । ਇਸ ਲਈ ਮਾਸਟਰ ਜੀ ਨੇ 1929 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀਆਂ ਸਰਗਰਮੀਆਂ ਦੀ ਜਿੰਮੇਵਾਰੀ ਮਲੋਟ ਨੇੜਲੇ ਤਪਾ ਖੇੜਾ ਨਿਵਾਸੀ ਜਾਗਰੂਕ ਤੇ ਮਿਹਨਤੀ ਸਮਾਜ ਹਿਤੈਸ਼ੀ ਹਰਦਿਤਾ ਰਾਮ ਜੀ ਨੂੰ ਸੌਂਪ ਦਿੱਤੀ ਤੇ ਆਪ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਨਿਕਟ ਸਹਿਯੋਗੀ ਬਣ ਗਏ । ਉਹ ਆਦਿ ਧਰਮ ਲਹਿਰ ਦੇ ਅਖਬਾਰ "ਆਦਿ ਡੰਕਾ" ਲਈ ਲੇਖ ਤੇ ਸੰਪਾਦਕੀਆਂ ਲਿਖਦੇ ਰਹੇ। ਉਹਨਾਂ ਦੇ ਲੇਖ ਆਦਿ ਧਰਮ ਲਹਿਰ ਚਲਾਉਣ ਦੀ ਕੀ ਲੋੜ ਸੀ? ਉਹ "ਵਜਾਹਤ ਆਦਿ ਧਰਮ" , ਨਸ਼ਿਆਂ ਵਿਰੁੱਧ ਤੇ ਅਛੂਤਾਂ ਦੇ ਹੱਕਾਂ ਹਿਤਾਂ ਲਈ ਬੇਬਾਕ ਤੇ ਧੜੱਲੇ ਨਾਲ ਲਿਖਦੇ ਰਹੇ । ਉਹਨਾਂ ਨੇ ਮਹਾਂ ਰਿਸ਼ੀ ਵਾਲਮੀਕ ਜੀ ਦੁਆਰਾ ਰਚਿਤ ਮਹਾਂ ਰਮਾਇਣ ਯੋਗ ਵਸ਼ਿਸ਼ਟ ਗ੍ਰੰਥ ਦੇ ਆਧਾਰ ਤੇ "ਦੇਵ ਬਾਣੀ" ਗ੍ਰੰਥ ਦੀ ਰਚਨਾ ਵੀ ਕੀਤੀ। ਜੋ ਅਪ੍ਰਕਾਸ਼ਿਤ ਅਵਸਥਾ ਵਿਚ ਉਹਨਾਂ ਦੇ ਸਪੁੱਤਰ ਐਡਵੋਕੇਟ ਮਨਜੀਤ ਸਿੰਘ ਧਾਲੀਵਾਲ ਪਾਸ ਸੁਰਖਿਅਤ ਦੱਸਿਆ ਜਾਂਦਾ ਹੈ ।

ਆਪਣੀ ਨੌਕਰੀ ਖਤਰੇ 'ਚ ਪਾਕੇ ਉਹਨਾਂ ਨੇ ਪੰਜਾਬ ਦੀਆਂ ਅਠ ਰਿਜ਼ਰਵ ਸੀਟਾਂ ਚੋਂ ਫਿਰੋਜ਼ਪੁਰ ਰਿਜ਼ਰਵ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ 1936 ਵਿਚ ਚੋਣ ਲੜੀ । ਪਰ ਸਮਾਜ ਜਾਗਰੂਕ ਨਾ ਹੋਣ ਕਰਕੇ ਹਾਰ ਗਏ ।1952 'ਚ ਉਹਨਾਂ ਨੇ ਧਰਮਕੋਟ- ਮੋਗਾ ਰਿਜ਼ਰਵ ਸੀਟ ਤੋਂ ਸੋਸ਼ਲਿਸਟ ਪਾਰਟੀ ਦੇ ਉ- ਮੀਦਵਾਰ ਵਜੋਂ ਮੁੜ ਚੋਣ ਲੜੀ ਪਰ ਮੁਖਤਿਆਰ ਸਿੰਘ ਧਰਮਕੋਟ ਦੇ ਮੁਕਾਬਲੇ ਹਾਰ ਗਏ ।



**ਲਾਲ ਸਿੰਘ ਸੁਲਹਾਣੀ**
**91-98721-55120**

1955 ਵਿਚ ਉਹਨਾਂ ਨੇ ਅਦੀਬ ਆਲਮ (ਗਹ ਫਰੋਚਿਇਨਚੇ ਿਨ ਰਦੁ) ਇਮਤਿਹਾਨ ਪੰਜਾਬ ਯੂਨੀਵਰਸਿਟੀ ਸ਼ਿਮਲਾ ਤੋਂ 600 ਵਿੱਚੋਂ 415 ਅੰਕ ਲੈਕੇ ਪਾਸ ਕੀਤਾ ਤੇ ਯੂਨੀਵਰਸਿਟੀ ਦਾ ਰਿਕਾਰਡ ਤੋੜਿਆ । ਉਹ 1926 ਤੋਂ 1 ਜਨਵਰੀ 1962 ਤੱਕ ਵੱਖ ਵੱਖ ਸਕੂਲਾਂ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਉਂਦੇ ਰਹੇ।

18-19 ਜੂਨ 1932 ਨੂੰ ਆਦਿ ਧਰਮ ਮੰਡਲ ਦੀ ਸੱਤਵੀਂ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿਚ ਰੱਖੀ ਗਈ । ਜਿਸ ਵਿਚ 4000 ਤੋਂ ਵੱਧ ਆਦਿ ਧਰਮੀਆਂ ਨੇ ਪੂਰ- ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਜਿਸ ਵਿਚ ਮਿਸ਼ਨਰੀ ਕਲਾਕਾਰਾਂ ਨੇ ਖੂਬ ਰੰਗ ਬੰਨ੍ਹਿਆ । ਸੰਤ ਮਹਾਂ- ਪੁਰਸ਼ਾਂ ਨੇ ਆਪਣੇ ਵਿਚਾਰ ਰੱਖੇ । ਇਸ ਕਾਨਫਰੰਸ ਦੀ ਪ੍ਰਧਾਨਗੀ ਲਾਇਲਪੁਰ ਨਿਵਾਸੀ ਰਾਮ ਆਜ਼ਾਦ ਮਿਸ਼ਨਰੀ ਨੇ ਕੀਤੀ। ਉਦਘਾਟਨੀ ਭਾਸ਼ਣ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਵੱਲੋ ਕੀਤਾ ਗਿਆ ਤੇ ਸਵਾਗਤੀ ਕਮੇਟੀ ਵਲੋਂ ਡੈਲੀਗੇਟਾਂ ਦਾ ਸੁਆਗਤ ਕੀਤਾ ਗਿਆ।

ਬਾਅਦ ਵਿਚ ਮੰਡਲ ਦੇ ਅਨੇਕ ਕਾਰਜਾਂ ਲਈ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ । ਪਹਿਲੇ ਦਿਨ ਦੀ ਸਮਾ- ਪਤੀ ਮੌਕੇ ਡੈਲੀਗੇਟਾਂ ਨੇ ਅਛੂਤਾਂ ਲਈ ਵੱਖਰੀ ਚੋਣ ਪਰਨਾਲੀ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ।

19 ਜੂਨ 1932 ਨੂੰ ਮਾਸਟਰ ਲਾਲ ਚੰਦ ਰਤਨ ਕਾਦਰਵਾਲਾ ਵਾਲਾ ਨੇ ਕਾਨਫਰੰਸ ਪ੍ਰਧਾਨਗੀ ਦੀ ਕੁਰਸੀ ਸੰਭਾਲੀ। ਦੁਪਹਿਰ 12 ਵਜੇ ਤਕ ਡਿਪਰੈਸਡ ਕਲਾਸਜ ਦੀ ਏਕਤਾ ਤੇ ਜੋਰ ਦਿੱਤਾ ਗਿਆ । ਇਕ ਵਜੇ ਮੈਨੇਜਿੰਗ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ । ਜਿਸ ਵਿਚ ਪਰਧਾਨ ਸੇਠ ਲਭੂ ਰਾਮ ਸੂਚੀ ਪਿੰਡ ਤੇ ਮੀਤ ਪਰਧਾਨ ਮਾਸਟਰ ਲਾਲ ਚੰਦ ਜੀ ਨੂੰ ਚੁਣਿਆਂ ਗਿਆ।

ਉਹਨਾਂ ਨੇ ਸਾਰੀ ਜਿੰਦਗੀ ਪੂਰੀ ਤਨਦੇਹੀ, ਇਮਾਨਦਾਰੀ ਤੇ ਦਿਆਨਤਦਾਰੀ ਨਾਲ ਸਖਤ ਮਿਹਨਤ ਕਰਕੇ ਪਿਛਲੇ ਵਰਗਾਂ ਦੇ ਹੱਕਾਂ ਹਿਤਾਂ ਲਈ ਜੋਰਦਾਰ ਸੰਘਰਸ਼ ਕੀਤਾ ਤੇ ਮੰਡਲ ਦੀਆਂ ਸਰਗਰਮੀਆਂ ਜਾਰੀ ਰੱਖੀਆਂ। ਜਿਸ ਕਰਕੇ ਉਹਨਾਂ ਦੀ ਸਿਹਤ ਵਿਗੜਨ ਲੱਗੀ ਅੰਤ ਇਹ ਅਜ਼ੀਮ ਸਖਸ਼ੀਅਤ 9 ਅਪਰੈਲ 1963 ਨੂੰ ਇਸ ਫਾਨੀ ਸੰਸਾਰ ਤੋ ਰੁਖਸਤ ਹੋ ਗਈ ।

# ਤੰਬਾਕੂ ਸਮੇਤ ਸਾਰੇ ਨਸ਼ਿਆਂ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਲੋੜ

**(ਸਫਾ 29 ਦੀ ਬਾਕੀ)**

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਰਕਾਰ ਨੂੰ ਤੰਬਾਕੂ ਬਣਾਉਣ ਵਾਲੀਆਂ ਫੈਕਟਰੀਆਂ ਹੀ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਇਸਦੀ ਵਿਕਰੀ ਤੇ ਮੁਕੰਮਲ ਰੋਕ ਲਗਾਉਣੀ ਚਾਹੀਦੀ ਹੈ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਤੰਬਾਕੂ 'ਤੇ ਸ਼ਰਾਬ ਆਦਿ ਦਾ ਨਸ਼ਾ ਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਤੋਂ ਵੱਧ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਤੰਬਾਕੂ 'ਤੇ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਤੰਬਾਕੂ 'ਤੇ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ, ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਤੰਬਾਕੂ ਦੇ ਖਿਲਾਫ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਤੰਬਾਕੂ,ਚਿੱਟ ਤੇ ਸ਼ਰਾਬ ਨੇ ਪੁੱਤ ਖੋ ਲਏ ਮਾਂਵਾਂ ਦੇ। ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਆਓ ਅੱਜ "ਵਿਸ਼ਵ ਤੰਬਾਕੂ ਵਿਰੋਧੀ ਦਿਵਸ" ਤੇ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਤੰਬਾਕੂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਦੇ ਯਤਨ ਕਰਾਂਗੇ।

# ਭਾਜਪਾ ਪੰਜਾਬ ਵੱਲੋਂ 26-27 ਮਈ ਨੂੰ ਚੰਡੀਗੜ੍ਹ ਵਿਖੇ ਲਗਾਇਆ ਜਾਵੇਗਾ ਦੋ ਰੋਜ਼ਾ ਸਿਖਲਾਈ ਕੈਂਪ: ਜੀਵਨ ਗੁਪਤਾ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ 26 ਅਤੇ 27 ਮਈ ਨੂੰ ਸੂਬਾ ਭਾਜਪਾ ਹੈਡਕੁਆਰਟਰ ਸੈਕਟਰ 37-ਏ ਚੰਡੀਗੜ੍ਹ ਵਿਖੇ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਜਪਾ ਦੇ ਸੂਬਾਈ ਜਨਰਲ ਸਕੱਤਰ ਜੀਵਨ ਗੁਪਤਾ ਨੇ ਦੱਸਿਆ ਕਿ ਇਸ ਸਿਖਲਾਈ ਕੈਂਪ ਵਿੱਚ ਭਾਜਪਾ ਦੇ ਨਵੇਂ ਸ਼ਾਮਲ ਹੋਏ ਵਰਕਰਾਂ ਨੂੰ ਸੰਗਠਨ ਦੀ ਵਿਚਾਰਧਾਰਾ ਅਤੇ ਸੰਗਠਨ ਦੇ ਸੇਵਾ ਕਾਰਜਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

ਜੀਵਨ ਗੁਪਤਾ ਨੇ ਕਿਹਾ ਕਿ ਇਸ ਦੋ ਰੋਜਾ ਸਿਖਲਾਈ ਕੈਂਪ 'ਚ ਭਾਜਪਾ ਦੇ ਕੌਮੀ ਸੰਗਠਨ ਜਨਰਲ ਸਕੱਤਰ ਬੀ।ਐਲ। ਸੰਤੋਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ, ਜੋ ਨਵੇਂ ਵਰਕਰਾਂ ਨੂੰ ਸੰਗਠਨ ਨਾਲ ਸਬੰਧਤ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦਾ ਮਾਰਗਦਰਸ਼ਨ ਕਰਨਗੀ ਇਹ ਸਿਖਲਾਈ ਕੈਂਪ 26 ਮਈ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ ਅਤੇ 27 ਮਈ ਸ਼ਾਮ 6 ਵਜੇ ਤੱਕ ਚੱਲੇਗਾ। ਇਸ ਦੋ ਰੋਜ਼ਾ ਕੈਂਪ ਦੌਰਾਨ ਸੰਤੋਸ਼ ਜੀ ਦੇ ਨਾਲ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ, ਕੌਮੀ ਜਨਰਲ ਸਕੱਤਰ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਦੁਸ਼ਯੰਤ ਗੌਤਮ, ਕੌਮੀ ਸਕੱਤਰ ਅਤੇ ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਡਾ। ਨਰੇਂਦਰ ਸਿੰਘ ਰੈਨਾ, ਸਿਖਲਾਈ ਕੈਂਪ ਦੇ ਕੌਮੀ ਇੰਚਾਰਜ ਮੁਰਲੀ ਧਰਨ ਵੀ ਮੌਜੂਦ ਰਹਿਣਗੇ। ਇਸ ਵਿੱਚ ਕੁੱਲ 8 ਸੈਸ਼ਨ ਹੋਣਗੇ। ਇਨ੍ਹਾਂ ਕੈਂਪਾਂ ਵਿੱਚ ਇਸ ਵਾਰ ਚੋਣ ਲੜ ਰਹੇ ਨਵੇਂ ਲੋਕ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਇਸ ਕੈਂਪ ਵਿੱਚ 150 ਤੋਂ ਵੱਧ ਡੈਲੀਗੇਟ ਭਾਗ ਲੈਣਗੇ।



ਜੀਵਨ ਗੁਪਤਾ ਨੇ ਕਿਹਾ ਕਿ ਭਾਜਪਾ ਦੇ ਕੌਮੀ ਆਗੂ ਆਏ ਹੋਏ ਸਾਰੇ ਡੈਲੀਗੇਟਾਂ ਦਾ ਜਿੱਥੇ ਮਾਰਗਦਰਸ਼ਨ ਕਰਨਗੇ, ਉੱਥੇ ਉਨ੍ਹਾਂ ਨੂੰ ਸੰਗਠਨ ਦੀਆਂ ਨੀਤੀਆਂ ਅਤੇ ਸੇਵਾ ਕਾਰਜਾਂ ਤੋਂ ਵੀ ਜਾਣੂ ਕਰਵਾਉਣਗੇ ਤਾਂ ਜੋ ਉਹ ਸੰਗਠਨ ਦੀ ਵਿਚਾਰਧਾਰਾ 'ਤੇ ਚੱਲ ਸਕਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਥਨ 'ਸਬਦਾ ਸਾਥ, ਸਬਦਾ ਵਿਸ਼ਵਾਸ, ਸਬਦਾ ਵਿਕਾਸ' ਨੂੰ ਸੱਚ ਕਰਦੇ ਹੋਏ ਲੋਕਾਂ ਦੀ ਸੇਵਾ ਕਰ ਸਕਣ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ-ਨਿਸਚਿਤ ਮਿਤੀ ਤੇ ਕਿਉਂ ਨਹੀਂ?

**ਮਾਸਟਰ ਰਾਮਧਨ ਨਾਂਗਲੂ ਜੀ ਦੀ ਦੂਸਰੀ ਬਰਸੀ 25 ਮਈ 2022 ਨੂੰ ਹੈ। ਨਾਂਗਲੂ ਜੀ ਨੇ ਅਨੇਕਾਂ ਹੀ ਧਾਰਮਿਕ ਲੇਖ ਲਿਖੇ ਹਨ। 15-10-2018 ਨੂੰ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਮਿਤੀ ਸਬੰਧੀ ਪਾਏ ਜਾਂਦੇ ਭੁਲੇਖੇ ਅਤੇ ਪ੍ਰਕਾਸ਼ ਦਿਹਾੜੇ ਦੀ ਤਰੀਕ ਦਾ ਇਕ ਨਿਸ਼ਚਿਤ ਮਿਤੀ ਤੇ ਆਉਣ ਦਾ ਹੱਲ ਦੱਸਣ ਦਾ ਯਤਨ ਕੀਤਾ ਹੈ।**

***ਰਾਮਧਨ ਨਾਂਗਲੂ ਦੀ ਬਰਸੀ 'ਤੇ ਉਹਨਾਂ ਦਾ ਇਕ ਪੁਰਾਣਾ ਲੇਖ***




1- ਜਗਤਗੁਰੂ, ਭਵਸਾਗਰ ਦੇ ਬੋਹਿੱਥ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ (ਆਗਮਨ ਦਿਵਸ ਜਾਂ ਜਨਮ ਦਿਹਾੜਾ) ਹਰ ਵਰ੍ਹੇ ਵੱਖ-ਵੱਖ ਮਿਤੀਆਂ ਨੂੰ ਆਂਉਂਦਾ ਹੈ॥ ਕਿਸੇ ਸਾਲ ਇਹ ਦਿਹਾੜਾ ਜਨਵਰੀ ਦੇ ਅਖੀਰ ਤੇ ਆਂਉਂਦਾ ਹੈ ਅਤੇ ਕਿਸੇ ਸਾਲ ਫਰਵਰੀ ਦੇ ਅੰਤਲੇ ਸਪਤਾਹ॥ ਇਹ ਅਨਿਸਚਿੱਤਾ ਬਣੀ ਹੋਣ ਕਰਕੇ ਕਦੀ ਇਹ ਦਿਵਸ ਕੜਕਵੀਂ ਠੰਡ ਵਿਚ ਮਨਾਇਆ ਜਾਂਦਾ ਹੈ ਤੇ ਕਦੀ ਗਰਮੀ ਦੇ ਆਰੰਭ ਹੋਣ ਵੇਲੇ॥ ਜਿਵੇਂ ਕਿ ਸਤਿਕਾਰਯੋਗ ਗੁਰੂ ਜੀ ਦਾ 639ਵਾਂ ਪ੍ਰਕਾਸ਼ ਪੁਰਬ ਮਿਤੀ 22-02-2016 ਈ. ਨੂੰ ਗਰਮੀ ਦੇ ਅਰੰਭ ਹੋਣ ਵੇਲੇ ਆਇਆ ਸੀ ਅਗਲੇ ਸਾਲ 640ਵਾਂ ਮਿਤੀ 1-02-2017 ਈ ਨੂੰ ਸਰਦੀ ਦੇ ਆਰੰਭ ਹੋਣ ਵੇਲੇ ਤੇ ਇਸ ਤੋਂ ਅਗਲੇ ਵਰ੍ਹੇ 641ਵਾਂ ਪੁਰਬ ਮਿਤੀ 19-02-2019 ਈ. ਨੂੰ ਗਰਮੀ ਦੇ ਸਮੇਂ ਵਿੱਚ ਆਵੇਗਾ॥ ਇਹ ਚਲਦੀਆਂ ਫਿਰਦੀਆਂ ਮਿਤੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਹਰ ਤਿੰਨ ਸਾਲਾਂ ਦੀ ਇੱਕ ਤਿਕੜੀ ਦੇ ਜਨਮ ਦਿਹਾੜੇ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ॥

2- ਸਤਿਕਾਰਯੋਗ ਸਤਿਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸੰਤ ਕਰਮਦਾਸ ਜੀ ਦੇ ਇੱਕ ਪ੍ਰਸਿਧ ਸ਼ਲੋਕ ਨੂੰ ਆਧਾਰ ਬਣਾ ਕੇ ਨਿਸਚਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ, ਉਚੌਦਹ ਸੈ ਤੈਂਤੀਸ ਕੀ, ਮਾਘ ਸੁਧੀ ਪੰਦਰਾਸ ॥ ਦੁਖੀਉਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ"॥ ਇਹ ਮਿਤੀ ਬਿਕਰਮੀ ਸੰਮਤ ਦੀ ਮਾਘ ਸੁਧੀ-ਸ਼ੁਕਲ ਪਕਸ਼(ਉਜਲਾ ਜਾਂ ਚਾਨਣਾਂ ਪੱਖ) ਅਰਥਾਤ ਪੂਰਨ ਮਾਸ਼ੀ ਜੋ ਮਾਘ ਸੁਧੀ 15, ਸੰਮਤ 1433 ਬਣਦਾ ਹੈ ਜਿਸ ਨੂੰ ਵਿਦਵਾਨਾਂ ਨੇ ਈ.ਸੰਨ ਵਿਚ ਬਦਲ ਕੇ 25 ਜਨਵਰੀ 1377 ਨਿਸਚਿਤ ਕੀਤਾ ਹੈ॥ ਇਸ ਮਿਤੀ ਅਨੁਸਾਰ ਪੰਜਾਬ ਅਤੇ ਭਾਰਤ ਸਰਕਾਰ ਵਲੋਂ ਮਨਾਇਆ ਜਾਂਦਾ ਹੈ॥ ਭਾਂਵੇਂ ਵੱਖ ਵੱਖ ਡੇਰਿਆਂ,ਵਿਦਵਾਨਾਂ ਤੇ ਖੋਜੀਆਂ ਨੇ ਆਪਣੀ ਬੁੱਧੀ ਅਨੁਸਾਰ ਇਸ ਜਨਮ ਦਿਹਾੜੇ ਦੀਆਂ ਮਿਤੀਆਂ ਭਿੰਨ ਭਿੰਨ ਵੀ ਲਿਖੀਆਂ/ ਦਸੀਆਂ ਹਨ ਜਿਵੇਂ ਕਿ ਡਾ. ਧਰਮਪਾਲ ਮੈਣੀ ਅਨਨੁਸਾਰ ਪਰਵਿਸ਼ਟਾ 3 ਸੰਮਤ 1441 ਦੇ ਅਨੁਸਾਰ ਮਿਤੀ ਈ. 27 ਜਨਵਰੀ ਸੰਨ 1385 ਦਿਨ ਸ਼ੁੱਕਰਵਾਰ ॥ ਗਿਆਨੀ ਬਰਕਤ ਸਿੰਘ, ਪ੍ਰੋ. ਦਰਸ਼ਨ ਸਿੰਘ, ਡਾ. ਗੋਬਿੰਦ ਤ੍ਰਿਗਨਾਤਿਤ, ਮਹਾਤਮਾ ਰਾਮਚਰਨ ਕੁਰੀਲ ਅਨੁਸਾਰ ਪਰਵਿਸ਼ਟਾ11 ਸੰਮਤ 1471 ਅਨੁਸਾਰ ਈ. 25 ਜਨਵਰੀ ਸਨ 1415 ਅਤੇ ਡਾ. ਬੇਣੀਪ੍ਰਸ਼ਾਦ ਸ਼ਰਮਾ ਅਨੁਸਾਰ 27 ਪਰਵਿਸ਼ਟਾ ਸੰਮਤ 1455-56 ਦਿਨ ਬੁੱਧਵਾਰ॥ ਏਥੇ ਇਸ ਗੱਲ ਦਾ ਵਰਨਣ ਕਰਨਾ ਜ਼ਰੂਰੀ ਹੈ ਕਿ ਏਥੇ 19 ਵਿਦਵਾਨਾ ਵਿਚੋਂ 15 ਵਿਦਵਾਨਾ ਨੇ ਗੁਰੂ ਜੀ ਦਾ ਜਨਮ ਦਿਹਾੜਾ ਸਨ ਈ. ਦੇ ਜਨਵਰੀ ਮਹੀਨਾ ਦੱਸਿਆ ਹੈ ਭਾਵੇਂ ਮਿਤੀ ਤੇ ਸੰਨ ਵੱਖ-ਵੱਖ ਲਿਖੇ ਹਨ ਅਤੇ ਦਿਨ ਵਾਰ ਵੀ ਵੱਖ-ਵੱਖ ਹਨ॥ ਪਰ ਵਰਤਮਾਨ ਵਿੱਚ ਏਸੇ ਮਿਤੀ 25-01-1377 ਈ. ਨੂੰ ਬਹੁਤੇ ਵਿਦਵਾਨਾ ਤੇ ਸ਼ਰਧਾਲੂਆਂ ਵਲੋਂ ਮਾਨਤਾ ਮਿਲੀ ਹੋਈ ਹੈ ਤੇ ਹਰ ਵਰ੍ਹੇ ਏਸੇ ਮਿਤੀ ਨੂੰ ਆਧਾਰ ਮਨ ਕੇ ਸ਼੍ਰੀ ਗੁਰੁ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਸਚਿਤ ਕੀਤਾ ਹੈ॥ ਇਸ ਮਿਤੀ ਬਾਰੇ ਡਾ. ਲੇਖਰਾਜ ਪਰਵਾਨਾ ਆਪਣੀ ਪੁਸਤਕ, ਉਗੁਰੁ ਰਵਿਦਾਸ, ਜੀਵਨ ਅਤੇ ਕਿਰਤਾਂ" ਦੇ ਪੰਨਾ 440 ਤੇ ਵਰਨਣ ਕਰਦੇ ਹਨ," ਏਸੇ ਵਿਚਾਰਧਾਰਾ ਦੇ ਦ੍ਰਿਸ਼ਟੀਗਤ ਸ਼੍ਰੀ ਪ੍ਰਥਵੀ ਸਿੰਘ ਆਜ਼ਾਦ ਨੇ ਗੁਰੂ ਰਵਿਦਾਸ ਜੀ ਦਾ ਜਨਮ ਮਾਘ ਪੂਰਨਮਾ ਸੰਮਤ 1433 (1376 ਏ ਡੀ) ਦਿਨ ਐਤਵਾਰ ਮੰਨਿਆ ਹੈ॥ ਜੋਤਿਸ਼ ਦੇ ਹਿਸਾਬ ਨਾਲ ਅਤੇ ਕਾਨੂੰ ਪਿਲੇ ਦੇ ਨਿਯਮ ਅਨੁਸਾਰ ਅਤੇ ਭਾਰਤੀ ਪੰਚਾਂਗ ਅਨੁਸਾਰ ਇਹੁ ਮਿਤੀ ਨਿਸਚਿਤ ਹੁੰਦੀ ਸਿੱਧ ਕੀਤੀ ਗਈ ਹੈ॥ ਅਜਿਹੇ ਵਿਚਾਰ ਡਾ. ਜਸਬੀਰਸਿੰਘ ਸਾਬਰ ਆਪਣੀ ਪੁਸਤਕ, ਉਪਾਵਨ ਗਾਥਾ ਸ਼੍ਰੀ ਗੁਰੁ ਰਵਿਦਾਸ ਜੀ" ਦੇ ਪੰਨਾ 26 ਤੇ ਪ੍ਰਗਟ ਕਰਦੇ ਹਨ॥ ਉਮਦਰਾਸ ਸਰਕਾਰ ਵਲੋਂ 1922 ਵਿੱਚ ਛਾਪੇ ਸੁਆਮੀ ਕਨੂੰ ਪਿਲੇ ਦੇ ਕੈਲੰਡਰ ਅਨੁਸਾਰ ਇਸ ਦਿਨ 25 ਜਨਵਰੀ, 1377 ਈ: ਦਿਨ ਐਤਵਾਰ ਅਤੇ ਬਹੁਲਾ ਪਕਸ਼ ਸੀ॥ ਏਸ ਦਿਨ ਪੂਰਨਮਾਸ਼ੀ ਵੀ ਹੈ ਅਤੇ, ਸਾਕਾ ਸੰਮਤ 1299 ਅਤੇ ਮੇਸ਼ਾ ਸੰਕਰਾਂਤ ਵੀ ਹੈ"॥ ਲੇਖਕ ਨੇ ਅਗੇ ਨਿਚੋੜ ਕੱਢ ਕੇ ਲਿਖਿਆ ਹੈ ਕਿ ਮਾਘ ਦੀ ਪੁਨਿਆ ਦਿਨ ਐਤਵਾਰ 1433 ਬਿ: ਸੰਮਤ ਈ: ਸਨ 1376-1377 ਸੀ॥ ਇਸ ਮੱਤ ਦੀ ਪੁਸ਼ਟੀ ਕਰਨ ਵਾਲੇ 14 ਵਿਦਵਾਨ ਅਤੇ ਸੰਸਥਾਵਾਂ ਹਨ"॥ ਭਾਵ ਬਹੁਤਾਤ ਪਰ ਫਿਰ ਵੀ ਦਾਸ ਦੀ ਬੇਨਤੀ ਹੈ ਕਿ ਸਮੁੱਚਾ ਸਮਾਜ ਇਕ ਮਿਤੀ ਮਿੱਥ ਕੇ ਗੁਰੂ ਜੀ ਦਾ ਪੁਰਬ ਮਨਾਉਣ ॥

3- ਸਤਿਕਾਰਯੋਗ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਬਾਰੇ ਇਹ ਧਾਰਣਾ ਬਣੀ ਹੋਈ ਹੈ ਕਿ ਉਹਨਾਂ ਦਾ ਪ੍ਰਕਾਸ਼ ਦਿਵਸ ਐਤਵਾਰ ਤੇ ਪੂਰਨਮਾਸ਼ੀ ਨੂੰ ਹੋਇਆ ਸੀ॥ ਇਹਨਾਂ ਵਿਚਾਰਵਾਨਾ ਨੇ ਕਨੂੰ ਪਿਲੇ ਦੇ 1922 ਵਾਲੇ ਕਲੰਡਰ ਨੂੰ ਮਾਨਤਾ ਦੇ ਕੇ ਮਿਤੀ 25-01-1376 ਜਾਂ 77 ਨੂੰ ਦਿਨ ਐਤਵਾਰ ਮੰਨਿਆ ਹੇ॥ ਪਰ ਮੈਂ ਗਣਿਤ ਦੇ ਕਲੰਡਰ ਦੇ ਤਰੀਕੇ ਨਾਲ ਪ੍ਰਸ਼ਨ ਹੇਠ ਲ਼ਿਖੀ ਵਿਧੀ ਨਾਲ ਹੱਲ ਕੀਤਾ ਹੈ ॥ ਇਸ ਦੁਆਰਾ ਮਿਤੀ 25-01-1378 ਈ: ਨੂੰ ਐਤਵਾਰ ਆਉਂਦਾ



ਹੈ ॥ ਪੂਰਨਮਾਸ਼ੀ ਜਾਨਣਾ ਕਠਿਨ ਹੈ॥ ਈ: ਸਨ 700 ਤੋਂ ਪਹਿਲਾ ਸਾਲ ਦੇ 10 ਮਹੀਨੇ ਹੁੰਦੇ ਸਨ ਤੇ ਪਹਿਲਾ ਮਹੀਨਾ ਮਾਰਚ ਹੁੰਦਾ ਸੀ॥ ਇਸ ਮਗਰੋਂ ਸੁਧਾਰ ਕਰਕੇ ਜਨਵਰੀ ਅਤੇ ਫਰਵਰੀ ਮਹੀਨੇ ਜੋੜ ਕੇ ਸਾਲ ਨੂੰ 12 ਮਹੀਨੇ ਦਾ ਕੀਤਾ ਗਿਆ॥ ਸਾਲ ਨੂੰ ਚੰਦਰ ਵਰ੍ਹੇ ਦੀ ਥਾਂ ਸੂਰਜੀ ਵਰ੍ਹਾ ਮਿਥਿਆ ਗਿਆ॥ 1582 ਈ: ਵਿਚ ਗ੍ਰੈਗੋਰੀ ਪੋਪ 13ਵੇਂ ਨੇ ਸਾਲ ਨੂੰ 365.2422 ਦਿਨ ਦਾ ਦੱਸਿਆ॥ ਮਹੀਨਿਆਂ ਦੇ ਦਿਨ ਨਿਸ਼ਸਚਿਤ ਕੀਤੇ ਗਏ॥ ਸਾਲ ਲਗਭਗ 365 ਦਿਨ 6 ਘੰਟੇ ਦਾ ਮਨਿਆ ਗਿਆ ਤੇ ਹਰ ਚੌਥਾ ਸਾਲ ਲੀਪ ਦਾ ਸਾਲ ਮੰਨ ਕੇ ਫਰਵਰੀ ਦਾ ਮਹੀਨਾ 28 ਦਿਨਾਂ ਤੋਂ 29 ਦਿਨਾਂ ਦਾ ਕਰਕੇ ਸਾਲ 366 ਦਿਨਾਂ ਦਾ ਬਣਾ ਦਿਤਾ ਗਿਆ॥ ਸਾਲ ਨੂੰ ਤਕਨੀਕੀ ਆਧਾਰ ਤੇ ਮਿਤੀ ਦੇ ਕੇ ਸਮੇਂ ਨੂੰ ਸਾਲ, ਮਹੀਨੇ, ਦਿਨ, ਘੰਟੇ,ਮਿੰਟ ਤੇ ਸੈਕਿੰਡ ਦੇ ਕੇ ਇਕ ਥਾਂ ਤੇ ਨੀਯਤ ਕਰ ਦਿਤਾ ਗਿਆ ਜਿਸ ਨੂੰ ਕੈਲੰਡਰ ਦਾ ਨਾਮ ਦਿਤਾ ਗਿਆ ਜਿਸ ਨਾਲ ਸਾਲ ਦੇ ਕਿਸ ਦਿਨ ਨੂੰ ਕੀ ਵਾਰ ਸੀ ਜਾਨਣਾ ਬਹੂਤ ਹੀ ਸੌਖਾ ਹੋ ਗਿਆ॥ ਜਿਵੇਂ ਮਿਤੀ 01-01-1001 ਨੂੰ ਵੀਰਵਾਰ ਸੀ ਤੇ 01-01-2100 ਨੂੰ ਸ਼ੁਕਰਵਾਰ ਹੋਵੇਗਾ॥

4- ਗਣਿਤ ਅਨੁਸਾਰ ਕੈਲੰਡਰ ਦੀ ਵਿਧੀ ਨਾਲ ਵਾਰ ਕੱਢਣਾ॥ ਮਨ ਲਓ ਮਿਤੀ 31-01-2018:

2000 ਸਾਲਾਂ ਵਿੱਚ ਵਾਧੂ ਦਿਨ- 000 (400 ਤੇ ਵੰਡ ਹੋਣ ਵਾਲੀ ਸਦੀ ਦਾ ਕੋਈ ਵਾਧੂ ਦਿਨ ਨਹੀਂ

000 (100 ਸਾਲ ਦੇ 5 ਦਿਨ ਵਧਦੇ ਹਨ ਏਥੇ ਕੋਈ ਸੈਂਕੜਾ ਨਹੀਂ

17 ਲੀਪ ਦੇ ਸਾਲਾਂ ਦੇ ਵਾਧੂ ਦਿਨ × 4 ( 17/4/4 ਬਾਕੀ 1 ਬਾਕੀ ਛਡ ਦਿਓ ਉਤਰ ਰਖੋ

17 ਸਾਲਾਂ ਵਿੱਚ ਬਣਦੇ ਵਾਧੂ ਦਿਨ- 3 (17 ਜਾਂ 17/7/2 ਬਾਕੀ 3/ ਵਾਧੂ ਦਿਨ॥

2018 ਜਨਵਰੀ ਦੇ ਵਾਧੂ ਦਿਨ- 3 (31 ਜਾਂ 7 ਨਾਲ ਭਾਗ ਕਰਕੇ 3)

ਕੁੱਲ ਜੋੜ- 10 ( 7 ਤੇ ਭਾਗ ਕਰਕੇ ਬਾਕੀ 3 ਉੱਤਰ ਬੁੱਧਵਾਰ ॥

ਦਿਨਾਂ ਦਾ ਕੋਡ; ਜੋੜ ਨੂੰ 7 ਨਾਲ ਭਾਗ ਕੀਤਿਆਂ 0 ਆਵੇ ਤਾਂ ਐਤਵਾਰ 1 ਆਵੇ ਤਾਂ ਸੋਮਵਾਰ, 6 ਆਵੇ ਤਾਂ ਸ਼ਨਿੱਚਰਵਾਰ॥ ਇਸ ਵਿਧੀ ਨਾਲ ਈ. ਸੰਨ ਦੇ ਕਿਸੇ ਵੀ ਸਾਲ ਦੀ ਮਿਤੀ ਦੇ ਦਿਨਵਾਰ ਨੂੰ ਜਾਣਿਆ ਜਾ ਸਕਦਾ ਹੈ ਜਿਵੇਂ 19-01- 2019 ਨੂੰ ਸ਼ਨਿਚਰਵਾਰ, 01-01-2020 ਨੂੰ ਬੁੱਧਵਾਰ, 01-01-2200 ਨੂੰ ਵੀ ਬੁੱਧਵਾਰ ਆ ਜਾਂਦਾ ਹੈ॥

5- ਪਰ ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਹਰ ਸਾਲ 25 ਜਨਵਰੀ, 1377 ਈ. ਅਨੁਸਾਰ ਸੌਰ ਵਰਸ਼ (ਸੂਰਜੀ ਸਾਲ) ਅਨੁਸਾਰ ਨਾ ਮਨਾਂ ਕੇ ਚੰਦਰਵਰਸ਼(ਚੰਦ ਦਾ ਸਾਲ) ਮਾਘ ਸੁਦੀ ਪੰਦਰਾਸ ਸੰਮਤ 1433 ਬਿਕਰਮੀ ਅਨੁਸਾਰ ਮਨ-ਾਇਆ ਜਾਂਦਾ ਹੈ॥ ਏਸੇ ਕਰਕੇ ਗੁਰੁ ਜੀ ਦਾ ਜਨਮ ਦਿਹਾੜਾ ਹਰ ਸਾਲ ਅਦਲ ਬਦਲ ਮਿਤੀਆਂ ਨੂੰ ਆਂਉਂਦਾ ਹੈ ॥ ਇਹ ਚੱਕਰ ਕਿਉਂ ਚਲਦਾ ਹੈ ਕਿਉ-ਂਕਿ ਸੂਰਜੀ ਵਰ੍ਹੇ ਅਤੇ ਚੰਦਰ ਵਰ੍ਹੇ ਵਿੱਚ ਸਮੇਂ ਦਾ ਅੰਤਰ ਪਾਇਆ ਜਾਂਦਾ ਹੈ॥ ਵੇਖੋ ਨਿਮਨ ਸਾਰਣੀ :--

| ਵਰਸ਼ ਦਾ ਨਾਮ- | ਦਿਨ - | ਘੰਟੇ - | ਮਿੰਟ - | ਸੈਕਿੰਡ |
|---|---|---|---|---|
| ਸੂਰਜੀ ਵਰਸ਼- | 365 | 05 | 45 | 46 |
| ਚੰਦਰ ਵਰਸ਼- | 354 | 08 | 46 | 36 |
| ਦੋਹਾਂ ਦਾ ਅੰਤਰ- | 10 | 20 | 59 | 36 |

(ਲਗਭਗ 10 ਦਿਨ 21 ਘੰਟੇ)

ਇਸ ਸੂਰਜ ਦੀ ਗਤੀ ਅਤੇ ਚੰਨ ਦੀ ਗਤੀ ਨਾਲ ਮਿਥੇ ਸਮੇਂ ਅਨੁਸਾਰ ਪਹਿਲਾਂ ਚੰਨ ਦੀਆਂ ਗਤੀਆਂ ਅਨੁਸਾਰ 15 ਮਾਘ ਪੂਰਨਮਾਸ਼ੀ ਦਾ ਦਿਨ ਲੱਭਿਆ ਜਾਂਦਾ ਹੈ ਫਿਰ ਉਸ ਨੂੰ ਸੂਰਜੀ ਵਰ੍ਹੇ ਅਨੁਸਾਰ ਨਿਸਚਿਤ ਕੀਤਾ ਜਾਂਦਾ ਹੈ॥ ਦੋਹਾਂ ਵਰਿਆਂ ਵਿੱਚ 10 ਦਿਨ 21 ਘੰਟੇ ਦਾ ਅੰਤਰ ਹੋਣ ਕਰਕੇ ਈਸਵੀ ਸੂਰਜੀ ਸੰਨ(ਸਾਲ) ਦੀ ਮਿਤੀ ਬਦਲਦੀ ਰੰਹਿੰਦੀ ਹੈ॥ ਜਿਥੇ ਸੂਰਜ ਦੇ ਸਾਲ ਦੇ 12 ਮਹੀਨੇ ਬੀਤਦੇ ਹਨ ਉਥੇ ਚੰਦ ਦੇ ਵਰ੍ਹੇ ਦੇ 12 ਮਹੀਨੇ 10 ਦਿਨ 21 ਘੰਟੇ ਬਣਦੇ ਹਨ॥ ਇਹਨਾਂ ਦੋਹਾਂ ਵਰਿਆਂ ਨੂੰ ਸਮਾਨਤਾ ਦੇਣ ਲਈ ਹਰ ਤੀਜੇ ਸਾਲ ਇਕ ਚੰਦਰ ਮਹੀਨਾ ਵੱਧ ਜਾਂਦਾ ਹੈ॥ ਭਾਵ ਚੰਨ ਦਾ ਹਰ ਤੀਜਾ ਸਾਲ 13 ਮਹੀਨਿਆਂ ਦਾ ਹੋ ਜਾਂਦਾ ਹੈ॥

ਇਸ ਤਰਾਂ 15 ਮਾਘ ਪੂਰਨਮਾਸ਼ੀ ਅੱਗੇ ਚਲ਼ਿਆ ਜਾਂਦਾ ਹੈ ਤੇ ਸੂਰਜੀ ਮਹੀਨਾ ਪਹਿਲਾਂ ਆ ਜਾਣ ਕਰਕੇ 15 ਮਾਘ ਦੀ ਜਨਮ ਮਿਤੀ ਪਹਿਲਾਂ ਆ ਜਾਂਦੀ ਹੈ॥ ਫਿਰ ਦੂਜੇ ਸਾਲ ਅੱਗੇ ਵਧਦੀ ਹੈ ਫਿਰ ਤੀਜੇ ਸਾਲ ਪਿੱਛੇ ਚਲੀ ਜਾਂਦੀ ਹੈ॥ ਏਹੋ ਕਾਰਨ ਹੈ ਕਿ ਇਸ ਤਰਾਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਸੂਰਜੀ ਵਰ੍ਹੇ ਦੇ ਜਨਮ ਦਿਹਾੜੇ ਵਿੱਚ ਸਥਿਰਤਾ ਨਹੀਂ ਰਹਿੰਦੀ ਜੋ ਇਕ ਘਾਟ ਹੈ॥ ਭੰਬਲ ਭੂਸਾ ਹੈ। ਭੁੱਲ ਭਲਈਆਂ ਹੈ ਤੇ ਸੇਵਕਾਂ ਲਈ ਜਨਮ ਮਿਤੀ ਯਾਦ ਰੱਖਣ ਦੀ ਇਕ ਕਠਿਨਾਈ॥

6- ਇਹ ਜਾਨਣਾ ਹੋਵੇ ਕਿਸਤਿਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਪੁਰਬ ਕਿਹੜੇ ਵਰ੍ਹੇ ਕਿਸ ਮਿਤੀ ਨੂੰ ਆਵੇਗਾ ਇਸ ਦਾ ਪਤਾ ਸਾਨੂੰ ਜੰਤਰੀਆਂ, ਡਾਇਰੀਆਂ, ਕੈਲੰਡਰਾਂ ਤੋਂ ਖੋਜਣਾ ਪੈਂਦਾ ਹੈ ॥ ਇਹ ਇਕ ਕਠਨ, ਸ਼ਰਮਿੰਦਗੀ ਵਾਲਾ, ਮੱਥਾ ਮਾਰ ਕਾਰਜ ਹੈ॥ ਸਾਨੂੰ ਦੂਜਿਆਂ ਤੇ ਨਿਭਰ ਹੋਣਾ ਪੈਂਦਾ ਹੈ ॥ ਜੇ ਕਰ ਅਸੀਂ ਸਤਿਗੁਰ ਜੀ ਦਾ ਜਨਮ ਦਿਹਾੜਾ ਪਿਛਲੇ ਬੀਤੇ ਸਾਲਾਂ ਵਿੱਚ ਲੱਭਣਾ ਹੋਵੇ ਤਾਂ ਅਸੀਂ ਪੂਰਨ ਰੂਪ ਵਿੱਚ ਹਨੇਰੇ ਵਿੱਚ ਗੁੰਮ ਹੋ ਜਾਂਦੇ ਹਾਂ, ਭਟਕਦੇ ਰਹਿ ਜਾਂਦੇ ਹਾਂ ਤਾਂ ਵੀ ਸਾਨੂੰ ਪਤਾ ਨਹੀਂ ਲਗ ਸਕਦਾ॥ ਇਹਨਾਂ ਦਿਨਾਂ ਦਾ ਵੇਰਵਾ ਜਾਨਣ ਲਈ ਸਾਨੂੰ ਜੰਤਰੀਆਂ ਦਾ ਦਾਸ ਹੋਣਾ ਪੈਂਦਾ ਹੈ॥ ਜੋ ਅਨਪੜ ਹੋਵੇਗਾ ਉਹ ਕੀ ਕਰੇਗਾ॥ ਇਸ ਲਈ ਸਾਨੂੰ ਆਪਣੇ ਸਤਿਕਾਰਯੋਗ ਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਇਕ ਨਿਸਚਿਤ/ਸਥਿੱਰ ਮਿਤੀ ਨੂੰ ਨਿਰਧਾਰਿਤ ਕਰਨਾਂ ਚਾਹੀਦਾ ਹੈ॥ ਤਾਂ ਜੋ ਅਸੀਂ ਸੌਖਿਆਂ ਹੀ ਲੱਭ ਸਕੀਏ ਕਿ ਬੀਤੇ ਪਿਛਲੇ ਵਰਿਆਂ ਵਿੱਚ ਇਹ ਦਿਹਾੜਾ ਕਦੋਂ ਮਨਾਇਆ ਸੀ॥ ਉਸ ਦਿਨ ਅਸੀਂ ਕਿਥੇ ਸੀ, ਉਸ ਦਿਹਾੜੇ ਅਸੀਂ ਹੋਰ ਕੋਈ ਕਿਹੜਾ ਕਾਰਜ ਕੀਤਾ, ਉਸ ਵਰ੍ਹੇ ਅਸੀਂ ਕਿਸ-ਕਿਸ ਨੂੰ ਮਿਲੇ॥ ਇਹ ਅਮੁੱਲੀ ਯਾਦ ਸਾਡੀ ਯਾਦ ਸ਼ਕਤੀ ਵਿੱਚ ਕਿਸੇ ਵਿਸ਼ੇਸ਼ ਉਦਮ ਤੋਂ ਬਿਨਾ ਹੀ ਬਣੀ ਰਹੇਗੀ॥ ਉਹ ਦਿਹਾੜਾ ਮਿੱਠੀ ਯਾਦ ਬਣਿਆ ਰਹੇਗਾ॥ ਏਸੇ ਪ੍ਰਕਾਰ ਅਸੀਂ ਇਹ ਜਾਨਣਾ ਹੋਵੇ ਕਿ ਸਤਿਗੁਰੂ ਜੀ ਦਾ ਆਉਣ ਵਾਲੇ ਸਮੇਂ ਵਿੱਚ ਪਾਵਨ ਦਿਹਾੜਾ ਕਦੋਂ ਆਉਂਣਾ ਹੈ॥ ਇਹ ਸਾਡੀ ਬੁੱਧੀ ਜਾਂ ਦਿਮਾਗ ਦੇ ਪਟਲ ਤੇ ਪਹਿਲਾਂ ਹੀ ਲਿਖਿਆ ਹੋਇਆ ਮਿਲੇਗਾ ਤੇ ਅਸੀਂ ਝੱਟ ਆਪਣੀ ਭਵਿਖ ਦੀ ਕਾਰਜ ਪ੍ਰਣਾਲੀ ਘੜ੍ਹ ਲਵਾਂਗੇ॥ ਕਿਸ-ਕਿਸ ਨੂੰ ਮਿਲਣਾ, ਕਿਥੇ ਕਿਥੇ ਜਾਣਾ ਨਿ-ਸਚਿਤ ਹੋ ਜਾਵੇਗਾ॥ ਆਪਣੇ ਜਾਣ ਵਾਸਤੇ ਕਦੋਂ ਛੁੱਟੀ ਲਈ ਬੇਨਤੀ ਪੱਤਰ ਦੇਣਾ ਹੈ॥

ਅਸੀਂ ਪ੍ਰਦੇਸ਼ ਤੋਂ ਆਪਣੇ ਦੇਸ਼ ਕਦੋਂ ਜਾਣਾ ਹੈ॥ ਭਵਿਖ ਦੇ ਕਾਰਜ ਲਈ ਵਿਉਂਤਬੰਦੀ ਸਾਡੇ ਦਿਮਾਗ਼ ਦੇ ਪਟਲ ਤੇ ਕੁੱਝ ਸੈਕਿੰਟਾਂ ਵਿੱਚ ਹੀ ਸਥਾਈ ਰੂਪ ਵਿੱਚ ਉੱਕਰ ਜਾਵੇਗੀ॥ ਪਾਠਕੋ ! ਥੋੜਾ ਜਿਹਾ ਸੋਚ ਕੇ ਦੱਸੋ ਕੀ ਇਹ ਸਰਲ ਪ੍ਰਾਪਤੀ ਸਾਨੂੰ ਹਰ ਵਰ੍ਹੇ ਅਨਿਸਚਿਤ ਮਿਤੀਆਂ ਮਨਾਉਣ ਨਾਲ ਪ੍ਰਾਪਤ ਹੋਵੇਗੀ? ਜੇ ਨਹੀਂ !!! ਤਾਂ ਆਓ ਅਸੀਂ ਆਪਣੇ ਪੂਜਣ ਯੋਗ ਗੁਰੂ ਸਤਿਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਮਨ-ਾਉਂਣ ਦੀ ਪਾਵਨ ਮਿਤੀ ਨੂੰ ਹਰ ਵਰ੍ਹੇ ਲਈ ਨਿਸਚਿਤ ਕਰਕੇ ਮਨਾਈਏ॥ ਏਹੋ ਨਿਸਚਿਤ ਮਿਤੀਆਂ ਸਰਵ ਸ੍ਰੀ ਸਤਿਗੁਰੂ, ਸਤਿਗੁਰਕਬੀਰ ਜੀ,ਸਤਿਗੁਰਨਾਮਦੇਵ ਜੀ, ਅਤੇ ਹੋਰ ਗੁਰੂ ਸਾਹਿਬਾਨਾ ਪ੍ਰਤੀ ਵੀ ਮਿਥੀਆਂ ਜਾਣ ਤਾਂ ਜੋ ਸਮਾਜ ਵਿੱਚ ਸ਼ਾਂਤੀ ਅਤੇ ਏਕਤਾ ਦਾ ਵਾਤਾਵਰਣ ਬਣ ਸਕੇ॥

7- ਅਸੀਂ ਆਪਣੇ ਗੁਰੂ ਰਵਿਦਾਸ ਜੀ ਦਾ ਪਾਵਨ ਪੁਰਬ ਈ: ਸੰਨ ਅਨੁਸਾਰ ਗੁਰੂ ਮਹਾਰਾਜ ਜੀ ਦੀ ਨਾਮ ਲੇਵਾ ਸੰਗਤ ਦੇ ਚਰਨਾਂ ਵਿੱਚ ਕਿਉਂ ਰੱਖ ਰਹੇ ਹਾਂ ॥ ਇਸ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਅਸੀਂ ਆਪਣਾਂ ਹਰ ਇਕ ਕਾਰਜ , ਜਨਮ ਦਿਹਾੜੇ,ਇਤਿਹਾਸ ਦੀਆਂ ਘਟਨਾਂਵਾਂ ਦੀਆਂ ਮਿਤੀਆਂ, ਰਾਜਨੇਤਾਵਾਂ ਦੀਆਂ ਜਨਮ-ਮਰਨ ਮਿਤੀਆਂ,ਭਾਰਤ ਦਾ ਗਣ-ਤੰਤਰ ਤੇ ਸਵਤੰਤਰ ਦਿਵਸ ਅਤੇ ਹੋਰ ਸਾਰੇ ਸੰਸਾਰ ਦੇ ਦੇਸ਼ ਆਪਣੇ ਆਪਣੇ ਦੇਸ਼ ਦੀਆਂ ਘਟਨਾਂਵਾਂ ਏਸੇ ਈਸਵੀ ਸੰਨ ਦੀਆਂ ਮਿਤੀਆਂ ਨਿਸਚਿਤ ਕਰਕੇ ਮਨਾਉਂਦੇ ਹਨ॥ ਅਸੀਂ ਕਿਉਂ ਨਹੀਂ? ਇਸ ਸਮੱਸਿਆ ਦੇ ਹੱਲ ਲਈ ਕਿਸੇ ਜਨਮ ਮਿਤੀ ਜਾਂ ਘਟਨਾਂ ਨੂੰ ਸੌਰ ਵਰ੍ਹੇ (ਸੂਰਜੀ ਸਾਲ) ਅਨੁਸਾਰ ਮਨਾਉਣਾ ਹੀ ਉਚਿਤ, ਢੁੱਕਵਾਂ ਤੇ ਸਹੀ ਹੈ॥


8- ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਂਣਾ ਵੀ ਚਰਚਾ ਵਿੱਚ ਹੈ॥ ਇਹ ਦਿਹਾੜਾ ਪੋਹ ਸੁਦੀ 7 ਨੂੰ ਮਨਾਇਆ ਜਾਂਦਾ ਹੈ॥ ਇਹ ਮਿਤੀ ਈ: ਸੰਨ ਵਿੱਚ ਕਦੀ ਦੋ ਵਾਰੀ ਆ ਜਾਂਦੀ ਹੈ, ਕਦੀ ਸਾਲ ਵਿੱਚ ਆਉਂਦੀ ਹੀ ਨਹੀਂ॥ ਜਿਵੇਂ ਕਿ ਸੰਨ 2015, ਜਨਮ ਦਿਹਾੜਾ ਆਇਆ ਹੀ ਨਹੀਂ ॥ ਸਨ 2016, ਵਿਚ 16 ਜਨਵਰੀ, 384 ਦਿਨਾਂ ਬਾਅਦ॥ ਸੰਨ 2017, 5 ਜਨਵਰੀ, ਅਤੇ 25 ਦਸੰਬਰ, 354 ਅਤੇ 354 ਦਿਨਾਂ ਬਾਅਦ, ਸਾਲ ਵਿੱਚ ਦੋ ਵਾਰੀ॥ ਸਨ 2018, ਪ੍ਰਕਾਸ਼ ਦਿਵਸ ਆਇਆ ਹੀ ਨਹੀਂ ॥

ਭਾਵੇਂ ਧਾਰਮਿਕ ਆਗੁਆਂ 25, ਦਸੰਬਰ 2017 ਮਿਤੀ ਨਿਯਤ ਕੀਤੀ ਸੀ ਪਰ ਸੰਗਤ ਨੇ ਦਿਹਾੜਾ 5 ਜਨਵਰੀ 2018 ਨੂੰ ਮਨਾਇਆ॥ ਭਾਈਚਾਰਾ ਵੰਡਿਆ ਗਿਆ॥ ਅਜੇਹੀਆਂ ਕਠਿਨਾਈਆਂ ਨੂੰ ਦੂਰ ਕਰਨ ਦਾ ਇਕੋ ਇਕ ਉਪਰਾਲਾ ਆਪਣੇ ਗੁਰੂ ਸਾਹਿਬਾਨਾ ਦਾ ਪ੍ਰਕਾਸ਼ ਦਿਹੜਿਆਂ ਨੂੰ ਈਸਵੀ ਸੰਨ ਅਨੁਸਾਰ ਇਕ ਨਿਸ਼ਚਿਤ ਮਿਤੀ ਨੂੰ ਹਰ ਸਾਲ ਨਿਯਮ ਨਾਲ ਮਨਾਈਏ॥

**ਸੇਵਕ:- ਰਾਮਧਨ ਨਾਂਗਲੂ, ਮਹੱਲਾ ਨਵੀਂ ਆਬਾਦੀ ਭੋਗਪੁਰ (ਜਲੰਧਰ ) ਮਿਤੀ 15-10-2018**

# ਅੰਗਰੇਜ਼ੀ ਮੁਕਾਬਲਾ ਜਿੱਤਣ ਤੇ ਰੀਆ ਬਾਵਾ ਦਾ ਸਨਮਾਨ

**ਭਵਾਨੀਗੜ, (ਚਮਨਦੀਪ ਸ਼ਰਮਾ)** ਇੱਥੋਂ ਨਜ਼ਦੀਕ ਸਰਕਾਰੀ ਹਾਈ ਸਮਾਰਟ ਸਕੂਲ ਫਤਹਿਗੜ ਭਾਦਸੋਂ ਦੇ ਮੁੱਖ ਅਧਿਆਪਕ ਸੁਖਵਿੰਦਰਪਾਲ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਕੂਲ ਦੀ ਨੌਵੀਂ ਕਲਾਸ ਵਿੱਚ ਪੜ੍ਹਦੀ ਵਿਦਿਆਰਥਣ ਰੀਆ ਬਾਵਾ ਨੇ ਅੰਗਰੇਜ਼ੀ ਬੋਲਣ ਦੇ ਕਰਵਾਏ ਗਏ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਇਹ ਮੁਕਾਬਲੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ ਤਹਿਤ ਬੱਚਿਆਂ ਵਿੱਚ ਅੰਗਰੇਜ਼ੀ ਬੋਲਣ ਦੀ ਪਰਪੱਕਤਾ ਦੇ ਲਈ ਰੋਜ਼ਾਨਾ ਆਨਲਾਈਨ ਹੋ ਰਹੇ ਹਨ। ਇਸ ਲਈ ਸਕੂਲ ਵਿੱਚ ਬਕਾਇਦਾ ਤੌਰ ਤੇ ਇੰਗਲਿਸ ਬੂਸਟਰ ਕਲੱਬ ਬਣਾਏ ਹੋਏ ਹਨ। ਉਹਨਾਂ ਦੱਸਿਆ ਕਿ ਇਸ ਸਫਲਤਾ ਦਾ ਸਿਹਰਾ ਗਾਈਡ ਅਧਿਆਪਕਾ ਡਿੰਪਲ ਸ਼ਰਮਾ ਨੂੰ ਜਾਂਦਾ ਹੈ। ਇਸ ਮੌਕੇ ਗਾਈਡ ਅਧਿਆਪਕਾ ਡਿੰਪਲ ਸ਼ਰਮਾ, ਅੰਗਰੇਜ਼ੀ ਮਿਸਟ੍ਰੈੱਸ ਨੇ



ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਇੰਗਲਿਸ ਬੂਸਟਰ ਕਲੱਬ ਦੇ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਸਕੂਲ ਦੇ ਦਸ ਵਿਦਿਆਰਥੀ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕਰ ਚੁੱਕੇ ਹਨ। ਇਹ ਮੁਕਾਬਲੇ ਪਹਿਲਾਂ ਸਕੂਲੀ ਪੱਧਰ ਤੇ ਕਰਨ ਉਪਰੰਤ ਬਲਾਕ ਅਤੇ ਜਿਲ੍ਹਾ ਪੱਧਰ ਤੇ ਆਯੋਜਿਤ ਹੁੰਦੇ ਹਨ। ਇਸ ਦੀ ਤਿਆਰੀ ਸਬੰਧੀ ਸਟੇਟ ਟੀਮ ਵੱਲੋਂ ਹਫਤਾ ਪਹਿਲਾ ਹੀ ਕੰਨਟੈਂਟ ਭੇਜ਼ ਦਿੱਤਾ ਜਾਂਦਾ ਹੈ। ਇਸ ਸਫਲਤਾ ਦੇ ਲਈ ਜਿਲਾ ਸਿੱਖਿਆ ਅਫਸਰ (ਸੈਸਿ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਮ੍ਰਿਤਪਾਲ ਸਿੰਘ, ਬਲਾਕ ਨੋਡਲ ਅਫਸਰ ਪ੍ਰੀਤਇੰਦਰ ਘਈ, ਡੀਐੱਮ ਅੰਗਰੇਜ਼ੀ ਦਵਿੰਦਰ ਸਿੰਘ, ਮਾਲਵਿੰਦਰ ਸਿੰਘ ਐੱਸ ਐੱਸ ਮਾਸਟਰ, ਪਰਵਿੰਦਰ ਕੌਰ, ਨਿਤਾਸ਼ਾ ਗਰਗ, ਅਮਨ ਗਰਗ ਕੰਪਿਊਟਰ ਅਧਿਆਪਕ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop